# ਗੈਂਡੇ



ਨਾਟਕਕਾਰ: ਯੂਜੀਨ ਆਇਉਨੈਸਕੋ

ਪੰਜਾਬੀ ਰੂਪ: ਬਲਰਾਮ

# ਗੈਂਡੇ

(ਨਾਟਕ)

ਨਾਟਕਕਾਰ

ਯੂਜੀਨ ਆਇਨੈਸਕੋ

ਪੰਜਾਬੀ ਰੂਪ

ਬਲਰਾਮ

GRACIOUS

©
Traslator

Gainde
Play
by
Eugène Ionesco

Translated in Punjabi
by
Balram

ISBN : 978-93-87276-03-1
Year : 2018
Price : 150 (PB)
250 (HB)

Published By
**Gracious Books**
Office : LIG-13 Phase-I Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At : D. K. Fine Art Press

# ਅਨੁਵਾਦਕ ਦੀਆਂ ਚੁਣੌਤੀਆਂ

ਹਰ ਅਨੁਵਾਦ ਦੀਆਂ ਆਪਣੀਆਂ ਵੱਖਰੀਆਂ ਚੁਣੌਤੀਆਂ ਹੁੰਦੀਆਂ ਹਨ, ਕੁਝ ਪ੍ਰਤੱਖ ਤੇ ਕੁਝ ਮਹੀਨ। ਇੱਕ ਸਪਸ਼ਟ ਫ਼ਰਕ ਤਾਂ ਇਹੋ ਹੈ ਕਿ ਉਹ ਅਨੁਵਾਦ ਕਵਿਤਾ 'ਚੋਂ ਹੋ ਰਿਹਾ ਹੈ ਜਾਂ ਵਾਰਤਕ 'ਚੋਂ। ਸਭ ਜਾਣਦੇ ਹਨ ਕਿ ਧੁਨੀ, ਨਾਦ ਜਾਂ ਵਾਕ ਦੀ ਭਾਵ ਬਣਤਰ ਨੂੰ ਜੋ ਥਾਂ ਕਵਿਤਾ 'ਚ ਹਾਸਿਲ ਹੈ ਉਹ ਵਾਰਤਕ 'ਚ ਨਹੀਂ ਹੋ ਸਕਦੀ। ਅਨੁਵਾਦਕ ਨੇ ਇਹ ਵੀ ਨਿਰਣਾ ਲੈਣਾ ਹੁੰਦਾ ਹੈ ਕਿ ਜੇ ਅਨੁਵਾਦ ਕਵਿਤਾ ਤੋਂ ਹੈ ਤਾਂ ਉਸਨੇ ਕਾਵਿ-ਮੀਟਰ ਨੂੰ ਪਹਿਲ ਦੇਣੀ ਹੈ ਜਾਂ ਸੰਵਾਦ ਵਿਚਲੀ ਮਨੋ-ਤੀਬਰਤਾ ਨੂੰ। ਇਹ ਸਭ ਚੁਣੌਤੀਆਂ ਸਭਿਆਚਾਰਕ ਰੂਪਾਂਤਰਨ ਨਾਲ ਜੁੜੇ ਪ੍ਰਤੱਖ ਮਸਲਿਆਂ ਨਾਲੋਂ ਥੋੜ੍ਹਾ ਜ਼ਿਆਦਾ ਸੂਖ਼ਮ ਹਨ। ਇੱਥੇ ਮੈਂ ਇਸੇ ਤਰ੍ਹਾਂ ਦੇ ਕੁਝ ਹੋਰ ਮਹੀਨ ਫ਼ਰਕਾਂ ਦੀ ਗੱਲ ਕਰਨੀ ਚਾਹੁੰਦਾ ਹਾਂ।

ਮਸਲਨ ਸ਼ੇਕਸਪੀਅਰ ਨੂੰ ਅਨੁਵਾਦ ਕਰਦੇ ਹੋਏ ਮੈਂ ਉਸਦੇ ਸੰਵਾਦਾਂ ਤੇ ਮਨਬਚਨੀਆਂ ਦਾ ਗਲੋਬ ਥਿਏਟਰ ਦੀ ਬਣਤਰ ਨਾਲ ਇੱਕ ਡੂੰਘਾ ਰਿਸ਼ਤਾ ਮਹਿਸੂਸ ਕੀਤਾ ਹੈ। ਪਰ ਅਨੁਵਾਦਕ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਨਵੀ ਭਾਸ਼ਾ 'ਚ ਆਉਣ ਤੋਂ ਬਾਅਦ ਉਸ ਨਾਟਕ ਨੂੰ ਗਲੋਬ ਥਿਏਟਰ ਦੀ ਗਹਿਰਾਈ, ਉਚਾਈ ਵਾਲੀ ਇਮਾਰਤ ਹਾਸਿਲ ਨਹੀਂ ਹੋਏਗੀ । ਸੋ ਉਸਦੇ ਸਾਹਮਣੇ ਇਹ ਚੁਣੌਤੀ ਹੁੰਦੀ ਹੈ ਕਿ ਵੱਖਰੀ ਤਰ੍ਹਾਂ ਦੇ ਰੰਗਮੰਚ ਲਈ ਉਹ ਦ੍ਰਿਸ਼ਾਂ ਤੇ ਸੰਵਾਦਾਂ ਨੂੰ ਕਿਸ ਹੱਦ ਤੱਕ ਮੁੜ ਉਸਾਰੇ ਤਾਂ ਜੋ ਉਨ੍ਹਾਂ ਦਾ ਮਾਨਸਿਕ ਪ੍ਰਭਾਵ ਢਿੱਲਾ ਨਾ ਪਵੇ ਤੇ ਨਾਟਕ ਦੀ ਰਫ਼ਤਾਰ ਵੀ ਪ੍ਰਭਾਵਿਤ ਨਾ ਹੋਵੇ।

ਦੂਜੀ ਮਿਸਾਲ ਬ੍ਰੈਖਤ ਦੀ ਲਈ ਜਾ ਸਕਦੀ ਹੈ ? ਬ੍ਰੈਖਤ ਦੀ ਨਾਟਕਕਾਰੀ 'ਚ 'ਵਿਯੋਗ-ਸਿਰਜਣ'(Alienation), ਐਂਟੀ-ਹੀਰੋ ਵਰਗੇ ਕਈ ਅਜਿਹੇ ਦਾਰਸ਼ਨਿਕ ਸੰਕਲਪ ਗੁੰਦੇ ਹੁੰਦੇ ਹਨ, ਜਿਨ੍ਹਾ ਨੂੰ ਉਸਦੀ ਪਾਤਰ ਉਸਾਰੀ ਤੇ ਨਾਟਕੀ ਪਲਾਟ ਤੇ ਥੀਮ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸੋ ਅਨੁਵਾਦਕ ਦੇ ਸਾਹਮਣੇ ਬ੍ਰੈਖਤ ਦੀ ਉਸ ਵਿਲੱਖਣ ਦਾਰਸ਼ਨਿਕ ਤੇ ਸੁਹਜਾਤਮਕ ਸਮਝ ਨੂੰ ਵੀ ਬਰਕਰਾਰ ਰੱਖਣ ਦੀ ਚੁਣੌਤੀ ਹੁੰਦੀ ਹੈ ?

ਤੀਜੀ ਤੇ ਆਖ਼ਰੀ ਮਿਸਾਲ ਅਸੀਂ 'ਵੇਟਿੰਗ ਫ਼ਾਰ ਗੋਦੋ' ਦੀ ਉਸ ਲੰਬੀ ਸਪੀਚ ਦੀ ਲੈ ਸਕਦੇ ਹਾਂ, ਜਿਸਨੂੰ ਬੈਕਟ ਆਪਣੀ ਨਾਟਕ ਦੀ ਰੂਹ ਕਹਿੰਦਾ ਸੀ । ਇੱਥੇ ਅਨੁਵਾਦਕ ਦੇ ਸਾਹਮਣੇ ਇਹ ਚੁਣੌਤੀ ਹੁੰਦੀ ਹੈ ਕਿ ਉਹ ਬੈਕਟ ਦੇ ਅਰਥਾਂ 'ਚ ਜੀਵਨ ਦੀ ਊਲਜਲੂਲਤਾ ਨੂੰ ਉਘਾੜਣ ਲਈ ਭਾਸ਼ਾਈ ਵਿਆਕਰਣ ਦੀਆਂ ਸੀਮਾਵਾਂ ਨੂੰ ਤੋੜਦੇ ਹੋਏ ਮਨ ਦੇ ਉਸ ਧਰਾਤਲ ਤੱਕ ਲੈ ਕੇ ਜਾਵੇ, ਜਿੱਥੇ ਆਮ ਭਾਸ਼ਾ ਵਾਲੇ ਕੋਮੇ ਤੇ ਡੰਡੀਆਂ ਨਹੀਂ ਹਨ। ਇਸਤੋਂ ਬਿਨਾਂ ਉਹ ਸਤਹੀ ਅਰਥਹੀਣਤਾ

ਦੇ ਮਗਰ ਲੁਕੇ ਹੋਂਦ ਦੇ ਉਨ੍ਹਾਂ ਧਰਾਤਲਾਂ ਤੱਕ ਪਾਠਕ ਨੂੰ ਨਹੀਂ ਲੈ ਜਾ ਸਕਦਾ, ਜਿਨ੍ਹਾਂ ਲਈ ਉਹ ਨਾਟਕ ਲਿਖਿਆ ਗਿਆ ਹੈ।

ਜ਼ਾਹਿਰ ਹੈ ਕਿ ਇਸ ਤਰ੍ਹਾਂ ਦੀਆਂ ਚੁਣੌਤੀਆਂ ਅਨੇਕਾਂ ਹਨ, ਜਿਨ੍ਹਾਂ ਵੱਲ ਇੱਥੇ ਸਿਰਫ ਇਸ਼ਾਰੇ ਹੀ ਕਿਤੇ ਜਾ ਸਕਦੇ ਹਨ। ਹਰ ਅਨੁਵਾਦ ਦੀ ਆਪਣੀ ਇੱਕ ਵੱਖਰੀ ਤੇ ਸੱਜਰੀ ਚੁਣੌਤੀ ਹੁੰਦੀ ਹੈ, ਜਿਸਦਾ ਆਪਣਾ ਹੀ ਇੱਕ ਕੁੰਆਰਾਪਣ ਹੁੰਦਾ ਹੈ। ਇਸ ਬਿੰਦੂ 'ਤੇ ਅਤੀਤ ਦੇ ਤਜ਼ਰਬੇ ਤੇ ਗਿਆਨ ਦੀਆਂ ਸੀਮਾਵਾਂ ਹਰ ਵਾਰ ਸੱਜਰੇ ਹੀ ਤਰੀਕੇ ਨਾਲ ਉਜਾਗਰ ਹੁੰਦੀਆਂ ਹਨ। ਤੁਹਾਨੂੰ ਹਥਲੀ ਕਿਰਤ ਦੇ ਮੂਹਰੇ ਬੇਕਵਚ ਹੋ ਕੇ ਹਾਜ਼ਿਰ ਹੋਣਾ ਹੁੰਦਾ ਹੈ ਤੇ ਉਡੀਕਣਾ ਹੁੰਦਾ ਹੈ ਕਿ ਕਦੋਂ ਉਹ ਤੁਹਾਡੇ 'ਤੇ ਹਮਲਾ ਕਰੇ, ਤੇ ਇਸ ਦੌਰਾਨ ਜਾਗਦੇ ਰਹਿਣਾ ਹੁੰਦਾ ਹੈ।

ਇਸੇ ਤਰ੍ਹਾਂ ਇਸ ਵਾਰ ਵੀ ਹੋਇਆ, ਆਇਨੈਸਕੋ ਦੇ ਇਸ ਨਾਟਕ 'ਗੈਂਡੇ' ਦੇ ਅਨੁਵਾਦ ਲਈ ਮੈਂ ਕੋਈ ਵੀਹ ਸਾਲਾਂ ਤੋਂ ਵੱਧ ਉਡੀਕਿਆ ਹੈ, ਸ਼ੁਰੂ ਹੋਣ ਤੋਂ ਬਾਅਦ ਉਸਨੇ ਕੋਈ ਜ਼ਿਆਦਾ ਸਮਾਂ ਨਹੀਂ ਲਿਆ, ਪਰ ਸ਼ੁਰੂਆਤ ਹੀ ਇੰਨੀ ਲੰਮੀ ਟਲ਼ਦੀ ਚਲੀ ਗਈ। ਦਲਵੀਰ ਨੂੰ ਪਤਾ ਹੈ ਕਿ ਯੂਨੀਵਰਸਿਟੀ 'ਚ ਪੜ੍ਹਣ ਵੇਲੇ ਤੋਂ ਹੀ ਇਹ ਨਾਟਕ ਮੇਰੇ ਅੰਦਰ ਚਲਦਾ ਰਹਿੰਦਾ ਸੀ ਤੇ ਇਹ ਤੈਅ ਸੀ ਕਿ ਇਸਨੂੰ ਪੰਜਾਬੀ ਰੂਪ ਦੇਣਾ ਹੈ। ਇਸ ਚੋਣ ਦੇ ਪਿੱਛੇ ਫਾਸ਼ੀਵਾਦੀ ਯੂਰਪ ਦੇ ਸਮਿਆਂ ਨਾਲ ਭਾਰਤ ਦੇ ਸਿਆਸੀ-ਸਮਾਜੀ ਹਾਲਤਾਂ ਦੀ ਸਮਰੂਪਤਾ ਹੀ ਸੀ, ਜਿਹੜੀ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਬੜੀ ਤੇਜ਼ੀ ਨਾਲ ਵਧ ਰਹੀ ਸੀ ਤੇ ਪਿਛਲੇ ਦੋ-ਤਿੰਨ ਸਾਲਾਂ ਤੋਂ ਉਸਨੇ ਆਪਣੇ ਸਾਰੇ ਘੁੰਡ ਲਾਹ ਸੁੱਟੇ ਹਨ। ਸੋ ਹੁਣ ਹੋਰ ਟਾਲ਼ਣਾ ਮੁਮਕਿਨ ਨਹੀਂ ਸੀ। ਆਖ਼ਰੀ ਧੱਕਾ ਸੱਤਦੀਪ ਨੇ ਦਿੱਤਾ, ਨਾਟਕ ਨੂੰ ਛਪਾਉਣ ਦੀ ਜ਼ਿੰਮੇਦਾਰੀ ਉਸਨੇ ਲੈ ਲਈ, ਸੋ ਮੇਰੇ ਕੋਲ ਕੋਈ ਬਹਾਨਾ ਬਚਿਆ ਨਹੀਂ।

ਇੱਥੇ ਮੇਰੇ ਸਾਹਮਣੇ ਇੱਕੋ ਮਸਲਾ ਇਹ ਸੀ ਕਿ ਪਾਤਰਾਂ ਦੇ ਨਾਂ ਤਬਦੀਲ ਕਰਾਂ ਜਾਂ ਨਾ ਕਰਾਂ, ਆਖ਼ਿਰ ਗ਼ਲਤ ਜਾਂ ਸਹੀ ਮੈਂ ਮੌਲਿਕ ਨਾਵਾਂ ਨੂੰ ਰੱਖਣ ਦਾ ਹੀ ਫ਼ੈਸਲਾ ਲਿਆ ਹੈ, ਇਸਦੇ ਪਿੱਛੇ ਮੇਰੀ ਸਮਝ ਇਹ ਹੈ ਕਿ ਪਾਠਕ ਖ਼ੁਦ ਨਾਵਾਂ ਦੇ ਘੁੰਡ ਹਟਾ ਕੇ ਮਨੁੱਖ ਦੀ ਸਾਂਝੀ ਪੀੜ ਤਾਈਂ ਪਹੁੰਚਣ ਦੀ ਮੁਸ਼ੱਕਤ ਕਰੇਗਾ, ਜੋ ਕੁਝ ਜ਼ਿਆਦਾ ਨਹੀਂ ਹੋਵੇਗੀ। ਨਾਟਕ 'ਗੈਂਡੇ' ਮਨੁੱਖ ਦੀ ਮਰ ਰਹੀ ਸੰਵੇਦਨਾ ਤੇ ਉਸਨੂੰ ਹੋਣੀ ਮੰਨ ਲੈਣ ਦੀ ਕਹਾਣੀ ਹੈ। ਪਹਿਲਾ ਗੈਂਡਾ ਦਿਸਦਾ ਹੈ, ਜੋ ਮੰਚ 'ਤੇ ਵੀ ਨਹੀਂ ਆਉਂਦਾ, ਹਾਲੀ ਕਿਤੇ ਦੂਰ ਹੈ, ਪਰ ਸ਼ਹਿਰ 'ਚ ਤਰਥੱਲੀ ਮੱਚ ਜਾਂਦੀ ਹੈ, ਅਖ਼ਬਾਰਾਂ 'ਚ ਲੇਖ ਲੱਗਦੇ ਹਨ, ਦਫ਼ਤਰਾਂ 'ਚ ਬਹਿਸ ਹੁੰਦੀ ਹੈ। ਨਾਟਕੀ ਤੌਰ ਅੰਦਰ ਹੌਲੀ-ਹੌਲੀ ਇਹ ਦੂਰੀ ਘੱਟਦੀ ਹੈ, ਗੈਂਡਾ ਮੰਚ 'ਤੇ ਆਉਂਦਾ ਹੈ, ਪਰ ਹਾਲੇ ਦਫ਼ਤਰ ਦੇ ਬਾਹਰ ਹੈ, ਫੇਰ ਹੋਰ ਨੇੜੇ, ਦੋਸਤ ਦੇ ਘਰ ਤੇ ਫੇਰ ਆਪਣੇ ਹੀ ਘਰ ਤੱਕ ਆ ਪਹੁੰਚਦਾ ਹੈ। ਫੇਰ ਹੌਲੀ-ਹੌਲੀ ਹਰ ਬਿਲਡਿੰਗ, ਹਰ ਘਰ, ਹਰ ਗਲੀ ਤੇ ਸੜਕ 'ਤੇ ਗੈਂਡੇ ਹੀ ਗੈਂਡੇ ਹੋ ਜਾਂਦੇ ਹਨ। ਹਾਲਤ ਡਰਾਉਣੇ ਹਨ, ਪਰ ਹੁਣ ਲੋਕ ਉਨ੍ਹਾਂ 'ਤੇ ਹੈਰਾਨ ਹੋਣ ਦੀ ਬਜਾਏ ਜੋ ਗੈਂਡੇ ਨਾ ਹੋਣ ਦੀ ਜਿੱਦ ਫੜੀ

ਬੈਠੇ ਹਨ, ਉਨ੍ਹਾਂ 'ਤੇ ਹੈਰਾਨ ਹੁੰਦੇ ਹਨ।

ਨਾਟਕ 'ਚ ਇੱਕ ਗੱਲ ਸਾਫ਼ ਹੈ ਕਿ ਗੈਂਡਿਆਂ ਦੀ ਮੌਜੂਦਗੀ ਦਾ ਮਾਨਸਿਕ ਫ਼ਾਸਲਾ ਪੂਰੇ ਨਾਟਕ ਅੰਦਰ ਘੱਟਦਾ ਹੀ ਜਾਂਦਾ ਹੈ, ਤੇ ਉਸ ਵਕਤ ਬਿਲਕੁਲ ਜ਼ੀਰੋ ਨੂੰ ਹੀ ਛੂਹ ਲੈਂਦਾ ਹੈ ਜਦੋਂ ਨਾਇਕ ਦੀ ਪ੍ਰੇਮਿਕਾ ਤੋਂ ਵੀ ਗੈਂਡਾ ਹੋਣ ਦਾ ਮੋਹ ਨਹੀਂ ਛੱਡਿਆ ਜਾਂਦਾ, ਜਾਂ ਆਪਣੇ ਡਰ ਤੇ ਇਕੱਲੇ ਰਹਿ ਜਾਣ ਦੀ ਅਸੁਰੱਖਿਆ ਨੂੰ ਉਸ ਤੋਂ ਵੀ ਛੁਪਾਉਂਦੀ ਹੈ, ਤੇ ਨਾਇਕ ਨੂੰ ਛੱਡ ਕੇ ਚਲੀ ਜਾਂਦੀ ਹੈ। ਹੁਣ ਉਹ ਬਿਲਕੁਲ ਇਕੱਲਾ ਹੈ ਤੇ ਕਈ ਵਾਰ ਇੰਝ ਲੱਗਦਾ ਹੈ ਕਿ ਆਪਣੇ ਆਪ ਨੂੰ ਧਰਵਾਸੇ ਦੇ ਰਿਹਾ ਹੈ ਕਿ ਨਹੀਂ ਉਹ ਗੈਂਡਾ ਨਹੀਂ ਬਣੇਗਾ। ਪਰ ਪੂਰੇ ਨਾਟਕ ਵਿੱਚ ਨਾਟਕਕਾਰ ਇਸਦੀ ਗਰੰਟੀ ਲੈਂਦਾ ਨਹੀਂ ਦਿਖਦਾ, ਘੱਟੋ-ਘੱਟ ਮੈਨੂੰ ਤਾਂ ਇੰਜ ਹੀ ਲੱਗਿਆ ਹੈ। ਨਾਟਕਕਾਰ ਨੇ ਇਹ ਦਰਸਾਇਆ ਹੈ ਕਿ ਸਾਡੇ ਸਭਿਆਚਾਰ ਦੀ ਸਿਰਜੀ ਕੋਈ ਚੀਜ਼, ਭਾਵੇਂ ਗਿਆਨ ਹੋਵੇ ਜਾਂ ਤਰਕ, ਇੱਥੋਂ ਤੱਕ ਕਿ ਸੁਹਜ, ਵਿਗਿਆਨ, ਪ੍ਰਤਿਬੱਧਤਾ ਤੇ ਜਿਨਸੀ ਖਿੱਚ ਵੀ, ਇਸ ਗੱਲ ਦੀ ਗਰੰਟੀ ਨਹੀਂ ਦਿੰਦੀ ਕਿ ਤੁਸੀਂ ਗੈਂਡੇ ਹੋਣ ਤੋਂ ਮਹਿਫ਼ੂਜ਼ ਹੋ, ਖ਼ਤਰਾ ਤੁਹਾਡੇ ਸਾਹਮਣੇ ਨਹੀਂ, ਸ਼ਾਇਦ ਹੋਰ ਵੀ ਨੇੜੇ ਹੈ, ਕਿਤੇ ਅੰਦਰ ਹੈ, ਤੁਸੀਂ ਦਾਰੂ ਪੀ ਕੇ ਜਾਂ ਹੋਰ ਵੀ ਕਿਸੇ ਤਰੀਕੇ ਨਾਲ ਉਸਤੋਂ ਭੱਜ ਨਹੀਂ ਸਕਦੇ। ਨਾਟਕ ਦੇ ਅੰਤ 'ਚ ਨਾਇਕ ਖੁਦ ਨੂੰ ਹੀ ਹੌਂਸਲਾ ਦਿੰਦਾ ਦਿਖਦਾ ਹੈ, ਪਰ ਉਸਦਾ ਖ਼ਿਆਲ ਦਾਰੂ ਵੱਲ ਨਹੀਂ ਜਾਂਦਾ। ਨਾਟਕਕਾਰ ਨੇ ਨਾਇਕ ਤੇ ਸਾਨੂੰ ਸਾਰਿਆਂ ਨੂੰ ਇਸੇ ਮੋੜ 'ਤੇ ਛੱਡਿਆ ਹੈ, ਤੇ ਅਨੁਵਾਦਕ ਕੋਲ ਵੀ ਇਸਦਾ ਹੋਰ ਕੋਈ ਬਦਲ ਨਹੀਂ ਹੈ।

# ਪਾਤਰ ਸੂਚੀ

ਜੀਨ
ਬੇਰੰਜਰ
ਬਜ਼ੁਰਗ
ਬੁੱਢਾ
ਬੁੱਢੇ ਦੀ ਘਰਵਾਲੀ
ਮਾਲਕਣ
ਵੇਟਰ
ਤਰਕ-ਸ਼ਾਸਤਰੀ
ਕੈਫ਼ੇ ਵਾਲਾ
ਡੇਜ਼ੀ
ਡਯੂਡਾਰਡ
ਬੋਟਾਰਡ
ਮਿਸਿਜ਼ ਬਿਊਫ਼
ਪੈਪਿਲੋਂ
ਫ਼ਾਇਰ-ਮੈਨ

# ਐਕਟ ਪਹਿਲਾ

## ਦ੍ਰਿਸ਼ ਪਹਿਲਾ

ਦਰਮਿਆਨੇ ਜਿਹੇ ਸ਼ਹਿਰ ਦਾ ਇਕ ਚੌਂਕ। ਅੱਪ-ਸਟੇਜ 'ਤੇ ਇੱਕ ਇੱਕ-ਮੰਜ਼ਿਲਾ ਘਰ ਬਣਿਆ ਹੈ, ਜਿਸਦੇ ਗਰਾਊਂਡ ਫਲੋਰ 'ਤੇ ਕਿਰਿਆਨੇ ਦੀ ਦੁਕਾਨ ਹੈ। ਦੁਕਾਨ ਅੰਦਰ ਦਾਖ਼ਿਲ ਹੋਣ ਲਈ ਦੋ ਜਾਂ ਤਿੰਨ ਪੌੜੀਆਂ ਹਨ ਤੇ ਫੇਰ ਸ਼ੀਸ਼ੇ ਦਾ ਇੱਕ ਪਾਸੇ ਨੂੰ ਖੁੱਲ੍ਹਦਾ ਦਰਵਾਜ਼ਾ। ਦੁਕਾਨ ਦੇ ਸ਼ਟਰ ਉਪਰ 'ਐਪੀਕੇਰੀ' ਸ਼ਬਦ ਗੂੜ੍ਹੇ ਅੱਖਰਾਂ 'ਚ ਲਿਖਿਆ ਹੋਇਆ ਹੈ। ਉਪਰਲੀ ਮੰਜ਼ਿਲ 'ਤੇ ਕਰਿਆਨੇ ਵਾਲਾ ਤੇ ਉਸਦੀ ਘਰਵਾਲੀ ਰਹਿੰਦੇ ਹਨ, ਜਿਸ ਦੀਆਂ ਦੋ ਖਿੜਕੀਆਂ ਮੰਚ ਵਾਲੇ ਪਾਸੇ ਖੁੱਲ੍ਹਦੀਆਂ ਹਨ। ਦੁਕਾਨ ਅਪ-ਸਟੇਜ ਉੱਤੇ ਥੋੜ੍ਹਾ ਜਿਹਾ ਖੱਬੇ ਪਾਸੇ ਵੱਲ ਨੂੰ ਹੈ, ਵਿੰਗਜ਼ ਦੇ ਨੇੜੇ ਜਿਹੇ। ਦੂਰ ਘਰ ਦੀ ਉੱਪਰਲੀ ਮੰਜ਼ਿਲ ਦੇ ਪਿਛਲੇ ਪਾਸਿਓਂ ਕਿਸੇ ਚਰਚ ਦੀ ਮੀਨਾਰ ਨਜ਼ਰ ਆਉਂਦੀ ਹੈ। ਦੁਕਾਨ ਤੇ ਮੰਚ ਦੇ ਖੱਬੇ ਪਾਸੇ ਇੱਕ ਛੋਟੀ ਜਿਹੀ ਗਲੀ ਜਾਂਦੀ ਦਿਸਦੀ ਹੈ। ਸੱਜੇ ਵਾਲੇ ਪਾਸੇ ਥੋੜ੍ਹਾ ਜਿਹਾ ਤਿਰਛਾ ਕੈਫ਼ੇ ਦਾ ਫਰੰਟ ਹੈ। ਕੈਫ਼ੇ ਦੇ ਉੱਪਰ ਇਕ ਹੋਰ ਮੰਜ਼ਿਲ ਹੈ, ਜਿਸਦੀ ਖਿੜਕੀ ਮੰਚ ਵਾਲੇ ਪਾਸੇ ਨੂੰ ਖੁੱਲ੍ਹਦੀ ਹੈ। ਕੈਫ਼ੇ ਦੇ ਮੂਹਰੇ ਸੈਂਟਰ ਸਟੇਜ ਤਾਈਂ ਕੁਰਸੀਆਂ ਤੇ ਮੇਜ਼ ਲੱਗੇ ਹੋਏ ਹਨ, ਇਨ੍ਹਾਂ ਕੁਰਸੀਆਂ ਦੇ ਨਾਲ ਹੀ ਇਕ ਪੁਰਾਣਾ ਦਰਖ਼ਤ ਖੜ੍ਹਾ ਹੈ, ਜਿਸ 'ਤੇ ਧੂੜ ਚੜ੍ਹੀ ਹੈ। ਗਰਮੀਆਂ ਦੀ ਦੁਪਹਿਰ ਹੈ ਤੇ ਐਤਵਾਰ ਦਾ ਦਿਨ, ਅਸਮਾਨ ਦਾ ਰੰਗ ਨੀਲਾ ਹੈ ਤੇ ਚਿੱਟੀਆਂ ਲਿਸ਼ਕਦੀਆਂ ਕੰਧਾਂ 'ਤੇ ਤੇਜ਼ ਰੋਸ਼ਨੀ ਪੈ ਰਹੀ ਹੈ। ਜੋਨ ਤੇ ਬੇਰੰਜਰ ਇਨ੍ਹਾਂ ਹੀ ਕੁਰਸੀਆਂ 'ਚੋਂ ਕਿਸੇ ਇੱਕ 'ਤੇ ਆ ਕੇ ਬੈਠਣਗੇ।

(ਦੂਰੋਂ ਚਰਚ ਦੀਆਂ ਘੰਟੀਆਂ ਦੀ ਅਵਾਜ਼ ਸੁਣਾਈ ਪੈਂਦੀ ਹੈ, ਜਿਹੜੀ ਪਰਦਾ ਉੱਠਣ ਤੋਂ ਕੁਝ ਛਿਣ ਪਹਿਲਾਂ ਬੰਦ ਹੋ ਜਾਂਦੀ ਹੈ। ਪਰਦਾ ਉੱਠਣ 'ਤੇ ਇੱਕ ਔਰਤ ਇੱਕ ਹੱਥ 'ਚ ਸਮਾਨ ਦੀ ਟੋਕਰੀ ਤੇ ਬਗਲ 'ਚ ਬਿੱਲੀ ਲਈ ਚੁੱਪਚਾਪ ਸੱਜਿਓਂ ਖੱਬੇ ਪਾਸੇ ਵੱਲ ਨੂੰ ਜਾਂਦੀ ਹੈ। ਉਸੇ ਵੇਲੇ ਕਿਰਿਆਨੇ ਵਾਲੇ ਦੀ ਤੀਵੀਂ ਦੁਕਾਨ ਦਾ ਦਰਵਾਜ਼ਾ ਖੋਲ੍ਹਦੀ ਹੈ ਤੇ ਉਸਨੂੰ ਲੰਘਦਿਆਂ ਦੇਖਦੀ ਹੈ)

ਮਾਲਕਣ : ਓਹ! ਏਨੂੰ ਤਾਂ ਦੇਖ ਕੇ ਈ ਖ਼ੂਨ ਸੜ ਜਾਂਦਾ ਮੇਰਾ। (ਦੁਕਾਨ 'ਚ ਬੈਠੇ ਆਪਣੇ ਪਤੀ ਨੂੰ ਮੁਖ਼ਾਤਿਬ ਹੁੰਦੀ ਹੈ) ਸਾਡੀ ਦੁਕਾਨ 'ਤੇ ਤਾਂ ਹੁਣ ਪੈਰ ਪਾਉਣਾ ਛੱਡ ਈ ਦਿੱਤਾ ਇਹਨੇ... ਘਮੰਡਣ। (ਉਹ ਬਾਹਰ ਚਲੀ ਜਾਂਦੀ

ਹੈ। ਮੰਚ ਕੁਝ ਸਮੇਂ ਲਈ ਖ਼ਾਲੀ ਹੋ ਜਾਂਦਾ ਹੈ।)

(ਜੇਨ ਸੱਜੇ ਪਾਸਿਓਂ ਆਉਂਦਾ ਹੈ, ਠੀਕ ਉਸੇ ਵੇਲੇ ਬੇਰੰਜਰ ਖੱਬੇ ਪਾਸਿਓਂ ਦਾਖ਼ਿਲ ਹੁੰਦਾ ਹੈ। ਜੇਨ ਦਾ ਪਹਿਰਾਵਾ ਬਿਲਕੁਲ ਟਿਪ-ਟਾਪ ਹੈ: ਭੂਰੇ ਰੰਗ ਦਾ ਸੂਟ, ਲਾਲ ਟਾਈ, ਐਨ ਖੜ੍ਹੇ ਕਾਲਰ, ਭੂਰਾ ਹੈਟ। ਉਸਦਾ ਚਿਹਰਾ ਇਕਦਮ ਲਾਲ ਭਖਦਾ ਹੈ। ਪੀਲੇ ਰੰਗ ਦੇ ਬੂਟ ਜਿਨ੍ਹਾਂ 'ਤੇ ਤਾਜ਼ੀ ਪਾਲਿਸ਼ ਲਿਸ਼ਕਦੀ ਹੈ। ਬੇਰੰਜਰ ਦੀ ਦਾੜ੍ਹੀ ਵਧੀ ਹੋਈ ਹੈ, ਸਿਰ 'ਤੋਂ ਹੈਟ ਗ਼ਾਇਬ ਹੈ, ਵਾਲ ਖਿੱਲਰੇ ਹਨ ਤੇ ਕਪੜੇ ਵੱਟੋ-ਵੱਟ; ਹਰ ਸ਼ੈਅ 'ਚੋਂ ਉਸਦੀ ਲਾਪਰਵਾਹੀ ਝਲਕਦੀ ਹੈ। ਉਹ ਥੱਕਿਆ ਜਿਹਾ ਨਜ਼ਰ ਆਉਂਦਾ ਹੈ, ਅੱਧ ਸੁੱਤਾ, ਥੋੜ੍ਹੀ-ਥੋੜ੍ਹੀ ਦੇਰ ਬਾਅਦ ਉਬਾਸੀ ਲੈਂਦਾ ਹੈ। )

**ਜੇਨ** (ਸੱਜੇ ਪਾਸਿਓਂ ਅੱਗੇ ਵਧਦੇ ਹੋਏ) ਓਫ਼ ਹੋ! ਬੇਰੰਜਰ, ਤਾਂ ਆਖ਼ਿਰ ਤੂੰ ਪਹੁੰਚ ਹੀ ਗਿਆ!

**ਬੇਰੰਜਰ** (ਖੱਬੇ ਪਾਸਿਓਂ ਅੱਗੇ ਵਧਦੇ ਹੋਏ) ਮਾਰਨਿੰਗ ਜੇਨ!

**ਜੇਨ** ਹਮੇਸ਼ਾ ਵਾਂਗ ਲੇਟ, ਇਹਦਾ ਤਾਂ ਕਹਿਣਾ ਹੀ ਕੀ ਹੈ। (ਗੁੱਟ 'ਤੇ ਬੱਝੀ ਘੜੀ ਦੇਖਦਾ ਹੈ) ਸਾਢੇ ਗਿਆਰਾਂ ਦਾ ਟਾਈਮ ਤੈਅ ਹੋਇਆ ਸੀ ਤੇ ਹੁਣ ਦੁਪਹਿਰ ਹੋ ਗਈ।

**ਬੇਰੰਜਰ** ਸੌਰੀ... ਕਾਫ਼ੀ ਦੇਰ ਹੋ ਗਈ ਤੈਨੂੰ ?

**ਜੇਨ** ਨਹੀਂ, ਮੈਂ ਵੀ ਹੁਣੇ ਆਇਆਂ, ਤੇਰੇ ਮੂਹਰੇ ਈ।

(ਦੋਹੇਂ ਵਰਾਂਡੇ 'ਚ ਪਈਆਂ ਕੁਰਸੀਆਂ 'ਤੇ ਬੈਠਦੇ ਹਨ)

**ਬੇਰੰਜਰ** ਫੇਰ ਤਾਂ ਕੋਈ ਖ਼ਾਸ ਗੱਲ ਨਹੀਂ, ਜੇ ਤੂੰ ਵੀ ਹੁਣੇ ਈ ਆਇਐਂ..

**ਜੇਨ** ਮੇਰੀ ਗੱਲ ਹੋਰ ਐ। ਉਡੀਕਣਾ ਮੈਨੂੰ ਪਸੰਦ ਨਹੀਂ; ਨਾ ਹੀ ਬਰਬਾਦ ਕਰਨ ਲਈ ਮੇਰੇ ਕੋਲ ਕੋਈ ਟਾਈਮ ਹੈ। ਤੇ ਤੂੰ ਤਾਂ ਕਦੇ ਟਾਈਮ 'ਤੇ ਆਇਆ ਈ ਨਹੀਂ, ਇਸ ਲਈ ਮੈਂ ਜਾਣ-ਬੁੱਝ ਕੇ ਐਨਾ ਲੇਟ ਆਇਆਂ।

**ਬੇਰੰਜਰ** ਠੀਕ ਐ, ਤੂੰ ਬਿਲਕੁਲ ਸਹੀ ਐਂ.., ਪਰ ਗੱਲ...

**ਜੇਨ** ਹੁਣ ਇਸ ਬਹਾਨੇਬਾਜ਼ੀ ਦੀ ਲੋੜ ਨਹੀਂ ਕਿ ਤੂੰ ਤਾਂ ਹਮੇਸ਼ਾ ਸਮੇਂ 'ਤੇ ਆਉਂਦੈਂ।

**ਬੇਰੰਜਰ** ਨਹੀਂ, ਬਿਲਕੁਲ ਨਹੀਂ ਇਹ ਮੈਂ ਕਦੋਂ ਕਹਿ ਰਿਹਾਂ।

(ਦੋਹੇਂ ਬੈਠ ਜਾਂਦੇ ਹਨ)

**ਜੇਨ** ਹਾਲਤ ਦੇਖੀ ਐ ਆਪਣੀ!

**ਬੇਰੰਜਰ** ਪੀਏਂਗਾ ਕੀ ?

**ਜੇਨ** ਤੇਰਾ ਮਤਲਬ ਕਿ ਏਸ ਵੇਲੇ ਵੀ ਪਿਆਸ ਲੱਗੀ ਏ ਤੈਨੂੰ ਤੜਕੇ ਈ ?

**ਬੇਰੰਜਰ** ਗਰਮੀ ਕਿੰਨੀ ਐ... ਗਲਾ ਸੁੱਕਦਾ...

ਜੋਨ ਜਿੰਨਾ ਜ਼ਿਆਦਾ ਪੀਓਂਗੇ ਪਿਆਸ ਓਨੀ ਭੜਕੇਗੀ; ਪਾਪੂਲਰ ਸਾਇੰਸ ਇਹੋ ਦੱਸਦੀ ਏ ਸਾਨੂੰ. .

ਬੇਰੰਜਰ ਜੇ ਸਾਇੰਸ ਨਾਲ ਉਹ ਥੋੜ੍ਹੇ ਬੱਦਲ ਬਣਾ ਲੈਣ ਏਨੀਂ ਗਰਮੀ ਤਾਂ ਨਾ ਪਏ, ਨਾਲੇ ਪਿਆਸ ਵੀ ਘੱਟ ਲੱਗੇ।

ਜੋਨ (ਉਸਨੂੰ ਗ਼ੌਰ ਨਾਲ ਦੇਖਦੇ ਹੋਏ) ਉਸ ਨਾਲ ਤੈਨੂੰ ਕੋਈ ਫ਼ਰਕ ਨਹੀਂ ਪੈਣਾ ਬੇਰੰਜਰ, ਤੇਰੀ ਪਿਆਸ ਪਾਣੀ ਦੀ ਹੈ ਹੀ ਨਹੀਂ!

ਬੇਰੰਜਰ ਮੈਂ ਤੇਰਾ ਮਤਲਬ ਨਹੀਂ ਸਮਝਿਆ, ਕਹਿਣਾ ਕੀ ਚਾਹੁੰਦਾ ..

ਜੋਨ ਸਭ ਸਮਝਦੈਂ ਮੇਰਾ ਮਤਲਬ ਤੂੰ! ਮੈਂ ਤੇਰੇ ਗਲੇ ਦੀ ਗੱਲ ਕਰ ਰਿਹਾ... ਜਿਹੜਾ ਰੇਤਲੀ ਧਰਤੀ ਵਾਂਗ ਮੱਚ ਰਿਹੈ, ਇਸਦੀ ਪਿਆਸ ਕਦੇ ਬੁਝ ਈ ਨਹੀਂ ਸਕਦੀ।

ਬੇਰੰਜਰ ਮੇਰੇ ਗਲੇ ਦਾ ਮੁਕਾਬਲਾ ਰੇਤੀਲੀ ਜ਼ਮੀਨ ਨਾਲ

ਜੋਨ (ਟੋਕਦੇ ਹਏ) ਤੇਰੀ ਹਾਲਤ ਖ਼ਰਾਬ ਐ ਭਾਈ।

ਬੇਰੰਜਰ ਤੈਨੂੰ ਲਗਦੈ ਇੰਜ? ਮੈਂ ਠੀਕ ਨਹੀਂ?

ਜੋਨ ਤੈਨੂੰ ਪਤਾ.., ਅੰਨ੍ਹਾ ਤਾਂ ਨਹੀਂ ਆਂ ਮੈਂ। ਬੈਠਿਆ ਨਹੀਂ ਜਾ ਰਿਹਾ ਤੇਰੇ ਕੋਲੋਂ, ਡਿਗੂੰ ਡਿਗੂੰ ਕਰਦਾ ਪਿਆਂ। ਲਗਦੈ ਫੇਰ ਸਾਰੀ ਰਾਤ ਜਾਗਦਾ ਰਿਹੈਂ, ਉਬਾਸੀਆ ਤੇ ਉਬਾਸੀਆ ਮਾਰ ਰਿਹੈਂ, ਥਕਾਵਟ ਨਾਲ ਹਾਲਤ ਇੰਨੀ ਖ਼ਰਾਬ ਹੋਈ ਪਈ

ਬੇਰੰਜਰ ਓ ਹਾਂ, ਮੇਰੇ ਵਾਲ ਜ਼ਰਾ...ਖਿਲਰੇ...

ਜੋਨ ਸ਼ਰਾਬ ਦੀ ਸੜਾਂਦ ਮਾਰਦਾ ਪਿਐਂ ਤੂੰ।

ਬੇਰੰਜਰ ਹਾਂ... ਹੈ ਤੇ ਸਹੀ, ਥੜਾ ਹੈਂਗ-ਓਵਰ ਐ ਰਾਤ ਦਾ!

ਜੋਨ ਹਰ ਐਤਵਾਰ ਦਾ ਇਹੋ ਹਾਲ ਐ, ਬਾਕੀ ਦਿਨਾਂ ਦੀ ਗੱਲ ਛੱਡੋ।

ਬੇਰੰਜਰ ਨਹੀਂ... ਰੋਜ਼ ਥੋੜੀ .. ਵਿੱਚ ਕਦੇ-ਕਦੇ... ਦਫਤਰ ਕਰਕੇ

ਜੋਨ ਤੇ ਟਾਈ, ਟਾਈ ਕਿਧਰ ਗਈ? ਲਗਦੈ, ਮਦਹੋਸ਼ੀ 'ਚ ਕਿਤੇ ਸੁੱਟ ਦਿੱਤੀ ਹੋਣੀ।

ਬੇਰੰਜਰ (ਗਲੇ ਨੂੰ ਟੋਹਦੇ ਹੋਏ) ਓ ਹਾਂ; ਕਮਾਲ ਹੋ ਗਈ! ਪਤਾ ਨੀ ਕੀ ਕੀਤਾ ਮੈਂ... ਕਿਥੇ ਸੁੱਟ ਬੈਠਾਂ?

ਜੋਨ (ਕੋਟ ਦੀ ਜੇਬ 'ਚੋਂ ਟਾਈ ਕੱਢਦੇ ਹੋਏ) ਇਹ ਲੈ, ਲਾ ਲੈ ਇਸਨੂੰ।

ਬੇਰੰਜਰ ਓ ਥੈਂਕ...ਯੂ, ਤੂੰ ਕਿਨਾ ਖ਼ਿਆਲ ਰਖਦੈਂ... (ਟਾਈ ਬੰਨਦਾ ਹੈ)

ਜੋਨ (ਬੇਰੰਜਰ ਬੇਢੱਬੇ ਜਿਹੇ ਢੰਗ ਨਾਲ ਟਾਈ ਬੰਨ ਰਿਹਾ ਹੈ) ਵਾਲ਼ ਦੇਖ ਕਿਵੇਂ ਖਿਲਰੇ ਪਏ (ਬੇਰੰਜਰ ਵਾਲਾਂ 'ਚ ਉਂਗਲੀਆਂ ਫੇਰਦਾ ਹੈ।) ਇਹ ਲੈ.. ਕੰਘੀ । (ਦੂਜੀ ਜੇਬ ਚੋਂ ਕੰਘੀ ਕੱਢਦਾ ਹੈ।)

ਬੇਰੰਜਰ (ਕੰਘੀ ਫੜਦੇ ਹੋਏ) ਥੈਂਕ ਯੂ। (ਬੇਮਨਾ ਜਿਹਾ ਕੰਘੀ ਕਰਦਾ ਹੈ )

ਜੋਨ ਸ਼ੇਵ ਵੀ ਨਹੀਂ ਕੀਤੀ ਤੂੰ। ਵੇਖ ਤਾਂ ਸਹੀ ਆਪਣੇ ਵੱਲ। (ਅੰਦਰਲੀ ਜੇਬ 'ਚੋਂ ਸ਼ੀਸ਼ਾ ਕੱਢ ਕੇ ਉਸਨੂੰ ਫੜਾਉਂਦਾ ਹੈ, ਬੇਰੰਜਰ

ਆਪਣਾ ਚਿਹਰਾ ਦੇਖਦਾ ਹੈ, ਜੀਭ ਕੱਢ ਕੇ ਧਿਆਨ ਨਾਲ ਦੇਖਦਾ ਹੈ।)

ਬੇਰੰਜਰ — ਸਾਰੀ ਜੀਭ 'ਤੇ ਪੇਪੜੀ ਜੰਮੀ ਪਈ।

ਜੇਨ — (ਸ਼ੀਸ਼ਾ ਲੈ ਕੇ ਜੇਬ 'ਚ ਰਖ ਲੈਂਦਾ ਹੈ) ਮੈਨੂੰ ਕਈ ਹੈਰਾਨੀ ਨਹੀਂ ਹੋਈ। (ਬੇਰੰਜਰ ਕੰਘੀ ਫੜਾਉਂਦਾ ਹੈ, ਉਹ ਲੈ ਕੇ ਉਸਨੂੰ ਵੀ ਜੇਬ 'ਚ ਰੱਖ ਲੈਂਦਾ ਹੈ।) ਸਿਰੋਸਿਸ ਹੋ ਜਾਣੈ ਤੈਨੂੰ, ਲੀਵਰ ਸੁੱਜ ਜਾਣੈ।

ਬੇਰੰਜਰ — (ਚਿੰਤਾ 'ਚ) ਲਗਦੈ ਤੈਨੂੰ?

ਜੇਨ — (ਬੇਰੰਜਰ ਨੂੰ, ਜਿਹੜਾ ਉਹਨੂੰ ਟਾਈ ਮੋੜਨ ਦੀ ਕਸਿਸ਼ ਕਰ ਰਿਹੈ) ਰੱਖ ਇਸਨੂੰ ਆਪਣੇ ਕੋਲ, ਮੇਰੇ ਕੋਲ ਹੋਰ ਬਹੁਤ ਨੇ।

ਬੇਰੰਜਰ — (ਤਾਰੀਫ਼ ਕਰਦੇ ਹੋਏ) ਤੂੰ ਹਮੇਸ਼ਾ ਟਿਪ ਟਾਪ ਰਹਿੰਦੈਂ।

ਜੇਨ — (ਬੇਰੰਜਰ ਦਾ ਮੁਆਇਨਾ ਜਾਰੀ ਰੱਖਦੇ ਹੋਏ) ਕੱਪੜੇ ਵੇਖ ਕਿਵੇਂ ਵੱਟੋ-ਵੱਟ ਹੋਏ ਪਏ, ਸ਼ਰਮ ਆਉਂਦੀ ਦੇਖ ਕੇ! ਕਮੀਜ਼ ਦੇਖ ਥਾਂ-ਥਾਂ ਤੋਂ ਲਿਬੜੀ ਪਈ ਤੇ ਬੂਟ (ਬੇਰੰਜਰ ਮੇਜ਼ ਹੇਠਾਂ ਪੈਰਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਬੂਟਾਂ ਨੂੰ ਤਾਂ ਬੁਰਸ਼ ਕਦੇ ਲਾਇਆ ਈ ਨਹੀਂ। ਕੀ ਨਮੂਨਾ ਬਣਾ ਰੱਖਿਐ ਆਪਣਾ! ਮੋਢੇ ਦੇਖ ਆਪਣੇ।

ਬੇਰੰਜਰ — ਮੋਢਿਆਂ ਨੂੰ ਕੀ ਹੋਇਆ?

ਜੇਨ — ਮੁੜ ਜ਼ਰਾ, ਵੇਖਦਾ ਕੀ ਐਂ... ਪਿੱਛੇ ਨੂੰ ਘੁੰਮ! ਕਿਸੇ ਕੰਧ ਨਾਲ ਢਾਸਣਾ ਲਾਇਆ ਹੋਣੈ। (ਬੇਰੰਜਰ ਲਾਡ ਨਾਲ ਉਸਦਾ ਹੱਥ ਫੜਦਾ ਹੈ) ਨਾ, ਮੈਂ ਬੁਰਸ਼ ਨਹੀਂ ਨਾਲ ਲੈ ਕੇ ਆਇਆ; ਜੇਬ ਫਟ ਜਾਂਦੀ ਮੇਰੀ। (ਬੇਰੰਜਰ ਦੇ ਚਿਹਰੇ 'ਤੇ ਹਾਲੇ ਵੀ ਨਰਮਾਈ ਹੈ, ਧੂੜ ਝਾੜਣ ਲਈ ਉਹ ਮੋਢੇ ਛੰਡਦਾ ਹੈ। ਜੇਨ ਪਰ੍ਹਾਂ ਨੂੰ ਮੂੰਹ ਮੋੜ ਲੈਂਦਾ ਹੈ।) ਕਿਥੋਂ ਲਵਾਇਆ ਇਹ ਸਭ?

ਬੇਰੰਜਰ — ਪਤਾ ਨੀ ਯਾਦ ਨਹੀਂ ਕੁਝ।

ਜੇਨ — ਕਿੰਨੀ ਬੇਜ਼ਤੀ ਵਾਲੀ ਗੱਲ ਐ; ਸ਼ਰਮ ਆਉਂਦੀ ਏ ਤੇਰਾ ਦੋਸਤ ਕਹਾਉਂਦੇ ਹੋਏ।

ਬੇਰੰਜਰ — ਤੂੰ ਕੁਝ ਜਿਆਦਾ ਈ ਰੁੱਖਾ ਹੋ ਰਿਹੈਂ।

ਜੇਨ — ਪੂਰੀ ਵਜ੍ਹਾ ਹੈ ਇਸਦੀ ਮੇਰੇ ਕੋਲ।

ਬੇਰੰਜਰ — ਦੇਖ ਜੇਨ ਮੇਰੀ ਗੱਲ ਸੁਣ। ਮੈਂ ਬੋਰ ਹੋ ਗਿਆ, ਏਸ ਸ਼ਹਿਰ 'ਚ ਕੁਝ ਹੈ ਈ ਨਹੀਂ ਦਿਲ ਲਾਉਣ ਨੂੰ। ਮੈਂ ਜੋ ਕਰ ਰਿਹਾ... ਉਸ ਲਈ ਨਹੀਂ ਬਣਿਆ ਮੈਂ .. ਰੋਜ਼-ਰੋਜ਼ ਉਹੀ ਦਫ਼ਤਰ ਦਿਨ 'ਚ ਅੱਠ ਘੰਟੇ ਤੇ ਪੂਰੇ ਸਾਲ 'ਚ ਸਿਰਫ਼ ਤਿੰਨ ਹਫ਼ਤੇ ਛੁੱਟੀ ਦੇ! ਸ਼ਨੀਵਾਰ ਦੀ ਰਾਤ ਤੱਕ ਬਸ..., ਬਸ ਹੋ ਜਾਂਦੀ ਏ ਮੇਰੀ। ਤੈਨੂੰ ਪਤਾ ਤਾਂ ਹੈ ਸਭ, ਤੇ ਬਸ ਥੋੜ੍ਹਾ ਆਰਾਮ ਲਈ. ਰਿਲੈਕਸ... ਹੋਣ ਲਈ...

ਜੇਨ — ਮੇਰੇ ਅਜ਼ੀਜ਼.. ਮਹਾਪੁਰਖੋ, ਕੰਮ ਇਥੇ ਸਭ ਨੂੰ ਕਰਨਾ ਪੈਂਦੈ। ਮੈਂ ਵੀ

ਅੱਠ ਘੰਟੇ ਦਫ਼ਤਰ 'ਚ ਲਾਉਂਦਾ ਹਾਂ, ਜਿਵੇਂ ਸਭ ਲਾਉਂਦੇ। ਮੈਨੂੰ ਵੀ ਸਾਲ 'ਚ ਸਿਰਫ ਤਿੰਨ ਹਫ਼ਤਿਆਂ ਦੀ ਛੁੱਟੀ ਮਿਲਦੀ ਹੈ, ਪਰ ਫੇਰ ਵੀ ਤੂੰ ਮੇਰੇ ਨੇੜੇ-ਤੇੜੇ ਵੀ ਨਹੀਂ, ਇੱਛਾ-ਸ਼ਕਤੀ ਚਾਹੀਦੀ ਹੈ ਭਾਈ।

**ਬੇਰੰਜਰ** ਪਰ ਹਰ ਕਿਸੇ ਕੋਲ ਤੇਰੀ ਜਿੰਨੀ ਇੱਛਾ-ਸ਼ਕਤੀ ਨਹੀਂ ਹੋ ਸਕਦੀ। ਮੈਂ ਇਸ ਸਭ ਦਾ ਆਦੀ ਨਹੀਂ ਹੋ ਸਕਦਾ। ਮੈਂ ਇਸ ਜ਼ਿੰਦਗੀ ਦਾ ਆਦੀ ਨਹੀਂ ਹੋ ਸਕਦਾ।

**ਜੋਨ** ਸਭ ਨੂੰ ਹੋਣਾ ਪੈਂਦਾ। ਤੈਨੂੰ ਕੀ ਲਗਦੈ ਕਿ ਤੂੰ ਕੁਝ ਖ਼ਾਸ ਐਂ?

**ਬੇਰੰਜਰ** ਮੈਂ ਕੋਈ ਏਦਾਂ ਦਾ ਦਾਅਵਾ ਨਹੀਂ...

**ਜੋਨ** (ਟੋਕਦੇ ਹੋਏ) ਮੈਂ ਵੀ ਓਨਾ ਹੀ ਚੰਗਾ ਜਿੰਨਾ ਤੂੰ ਹੈ; ਮੇਰੇ ਖ਼ਿਆਲ 'ਚ... ਜੇ ਘਟਾ ਕੇ ਵੀ ਦੇਖਾਂ ਤਾਂ ਮੈਂ ਸ਼ਾਇਦ ਬੇਹਤਰ ਹੀ ਹਾਂ। ਬੰਦਾ ਬਿਹਤਰ ਉਹੀ ਹੈ ਜਿਹੜਾ ਆਪਣੀਆ ਜ਼ਿੰਮੇਦਾਰੀਆਂ ਪੂਰੀਆਂ ਕਰਦਾ ਹੈ।

**ਬੇਰੰਜਰ** ਕਾਹਦੀ ਜ਼ਿੰਮੇਦਾਰੀ?

**ਜੋਨ** ਆਪਣੀ ਜ਼ਿੰਮੇਦਾਰੀ.... ਮਸਲਨ ਇਕ ਮੁਲਾਜ਼ਿਮ ਦੇ ਤੌਰ 'ਤੇ।

**ਬੇਰੰਜਰ** ਓ ਹਾਂ ਇਕ ਕਰਮਚਾਰੀ ਦੀ ਡਿਊਟੀ..

**ਜੋਨ** ਕਿੱਥੇ ਪੀਤੀ ਫੇਰ ਸਾਰੀ ਰਾਤ। ਜੇ ਕੁਝ ਯਾਦ ਹੋਵੇ ਤੈਨੂੰ।

**ਬੇਰੰਜਰ** ਆਗਸਟੇ ਦਾ ਜਨਮਦਿਨ ਮਨਾ ਰਹੇ ਸੀ, ਆਪਣਾ ਮਿੱਤਰ ਨੀ. ਆਗਸਟੇ...

**ਜੋਨ** ਆਪਣਾ ਆਗਸਟੇ? ਮੈਨੂੰ ਤਾਂ ਕਿਸੇ ਨੇ ਬੁਲਾਇਆ ਨੀ ਆਪਣੇ ਆਗਸਟੇ ਦੇ ਬਰਥਡੇ 'ਤੇ...

(ਬਾਹਰ ਦੂਰ ਕਿਤੇ ਇਕ ਸ਼ੋਰ ਸੁਣਾਈ ਦਿੰਦਾ ਹੈ, ਜਿਹੜਾ ਤੇਜ਼ੀ ਨਾਲ ਨੇੜੇ ਆ ਰਿਹਾ ਹੈ, ਜਿਵੇਂ ਕੋਈ ਹਫਿਆ ਹੋਇਆ ਜਾਨਵਰ ਚਿੰਘਾੜਦਾ ਹੋਇਆ ਏਧਰ ਨੂੰ ਆ ਰਿਹਾ ਹੋਵੇ।)

**ਬੇਰੰਜਰ** ਓਹ ਹਾਂ, ਇਹ ਤਾਂ ਠੀਕ ਨੀ ਹੋਇਆ...

**ਜੋਨ** ਮੈਂ ਜਾਣ ਲੱਗਾ ਸੀ ਉੱਥੇ?

**ਬੇਰੰਜਰ** ਤੈਨੂੰ ਬੁਲਾਇਆ ਨਹੀਂ ਸ਼ਾਇਦ ਏਸ ਲਈ ਤੂੰ ..

**ਵੇਟਰ** ਗੁੱਡ ਮਾਰਨਿੰਗ ਸਰ ਜੀ। ਕੀ ਖ਼ਿਦਮਤ ਕਰਾਂ ਜਨਾਬ ਦੀ, ਕੁਝ ਪੀਣ ਲਈ..?

(ਸ਼ੋਰ ਬਹੁਤ ਵਧ ਜਾਂਦਾ ਹੈ।)

**ਜੋਨ :** (ਸ਼ੋਰ ਨਾਲੋਂ ਉੱਚਾ ਚੀਖ ਕੇ ਆਪਣੇ ਆਪ ਨੂੰ ਸੁਣਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਸ ਸ਼ੋਰ ਬਾਰੇ ਉੱਕਾ ਹੀ ਚੇਤੰਨ ਨਹੀਂ) ਹਾਂ, ਬੁਲਾਇਆ ਨਹੀਂ .. ਮੈਨੂੰ। ਇਹ ਇੱਜ਼ਤ ਨਹੀਂ ਬਖਸ਼ੀ ਗਈ ਮੈਨੂੰ। ਪਰ ਏਨਾ ਮੈਂ ਤੈਨੂੰ ਦੱਸ ਦਿਆਂ ਕਿ ਜੇ ਬੁਲਾਇਆ ਵੀ ਹੁੰਦਾ ਤਾਂ ਮੈਂ

ਜਾਣ ਨਹੀਂ ਸੀ ਲੱਗਾ. . ਹਰਗਿਜ਼ ਵੀ (ਰੌਲਾ ਹੋਰ ਵਧ ਜਾਂਦਾ ਹੈ), ਇਹ ਹੋ ਕੀ ਰਿਹੈ ?

(ਕਿਸੇ ਭਾਰੀ ਭਰਕਮ ਜਾਨਵਰ ਦੇ ਦੌੜੇ ਜਾਣ ਦੀ ਅਵਾਜ਼ ਬਹੁਤ ਨੇੜਿਓਂ ਆਉਂਦੀ ਹੈ, ਉਸਦੇ ਸਾਹਾਂ ਦੀ ਅਵਾਜ਼ ਸੁਣਾਈ ਪੈਂਦੀ ਹੈ ਤੇ ਭਾਰੀ ਕਦਮਾਂ ਦੀ।)

ਜੋਨ ਕੀ ਹੈ ਇਹ ?

ਵੇਟਰ (ਬਾਹਰ ਵੱਲ) ਕੀ ਹੈ ਕੀ !

(ਬੇਰੰਜਰ ਨੇ ਲੱਗਦਾ ਹੈ ਹਾਲੇ ਤਾਈਂ ਕੁਝ ਸੁਣਿਆ ਹੀ ਨਹੀਂ ਹੈ, ਉਹ ਆਰਾਮ ਨਾਲ ਜੋਨ ਦੀ ਗੱਲ ਦਾ ਜਵਾਬ ਦੇ ਰਿਹਾ ਹੈ; ਉਸਦੇ ਬੁੱਲ੍ਹ ਹਿਲਦੇ ਦਿਖਦੇ ਹਨ, ਪਰ ਸੁਣਦਾ ਕੁਝ ਨਹੀਂ। ਜੋਨ ਖਿਝਿਆ ਹੋਇਆ ਉੱਠਕੇ ਖੱਬੇ ਪਾਸੇ ਬਾਹਰ ਵੱਲ ਦੇਖਦਾ ਹੈ। ਬੇਰੰਜਰ ਹਾਲੇ ਵੀ ਬੁਝਿਆ ਜਿਹਾ ਉਂਵੇਂ ਬੈਠਾ ਹੈ।)

ਜੋਨ ਹ.. ਓ.. ਗੈਂਡਾ!

(ਜਾਨਵਰ ਦਾ ਸ਼ੋਰ ਬੜੀ ਤੇਜ਼ੀ ਨਾਲ ਦੂਰ ਜਾਂਦਾ ਹੈ। ਹੈਰਾਨੀ ਨਾਲ ਕੂਕਦੀਆਂ ਅਵਾਜ਼ਾਂ ਦਾ ਸ਼ੋਰ ਸੁਣਾਈ ਪੈਂਦਾ ਹੈ: ਗੈਂਡਾ! ਗੈਂਡਾ..! ਗੈਂਡਾ..! ਸਾਰਾ ਕੁਝ ਬੜੀ ਤੇਜ਼ੀ ਨਾਲ ਵਾਪਰਦਾ ਹੈ। ਹਰ ਪਾਸਿਓਂ 'ਗੈਂਡਾ-ਗੈਂਡਾ' ਦੀਆਂ ਅਵਾਜ਼ਾਂ)

ਵੇਟਰ ਗੈਂਡਾ ਹੈ!

ਮਾਲਕਣ (ਦੁਕਾਨ 'ਚੋਂ ਬਾਹਰ ਝਾਕਦੇ ਹੋਏ) ਇਹ ਤਾਂ ਗੈਂਡਾ (ਦੁਕਾਨ ਦੇ ਅੰਦਰ ਆਪਣੇ ਘਰਵਾਲੇ ਨੂੰ ਅਵਾਜ਼ ਦਿੰਦੀ ਹੈ।) ਛੇਤੀ ਆਓ ਵੇਖੋ ਗੈਂਡਾ ਏ!

(ਸਾਰੇ ਖੱਬੇ ਪਾਸੇ ਦੇਖ ਰਹੇ ਹਨ, ਜਿਧਰ ਨੂੰ ਉਹ ਅਵਾਜ਼ ਗਈ ਹੈ।)

ਜੋਨ ਇਹ ਤਾਂ ਸਿੱਧਾ ਈ ਜਾ ਰਿਹਾ, ਦੁਕਾਨ ਵੱਲ ਨੂੰ, ਖਿੜਕੀਆਂ ਭੰਨ ਦਏਗਾ .

ਦੁਕਾਨਦਾਰ (ਅੰਦਰੋਂ) ਕਿਧਰ ?

ਵੇਟਰ (ਮੂੰਹ 'ਤੇ ਹੱਥ ਰੱਖ ਲੈਂਦਾ ਹੈ) ਓਹ ਰੱਬਾ!

ਮਾਲਕਣ (ਆਪਣੇ ਘਰਵਾਲੇ ਨੂੰ ਜਿਹੜਾ ਹਾਲੇ ਵੀ ਅੰਦਰ ਹੀ ਹੈ) ਬਾਹਰ ਆਓ ਨਾ ਬਾਹਰ ਆ ਕੇ ਦੇਖੋ!

(ਦੁਕਾਨਦਾਰ ਸਿਰ ਬਾਹਰ ਕੱਢਦਾ ਹੈ।)

ਦੁਕਾਨਦਾਰ : ਓਹ। ਗੈਂਡਾ ਏ... ਸੱਚਮੁੱਚ ਦਾ।

ਤਰਕ-ਸ਼ਾਸਤਰੀ: (ਖੱਬੇ ਪਾਸਿਓਂ ਦੌੜਿਆ ਆਉਂਦਾ ਹੈ) ਗੈਂਡਾ...ਦੌੜਿਆ ਆਉਂਦੈ... ਫੁੱਟਪਾਥ 'ਤੇ... ਸਾਹਮਣਿਓਂ!

(ਇਹ ਸਾਰੀਆ ਅਵਾਜ਼ਾਂ ਜੋਨ ਦੀ ਅਵਾਜ ਦੇ ਨਾਲ ਹੀ ਲਗਭਗ ਇੱਕੋ ਵੇਲੇ ਆਉਂਦੀਆ ਹਨ। ਕਿਸੇ ਔਰਤ ਦੇ ਚੀਖਣ ਦੀ ਅਵਾਜ

ਤੇ ਨਾਲ ਹੀ ਉਸਦਾ ਮੰਚ 'ਤੇ ਪ੍ਰਵੇਸ਼। ਉਹ ਸੈਂਟਰ-ਸਟੇਜ ਵੱਲ ਨੂੰ ਭੱਜੀ ਆਉਂਦੀ ਹੈ। ਇਹ ਉਹੋ ਔਰਤ ਹੈ ਜਿਹੜੀ ਕੁਝ ਦੇਰ ਪਹਿਲੋਂ ਟੋਕਰੀ ਲੈ ਕੇ ਮੰਚ ਤੋਂ ਲੰਘੀ ਸੀ; ਸੈਂਟਰ-ਸਟੇਜ 'ਤੇ ਪਹੁੰਚ ਕੇ ਉਹ ਟੋਕਰੀ ਸੁੱਟ ਦਿੰਦੀ ਹੈ; ਸਾਰਾ ਸਮਾਨ ਮੰਚ 'ਤੇ ਖਿੱਲਰ ਜਾਂਦਾ ਹੈ, ਕੱਚ ਦੀ ਬੋਤਲ ਟੁੱਟ ਜਾਂਦੀ ਹੈ, ਪਰ ਉਹ ਬਿੱਲੀ ਨੂੰ ਸੰਭਾਲੀ ਰੱਖਦੀ ਹੈ।)

(ਸਜਿਆ ਧਜਿਆ ਇੱਕ ਬਜ਼ੁਰਗ ਖੱਬੇ ਪਾਸਿਓਂ ਆਉਂਦਾ ਹੈ, ਮਾਲਕਣ ਦੇ ਪਿੱਛੇ ਤੇਜ਼ੀ ਨਾਲ ਕਰਿਆਨੇ ਵਾਲੀ ਦੁਕਾਨ 'ਚ ਵੜਦਾ ਹੈ, ਉਹ ਕਰਿਆਨੇ ਵਾਲੇ ਦੁਕਾਨਦਾਰ ਤੇ ਉਸਦੀ ਘਰਵਾਲੀ ਨਾਲ ਟਕਰਾ ਜਾਂਦਾ ਹੈ। ਤਰਕ-ਸ਼ਾਸਤਰੀ ਦੁਕਾਨ ਦੀ ਖੱਬੀ ਕੰਧ ਨਾਲ ਚਿੰਬੜ ਕੇ ਖੜ੍ਹ ਜਾਂਦਾ ਹੈ। ਜੋਨ ਤੇ ਵੇਟਰ ਬੁੱਤ ਬਣੇ ਖੜ੍ਹੇ ਹਨ ਤੇ ਬੇਰੰਜਰ ਹਾਲੇ ਵੀ ਉਵੇਂ ਹੀ ਗੁੰਮਸੁੰਮ ਜਿਹਾ ਬੈਠਾ ਹੈ, ਉਨ੍ਹਾਂ ਦਾ ਆਪਣਾ ਹੀ ਗਰੁੱਪ ਹੈ। ਖੱਬੇ ਪਾਸਿਓਂ ਚੀਖ਼ਾਂ ਤੇ ਹਫੜਾ-ਦਫੜੀ 'ਚ ਲੋਕਾਂ ਦੇ ਭੱਜਣ ਦੀਆਂ ਅਵਾਜ਼ਾਂ ਆਉਂਦੀਆਂ ਹਨ। ਗੈਂਡੇ ਦੇ ਖੁਰਾਂ 'ਚੋਂ ਉੱਡਦੀ ਧੂੜ ਮੰਚ 'ਤੇ ਫੈਲ ਜਾਂਦੀ ਹੈ।)

**ਕੈਫ਼ੇ-ਵਾਲਾ** (ਪਹਿਲੀ ਮੰਜ਼ਿਲ ਦੀ ਖਿੜਕੀ ਤੋਂ ਸਿਰ ਕੱਢ ਕੇ) ਕੀ ਹੋਇਆ, ਰੌਲਾ ਕਾਹਦਾ...?

**ਬਜ਼ੁਰਗ** (ਦੁਕਾਨਦਾਰ ਤੇ ਉਸਦੀ ਘਰਵਾਲੀ ਦੇ ਪਿੱਛੇ ਲੁਕਦਾ ਹੋਇਆ) ਪਲੀਜ਼... ਸਾਇਡ... ਸਾਇਡ...

(ਇਸ ਬਜ਼ੁਰਗ ਨੇ ਬੜੇ ਸਲੀਕੇ ਦੇ ਕੱਪੜੇ ਪਾਏ ਹੋਏ ਹਨ, ਸਿਰ 'ਤੇ ਨਰਮ ਟੋਪ ਹੈ, ਹੱਥ 'ਚ ਹਾਥੀਦੰਦ ਦੀ ਮੁੱਠ ਵਾਲੀ ਛੜੀ। ਕੰਧ ਨਾਲ ਚਿੰਬੜੇ ਤਰਕ-ਸ਼ਾਸਤਰੀ ਦੀਆਂ ਮੁੱਛਾਂ 'ਚ ਹਲਕੀ ਜਿਹੀ ਸਫ਼ੇਦੀ ਹੈ, ਇੱਕ ਅੱਖ 'ਤੇ ਨਜ਼ਰ ਦਾ ਸ਼ੀਸ਼ਾ ਹੈ ਤੇ ਸਿਰ 'ਤੇ ਸਟ੍ਰਾ ਹੈਟ।)

**ਮਾਲਕਣ** (ਘਬਰਾਈ ਹੋਈ ਦੁਕਾਨ ਵਾਲੇ 'ਚ ਵੱਜਦੀ ਹੈ; ਬਜ਼ੁਰਗ ਨੂੰ) ਸੋਟੀ ਸਾਂਭ ਕੇ ਰੱਖ ਆਪਣੀ!

**ਦੁਕਾਨਦਾਰ** ਘੁਸਿਆ ਕਿਧਰ ਜਾ ਰਿਹੈਂ, ਦੀਂਹਦਾ ਨੀ...

(ਬਜ਼ੁਰਗ ਦਾ ਸਿਰ ਹੀ ਉਨ੍ਹਾਂ ਦੋਹਾਂ ਦੇ ਪਿੱਛੋਂ ਦਿਖਦਾ ਹੈ।)

**ਵੇਟਰ** (ਕੈਫ਼ੇ-ਵਾਲੇ ਨੂੰ) ਗੈਂਡਾ ਐ।

**ਕੈਫ਼ੇ ਵਾਲਾ** ਸੁਫ਼ਨੇ ਆਉਂਦੇ ਤੈਨੂੰ। (ਗੈਂਡਾ ਦਿਖ ਜਾਂਦਾ ਹੈ) ਓ..ਹ! ਮੈਨੂੰ ਵੀ....!

**ਮਾਲਕਣ** ਉਹ! (ਮੰਚ ਦੇ ਪਿੱਛੋਂ ਵੀ ਚੀਖਣ-ਕੂਕਣ ਦੀਆਂ ਅਵਾਜ਼ਾਂ। ਉਹ ਔਰਤ ਆਪਣਾ ਖਿੱਲਰਿਆ ਹੋਇਆ ਸਮਾਨ ਇਕੱਠਾ ਕਰਦੀ ਹੈ, ਵਾਰ-ਵਾਰ ਕੁਝ ਡਿੱਗ ਜਾਂਦਾ ਹੈ, ਪਰ ਬਗਲ 'ਚ ਦੱਬੀ ਹੋਈ ਬਿੱਲੀ ਨੂੰ ਉਨੇ ਘੁੱਟ ਕੇ ਰੱਖਿਆ ਹੋਇਆ ਹੈ।) ਓ ਵੇਖ, ਵਿਚਾਰੀ ਬਿੱਲੀ

ਦੀ ਜਾਨ ਕੱਢ ਦੇਣੀ ਇਹਨੇ!

ਕੋੜੇ-ਵਾਲਾ (ਹਾਲੇ ਵੀ ਖੱਬੇ ਪਾਸੇ ਦੂਰ ਦੇਖ ਰਿਹਾ ਹੈ, ਉਸਦੀ ਨਜ਼ਰ ਦੂਰ ਜਾਂਦੇ ਗੈਂਡੇ 'ਤੇ ਹੈ, ਜਿਸਦੇ ਹਫਣ ਤੇ ਖੁਰਾਂ ਦੀਆਂ ਟਾਪਾਂ ਦੀ ਅਵਾਜ਼ ਦੂਰ ਹੁੰਦੀ ਜਾ ਰਹੀ ਹੈ। ਬੇਰੰਜਰ ਅੱਧ ਸੁੱਤਾ ਜਿਹਾ ਧੂੜ ਦੀ ਵਜ੍ਹਾ ਨਾਲ ਹਲਕਾ ਜਿਹਾ ਸਿਰ ਝਟਕਦਾ ਹੈ, ਪਰ ਕਹਿੰਦਾ ਕੁਝ ਨਹੀਂ; ਬੈਠਾ ਬੈਠਾ ਅਜੀਬ ਜਿਹੇ ਮੂੰਹ ਬਣਾਉਂਦਾ ਰਹਿੰਦਾ ਹੈ।) ਸ਼ੁਕਰ ਏ, ਠੀਕ ਠਾਕ ਏ ਸਭ!

ਜੋਨ : (ਸਿਰ ਨੂੰ ਥੋੜ੍ਹਾ ਜਿਹਾ ਝਟਕਦਾ ਹੈ, ਪਰ ਪੂਰੀ ਤਰ੍ਹਾਂ ਚੌਕਸ ਹੈ) ਸ਼ੁਕਰ ਏ, ਸਭ ਠੀਕ ਠਾਕ ਏ! (ਛਿੱਕਦਾ ਹੈ)

ਘਰੇਲੂ ਔਰਤ : (ਸੈਂਟਰ ਸਟੇਜ 'ਤੇ ਹੈ ਪਰ ਉਸਦਾ ਮੂੰਹ ਖੱਬੇ ਵੱਲ ਹੈ। ਉਸਦਾ ਸਾਰਾ ਸਮਾਨ ਆਲੇ ਦੁਆਲੇ ਖਿੱਲਰਿਆ ਪਿਆ ਹੈ) ਸ਼ੁਕਰ ਏ ਸਭ ਠੀਕ ਠਾਕ ਏ! (ਛਿੱਕ ਮਾਰਦੀ ਹੈ)

(ਬਜ਼ੁਰਗ ਆਦਮੀ, ਮਾਲਕਣ ਤੇ ਦੁਕਾਨਦਾਰ ਅਪ-ਸਟੇਜ ਤੋਂ ਹੌਲੀ ਜਿਹੇ ਦੁਕਾਨ ਦਾ ਸ਼ੀਸ਼ੇ ਵਾਲਾ ਦਰਵਾਜ਼ਾ ਮੁੜ ਖੋਲ੍ਹਦੇ ਹਨ, ਬਜ਼ੁਰਗ ਹਾਲੇ ਵੀ ਉਨ੍ਹਾਂ ਪਿੱਛੇ ਲੁਕਿਆ ਹੋਇਆ ਹੈ)

ਤਿੰਨੋਂ ਸ਼ੁਕਰ ਏ...ਸਭ ਠੀਕ ਠਾਕ ਏ!

ਜੋਨ ਸ਼ੁਕਰ ਏ, ਠੀਕ ਏ ਸਭ! (ਬੇਰੰਜਰ ਨੂੰ) ਕੀ ਤੂੰ ਦੇਖਿਆ ਉਹ..?

(ਗੈਂਡੇ ਦੀਆਂ ਅਵਾਜ਼ਾਂ ਹੁਣ ਬਹੁਤ ਦੂਰ ਤੋਂ ਆ ਰਹੀਆਂ ਹਨ। ਬੇਰੰਜਰ ਨੂੰ ਛੱਡ ਕੇ ਸਾਰੇ ਲੋਕ ਹਾਲੇ ਵੀ ਉਸੇ ਪਾਸੇ ਦੇਖ ਰਹੇ ਹਨ; ਉਹ ਹਾਲੇ ਵੀ ਉਸੇ ਤਰ੍ਹਾਂ ਢਿੱਲਾ ਜਿਹਾ ਬੈਠਾ ਹੈ।)

ਸਾਰੇ : (ਬੇਰੰਜਰ ਨੂੰ ਛੱਡ ਕੇ) ਸ਼ੁਕਰ ਏ, ਸਭ ਠੀਕ ਏ!

ਬੇਰੰਜਰ : (ਜੋਨ ਨੂੰ) ਲਗਦਾ ਤਾਂ ਸੱਚੀਂ ਇਸ ਤਰ੍ਹਾਂ ਸੀ ਜਿਵੇਂ ਗੈਂਡਾ ਹੀ ਹੋਵੇ। ਕਿੰਨੀ ਧੂੜ ਉਡਾਈ ਏ (ਜੇਬ 'ਚੋਂ ਰੁਮਾਲ ਕੱਢ ਕੇ ਨੱਕ ਸਿਣਕਦਾ ਹੈ)

ਘਰੇਲੂ ਔਰਤ : ਸ਼ੁਕਰ ਏ, ਸਭ ਠੀਕ ਏ। ਮੇਰੀ ਤਾਂ ਜਾਨ ਈ ਕੱਢ ਦਿੱਤੀ ਸੀ।

ਦੁਕਾਨਦਾਰ : (ਘਰੇਲੂ ਔਰਤ ਨੂੰ) ਤੇਰੀ ਟੋਕਰੀ ਤੇ ਸਾਰਾ ਸਮਾਨ ਤਾਂ...

(ਬਜ਼ੁਰਗ ਆਦਮੀ ਹੌਲੀ ਹੌਲੀ ਨੇੜੇ ਆ ਕੇ ਸਮਾਨ ਚੁਗਣ 'ਚ ਉਸ ਔਰਤ ਦੀ ਮਦਦ ਕਰਦਾ ਹੈ। ਬੜੇ ਸਲੀਕੇ ਨਾਲ ਹੈਟ ਉੱਪਰ ਚੁੱਕ ਕੇ ਆਦਾਬ ਕਰਦਾ ਹੈ।)

ਕੋੜੇ-ਵਾਲਾ : ਸੱਚੀਂ... ਅੱਜਕੱਲ੍ਹ ਤਾਂ ਕੁਝ ਪਤਾ ਈ ਨਹੀਂ ਲਗਦਾ।

ਵੇਟਰ : ਸੁਫ਼ਨੇ 'ਚ ਵੀ ਨਹੀਂ ਸੋਚਿਆ ਕਦੇ!

ਬਜ਼ੁਰਗ : (ਘਰੇਲੂ ਔਰਤ ਨੂੰ) ਮੈਂ ਤੁਹਾਡੀ ਮਦਦ ਕਰ ਸਕਦਾਂ ਨਾ?

ਘਰੇਲੂ ਔਰਤ : ਸ਼ੁਕਰੀਆ, ਬਹੁਤ ਮਿਹਰਬਾਨੀ! ਹੈਟ ਪਾ ਲਓ ਤੁਸੀਂ। ਹੋ..., ਜਾਨ ਈ ਕੱਢ ਦਿੱਤੀ ਸੀ ਮੇਰੀ!

ਤਰਕ-ਸ਼ਾਸਤਰੀ: ਡਰ ਬੜੀ ਤਰਕ-ਵਿਹੂਣੀ ਚੀਜ਼ ਹੈ। ਇਸਨੂੰ ਹਮੇਸ਼ਾ ਤਰਕ ਦੇ ਹੇਠਾਂ ਰੱਖਣਾ ਚਾਹੀਦਾ ਹੈ।

ਵੇਟਰ ਦਿਖਣੋਂ ਤਾਂ ਹੱਟ ਗਿਐ।

ਬਜ਼ੁਰਗ (ਘਰੇਲੂ ਔਰਤ ਨੂੰ ਤਰਕ-ਸ਼ਾਸਤਰੀ ਵੱਲ ਇਸ਼ਾਰਾ ਕਰਕੇ) ਮੇਰੇ ਮਿੱਤਰ ਤਰਕ-ਸ਼ਾਸਤਰੀ ਨੇ।

ਜੌਨ : (ਬੇਰੰਜਰ ਨੂੰ) ਤੈਨੂੰ.. ਕੀ ਲੱਗਦਾ...ਕੀ ਸੀ ਉਹ?

ਵੇਟਰ : ਇਹ ਜਾਨਵਰ ਕਿਤੇ ਵੀ ਵੜ ਸਕਦੈ!

ਘਰੇਲੂ ਔਰਤ : (ਤਰਕ-ਸ਼ਾਸਤਰੀ ਨੂੰ) ਹੈਲੋ... ਬਹੁਤ ਖੁਸ਼ੀ ਹੋਈ ਤੁਹਾਨੂੰ ਮਿਲ ਕੇ!

ਮਾਲਕਣ : (ਦੁਕਾਨਦਾਰ ਨੂੰ) ਹੁਣ ਪਤਾ ਚੱਲੂ ਇਹਨੂੰ ਕਿਸੇ ਹੋਰ ਕੋਲੋਂ ਸਮਾਨ ਲੈਣ ਦਾ ਮਤਲਬ ਕੀ ਏ।

ਜੌਨ : (ਕੈਫ਼ੇ-ਵਾਲੇ ਤੇ ਵੇਟਰ ਨੂੰ) ਤੁਹਾਨੂੰ ਕੀ ਲਗਦੈ ਕੀ ਸੀ ਉਹ?

ਘਰੇਲੂ ਔਰਤ : ਬਿੱਲੀ ਨੂੰ ਮੈਂ ਫੇਰ ਵੀ ਹੱਥੋਂ ਨਿਕਲਣ ਨੀ ਦਿੱਤਾ।

ਕੈਫ਼ੇ-ਵਾਲਾ : ਖਿੜਕੀ ਤੋਂ ਈ, ਮੋਢੇ ਝਟਕਦਾ ਹੋਇਆ) ਪਹਿਲਾਂ ਤਾਂ ਕਦੇ ਦੇਖਿਆ ਨੀ ਏਥੇ!

ਘਰੇਲੂ ਔਰਤ : (ਤਰਕ-ਸ਼ਾਸਤਰੀ ਅਤੇ ਬਜ਼ੁਰਗ ਆਦਮੀ ਨੂੰ ਜਿਹੜੇ ਸਮਾਨ ਇਕੱਠਾ ਕਰਨ 'ਚ ਉਸਦੀ ਮਦਦ ਕਰ ਰਹੇ ਹਨ।) ਇੱਕ ਮਿੰਟ ਜ਼ਰਾ ਇਹਨੂੰ ਫੜੋਗੇ!

ਵੇਟਰ : (ਜੌਨ ਨੂੰ) ਪਹਿਲੀ ਵਾਰੀ ਦੇਖਿਆ ਮੈਂ ਤੇ!

ਤਰਕ-ਸ਼ਾਸਤਰੀ: (ਉਸਦੀ ਬਿੱਲੀ ਫੜਦੇ ਹੋਏ) ਖ਼ਤਰਨਾਕ ਤਾਂ ਨਹੀਂ ਲੱਗਦੀ... ਹੂੰ...?

ਕੈਫ਼ੇ-ਵਾਲਾ : ਹਨੇਰੀ ਓ ਸੀ.. ਬਸ!

ਘਰੇਲੂ-ਔਰਤ : ਇਹਨੇ ਤਾਂ ਕਦੇ ਮੱਖੀ ਨੂੰ ਮੂੰਹ ਨੀ ਮਾਰਿਆ। (ਸਾਰਿਆਂ ਵੱਲ) ਮੇਰੀ ਵਾਈਨ ਦੀ... ਬੋਤਲ?

ਦੁਕਾਨਦਾਰ (ਘਰੇਲੂ ਔਰਤ ਨੂੰ) ਮੇਰੇ ਕੋਲ ਬਹੁਤ ਨੇ।

ਜੌਨ (ਬੇਰੰਜਰ ਨੂੰ) ਅੱਛਾ, ਤੇਰਾ ਕੀ ਖ਼ਿਆਲ ਹੈ ਉਹਦੇ ਬਾਰੇ।

ਦੁਕਾਨਦਾਰ (ਘਰੇਲੂ-ਔਰਤ ਨੂੰ) ਤੇ ਬਹੁਤ ਵਧੀਆ ਮਾਰਕੇ ਦੀਆਂ ਵੀ!

ਕੈਫ਼ੇ-ਵਾਲਾ (ਵੇਟਰ ਨੂੰ) ਖੜ੍ਹਾ ਖੜ੍ਹਾ ਮੂੰਹ ਕੀ ਦੇਖਦਾਂ! (ਜੌਨ ਤੇ ਬੇਰੰਜਰ ਵੱਲ ਇਸ਼ਾਰਾ ਕਰਕੇ) ਜਾ ਕੇ ਪੁੱਛ ਉਨ੍ਹਾਂ ਨੂੰ ਕੀ ਚਾਹੁੰਦੇ ਨੇ! (ਜਾਂਦਾ ਹੈ)

ਬੇਰੰਜਰ (ਜੌਨ ਨੂੰ) ਕਾਹਦੀ ਗੱਲ ਕਰ ਰਿਹਾ ਏਂ ਤੂੰ?

ਮਾਲਕਣ (ਦੁਕਾਨਦਾਰ ਨੂੰ) ਜਾਹ ਨਾ, ਜਾ ਕੇ ਨਵੀਂ ਬੋਤਲ ਲਿਆ ਕੇ ਦੇ ਉਹਨੂੰ!

ਜੌਨ (ਬੇਰੰਜਰ ਨੂੰ) ਗੈਂਡੇ ਦੀ, ਹੋਰ ਕੀਹਦੀ! ਮੇਰਾ ਮਤਲਬ ਤੈਨੂੰ ਕੀ ਲਗਦਾ...?

ਦੁਕਾਨਦਾਰ (ਘਰੇਲੂ-ਔਰਤ ਨੂੰ) ਮੇਰੇ ਕੋਲ ਬਹੁਤ ਵਧੀਆ ਵਧੀਆ ਬ੍ਰਾਂਡ ਪਏ ਨੇ ਜੀ ਵਾਈਨ ਦੇ ਨਾਲੇ ਬੋਤਲ ਵੀ ਅਨਬ੍ਰੇਕੇਬਲ। (ਦੁਕਾਨ ਅੰਦਰ

ਜਾਂਦਾ ਹੈ)

ਤਰਕ-ਸ਼ਾਸਤਰੀ : (ਬਿੱਲੀ ਨੂੰ ਥਾਪੜਦੇ ਹੋਏ) ਪੂਚ... ਪੂਚ... ਪੂਚ।

ਵੇਟਰ : (ਜੋਨ ਤੇ ਬੇਰੰਜਰ ਨੂੰ) ਆਰਡਰ ਸਰ ਜੀ.., ਕੀ ਲਵੋਗੇ ?

ਬੇਰੰਜਰ : ਦੋ ਕੋਲਡ ਕਾਫ਼ੀ।

ਵੇਟਰ : ਦੋ ਕੋਲਡ ਕਾਫ਼ੀ... ਠੀਕ।(ਕੈਫ਼ੇ ਦੇ ਦਰਵਾਜ਼ੇ ਵੱਲ ਨੂੰ ਜਾਂਦਾ ਹੈ)

ਘਰੇਲੂ-ਔਰਤ : (ਸਮਾਨ ਸਾਂਭ ਕੇ ਬਜ਼ੁਰਗ ਨੂੰ) ਮਿਹਰਬਾਨੀ। ਤੁਸੀਂ ਬੜੇ ਦਿਆਲੂ ਹੋ।

ਵੇਟਰ : ਦੋ ਕੋਲਡ ਕਾਫ਼ੀ!(ਰੱਖ ਕੇ ਜਾਂਦਾ ਹੈ)

ਬਜ਼ੁਰਗ : (ਘਰੇਲੂ-ਔਰਤ ਨੂੰ) ਛੱਡੋ ਜੀ, ਬੜੀ ਖੁਸ਼ੀ ਹੋਈ ਮੈਨੂੰ ਤਾਂ
(ਮਾਲਕਣ ਦੁਕਾਨ ਅੰਦਰ ਜਾਂਦੀ ਹੈ।)

ਤਰਕ-ਸ਼ਾਸਤਰੀ: (ਬਜ਼ੁਰਗ ਤੇ ਔਰਤ ਨੂੰ ਜਿਹੜੇ ਟੋਕਰੀ 'ਚ ਸਮਾਨ ਰੱਖ ਰਹੇ ਹਨ) ਜ਼ਰਾ ਸਲੀਕੇ ਨਾਲ ਲਾਓ, ਤਰਤੀਬ 'ਚ...।

ਜੋਨ : (ਬੇਰੰਜਰ ਨੂੰ) ਤਾਂ ਕੀ ਸੋਚਦੈਂ ਤੂੰ ਉਹਦੇ ਬਾਰੇ ?

ਬੇਰੰਜਰ : (ਕੁਝ ਸੁੱਝਦਾ ਨਹੀਂ) ਧੂੜ ਈ ਧੂੜ ਕਰ ਦਿੱਤੀ ਚਾਰੇ ਪਾਸੇ ਹੋਰ ਕੀ!

ਦੁਕਾਨਦਾਰ : (ਵਾਈਨ ਦੀ ਬੋਤਲ ਲੈ ਕੇ ਬਾਹਰ ਆਉਂਦਾ ਹੈ) ਹੋਰ ਬ੍ਰਾਂਡ ਵੀ ਪਏ ਨੇ... ਜੇ ਕਹੋਂ ਤਾਂ..

ਤਰਕ-ਸ਼ਾਸਤਰੀ: (ਹਾਲੇ ਵੀ ਬਿੱਲੀ ਨੂੰ ਪੁਚਕਾਰ ਰਿਹਾ ਹੈ।) ਪੂਚ... ਪੂਚ... ਪੂਚ।

ਦੁਕਾਨਦਾਰ : (ਘਰੇਲੂ-ਔਰਤ ਨੂੰ) ਸਿਰਫ ਸੌ ਫ਼੍ਰੈਂਕ।

ਘਰੇਲੂ-ਔਰਤ : (ਉਸਨੂੰ ਪੈਸੇ ਦਿੰਦੀ ਹੈ ਤੇ ਬਜ਼ੁਰਗ ਵੱਲ ਮੁੜ ਕੇ, ਜਿਹੜਾ ਹੁਣ ਤੱਕ ਟੋਕਰੀ ਪੈਕ ਕਰ ਚੁੱਕਾ ਹੈ) ਬਹੁਤ ਬਹੁਤ ਮਿਹਰਬਾਨੀ।ਪੁਰਾਣਾ ਫਰੈਂਚ ਸ਼ਿਸ਼ਟਾਚਾਰ ਵੇਖ ਕੇ ਕਿੰਨਾ ਸੋਹਣਾ ਲਗਦੈ। ਅੱਜ ਦੇ ਨੌਜਵਾਨਾਂ ਵਾਂਗ ਨਹੀਂ!

ਦੁਕਾਨਦਾਰ : (ਪੈਸੇ ਲੈ ਕੇ) ਤੁਸੀਂ ਸਾਡੇ ਕੋਲੋਂ ਲਿਆ ਕਰੋ ਜੀ ਸਮਾਨ। ਗਲੀ ਪਾਰ ਕਰਨ ਦੀ ਵੀ ਲੋੜ ਨਹੀਂ ਤੁਹਾਨੂੰ ਤਾਂ, ਨਾਲੇ ਇਹੋ ਜਿਹੇ ਐਕਸੀਡੈਂਟਾਂ ਦਾ ਖ਼ਤਰਾ ਲੈਣ ਦੀ ਲੋੜ ਨੀ।(ਦੁਕਾਨ ਅੰਦਰ ਜਾਂਦਾ ਹੈ)

ਜੋਨ : (ਜੋ ਹੁਣ ਬੈਠ ਚੁੱਕਾ ਹੈ ਤੇ ਹਾਲੇ ਤਾਈਂ ਗੈਂਡੇ ਬਾਰੇ ਸੋਚ ਰਿਹਾ ਹੈ) ਪਰ ਇਹ ਤਾਂ ਮੰਨਣਾ ਪਏਗਾ... ਬੜਾ ਅਦਭੁੱਤ ਸੀ।

ਬਜ਼ੁਰਗ : (ਹੈਟ ਉਤਾਰ ਕੇ, ਘਰੇਲੂ-ਔਰਤ ਦਾ ਹੱਥ ਚੁੰਮਦਾ ਹੈ) ਬਹੁਤ ਖੁਸ਼ੀ ਹੋਈ ਤੁਹਾਨੂੰ ਮਿਲਕੇ।

ਘਰੇਲੂ-ਔਰਤ : (ਤਰਕ-ਸ਼ਾਸਤਰੀ ਨੂੰ) ਸ਼ੁਕਰੀਆ ਬਹੁਤ ਬਹੁਤ, ਮੇਰੀ ਬਿੱਲੀ ਦਾ ਧਿਆਨ ਰੱਖਣ ਲਈ।
(ਤਰਕ-ਸ਼ਾਸਤਰੀ ਉਸਨੂੰ ਬਿੱਲੀ ਵਾਪਿਸ ਫੜਾਉਂਦਾ ਹੈ। ਵੇਟਰ ਕਾਫ਼ੀ ਲੈ ਕੇ ਆਉਂਦਾ ਹੈ।)

ਵੇਟਰ : ਦੋ ਕਾਫ਼ੀ।

ਜੋਨ	(ਬੇਰੰਜਰ ਨੂੰ) ਤੇਰਾ ਕੁਝ ਨੀ ਹੋ ਸਕਦਾ!

ਬਜ਼ੁਰਗ	ਕੀ ਮੈਂ ਤੁਹਾਡੀ ਕੰਪਨੀ ਕਰ ਸਕਦਾਂ... ਥੋੜ੍ਹੀ ਦੂਰ?

ਬੇਰੰਜਰ	(ਵੇਟਰ ਵੱਲ ਇਸ਼ਾਰਾ ਕਰ ਕੇ, ਜੋਨ ਨੂੰ) ਮੈਂ ਪਾਣੀ ਦੀ ਬੋਤਲ ਮੰਗਾਈ ਸੀ। ਭੁਲੇਖਾ ਲੱਗ ਗਿਆ ਉਸਨੂੰ।

(ਜੋਨ ਨਫ਼ਰਤ ਤੇ ਬੇਇਤਬਾਰੀ 'ਚ ਮੋਢੇ ਛੰਡਦਾ ਹੈ।)

ਘਰੇਲੂ-ਔਰਤ : ਮੇਰੇ ਸ਼ੌਹਰ ਮੇਰਾ ਇੰਤਜ਼ਾਰ ਕਰ ਰਹੇ ਨੇ। ਫੇਰ ਕਦੇ।

ਬਜ਼ੁਰਗ	(ਘਰੇਲੂ-ਔਰਤ ਨੂੰ) ਪੱਕਾ ਮੈਂ ਉਮੀਦ ਕਰਾਂਗਾ... ਮੈਡਮ।

ਘਰੇਲੂ-ਔਰਤ · ਮੈਂ ਵੀ। (ਮੁਸਕਰਾ ਕੇ ਖੱਬੇ ਪਾਸੇ ਨਿਕਲ ਜਾਂਦੀ ਹੈ।)

ਬੇਰੰਜਰ	ਧੂੜ ਤਾਂ ਬੈਠ ਗਈ

(ਜੋਨ ਮੁੜ ਮੋਢੇ ਝਟਕਦਾ ਹੈ।)

ਬਜ਼ੁਰਗ	(ਨਜ਼ਰਾਂ ਘਰੇਲੂ-ਔਰਤ ਵੱਲ ਹਨ ਪਰ ਗੱਲ ਤਰਕ-ਸ਼ਾਸਤਰੀ ਨਾਲ ਕਰ ਰਿਹਾ ਹੈ।) ਕਿਆ ਮਸਤ ਸ਼ੈਅ ਸੀ!

ਜੋਨ	(ਬੇਰੰਜਰ ਨੂੰ) ਗੈਂਡਾ! ਮੈਂ ਇਹ ਹਜ਼ਮ ਨਹੀਂ ਕਰ ਸਕਦਾ।

(ਬਜ਼ੁਰਗ ਅਤੇ ਤਰਕ-ਸ਼ਾਸਤਰੀ ਹੌਲੀ ਹੌਲੀ ਸੱਜੇ ਪਾਸੇ ਨੂੰ ਨਿਕਲ ਜਾਂਦੇ ਹਨ। ਉਹ ਬੜੇ ਸਲੀਕੇ ਨਾਲ ਗੱਲਾਂ ਕਰਦੇ ਹੋਏ ਤੁਰਦੇ ਹਨ।)

ਬਜ਼ੁਰਗ	(ਔਰਤ ਵਾਲੇ ਪਾਸੇ ਨੂੰ ਇੱਕ ਭਰਪੂਰ ਨਿਗਾਹ ਮਾਰ ਕੇ ਮੁੜ ਤਰਕ-ਸ਼ਾਸਤਰੀ ਨੂੰ ਮੁਖ਼ਾਤਬ ਹੁੰਦਾ ਹੈ) ਮਸਤ ਸੀ ਨਾ ਉਹ, ਨਹੀਂ?

ਤਰਕ-ਸ਼ਾਸਤਰੀ : ਮੈਂ ਇਹ ਵਿਆਖਿਆ ਕਰ ਰਿਹਾ ਸੀ ਕਿ ਤਰਕ ਕੀ ਹੈ, ਉਸਦਾ ਵਿਧਾਨ।

ਬਜ਼ੁਰਗ	ਓ ਹ ਹਾਂ ਤਰਕ-ਵਿਧਾਨ।

ਜੋਨ	(ਬੇਰੰਜਰ ਨੂੰ) ਮੇਰੇ ਦਿਮਾਗ਼ 'ਚੋਂ ਨਿਕਲਦਾ ਨਹੀ। ਸੋਚਿਆ ਵੀ ਕਿਵੇਂ ਜਾ ਸਕਦਾ!

(ਬੇਰੰਜਰ ਉਬਾਸੀ ਲੈਂਦਾ ਹੈ।)

ਤਰਕ-ਸਾਸਤਰੀ : ਇਸਦੇ. . ਤਿੰਨ ਹਿੱਸੇ ਹਨ. ਮੁੱਖ ਹਿੱਸਾ, ਫੇਰ ਸੈਕੰਡਰੀ ਯਾਨੀ ਦੂਜਾ ਤੇ ਫੇਰ ਸਿੱਟਾ।

ਬਜ਼ੁਰਗ	ਸਿੱਟਾ ਯਾਨੀ... ਕਾਹਦਾ?

(ਤਰਕ-ਸ਼ਾਸਤਰੀ ਤੇ ਬਜ਼ੁਰਗ ਬਾਹਰ ਨਿਕਲ ਜਾਂਦੇ ਹਨ।)

ਜੋਨ	ਮੈਂ ਹਰਗਿਜ਼ ਭੁਲਾ ਨਹੀਂ ਪਾ ਰਿਹਾ।

ਬੇਰੰਜਰ	ਹਾਂ, ਮੈਂ ਦੇਖ ਰਿਹਾਂ ਤੈਥੋਂ ਨਹੀਂ ਹੋ ਰਿਹਾ। ਠੀਕ ਐ, ਗੈਂਡਾ ਸੀ, ਠੀਕ, ਤਾ ਉਹ ਬਸ ਗੈਂਡਾ ਸੀ। ਹੁਣ ਤਾਂ ਉਹ ਮੀਲਾਂ ਦੂਰ ਨਿਕਲ ਗਿਆ ਹੋਣੈ .. ਮੀਲਾਂ ਦੂਰ

ਜੋਨ	ਪਰ ਤੈਨੂੰ ਇਹ ਅਜੀਬ ਨਹੀਂ ਲੱਗਦਾ। ਇਕ ਗੈਂਡਾ ਖੁੱਲ੍ਹਾ ਤੁਰਿਆ ਫਿਰਦਾ... ਸ਼ਹਿਰ 'ਚ, ਤੇ ਤੇਰੇ 'ਤੇ ਕੋਈ ਅਸਰ ਈ ਨਹੀਂ. . ਭੌਰਾ

ਵੀ! ਇਸਦੀ ਇਜਾਜ਼ਤ ਨਹੀ ਦਿੱਤੀ ਜਾ ਸਕਦੀ।

(ਬੇਰੰਜਰ ਫੇਰ ਉਬਾਸੀ ਲੈਂਦਾ ਹੈ।)

ਜੇਨ — ਮੂੰਹ 'ਤੇ ਹੱਥ ਰੱਖ ਕੇ... ਕਰ!

ਬੇਰੰਜਰ — (ਉਬਾਸੀ ਲੈਂਦੇ ਹੋਏ) ਓ ਹ ਹਾਂ ਹਾਂ ਇਜਾਜਤ ਨਹੀਂ ਹਣੀ ਚਾਹੀਦੀ। ਇਹ ਖ਼ਤਰਨਾਕ ਹੈ। ਮੈਂ ਸਮਝ ਈ ਨੀ ਸੀ ਸਕਿਆ। ਪਰ ਛੱਡ ਨਾ ਹੁਣ ਇਹਨੂੰ, ਅਸੀਂ ਕਾਹਦੇ ਲਈ ਆਏ ਸੀ ਇੱਥੇ!

ਜੇਨ — ਸਾਨੂੰ ਟਾਊਨ ਕੌਂਸਲ ਕੋਲ ਸ਼ਿਕਾਇਤ ਕਰਨੀ ਚਾਹੀਦੀ ਹੈ। ਹੋਰ ਕੌਂਸਲ ਦਾ ਮਤਲਬ ਕੀ ਹੈ? ... ਹੈ ਕਾਹਦੇ ਲਈ?

ਬੇਰੰਜਰ — (ਉਬਾਸੀ ਲੈਣ ਲੱਗਦਾ ਹੈ, ਛੇਤੀ ਨਾਲ ਮੂੰਹ 'ਤੇ ਹੱਥ ਰੱਖਦਾ ਹੈ।) ਓ... ਐਕਸਕਿਊਜ਼ ਮੀ...। ਉਹ ਗੈਂਡਾ ਸ਼ਾਇਦ ਚਿੜੀਆਘਰ 'ਚੋਂ ਭੱਜਿਆ ਹੋਏਗਾ।

ਜੇਨ — ਸੁਫ਼ਨੇ ਆ ਰਹੇ ਤੈਨੂੰ ਦਿਨੇ ਈ...

ਬੇਰੰਜਰ — ਮੈਂ ਪੂਰੀ ਤਰ੍ਹਾਂ ਜਾਗ ਰਿਹਾਂ।

ਜੇਨ — ਸੁੱਤਾ ਜਾਂ ਜਾਗਦਾ, ਇੱਕੋ ਈ ਗੱਲ ਐ।

ਬੇਰੰਜਰ — ਪਰ ਕੁਝ ਫ਼ਰਕ ਤਾਂ ਹੈ।

ਜੇਨ — (ਜ਼ੋਰ ਦੇ ਕੇ) ਇਹ ਮੁੱਦਾ ਨਹੀਂ!

ਬੇਰੰਜਰ — ਪਰ ਤੂੰ ਹੁਣੇ ਕਿਹਾ ਕਿ ਸੁੱਤਾ ਜਾਂ ਜਾਗਦਾ, ਕੋਈ ਫ਼ਰਕ ਈ ਨਹੀਂ।

ਜੇਨ — ਤੇਰੇ ਨੀ ਸਮਝ ਆਉਣੀ। ਸੁਫ਼ਨਾ ਚਾਹੇ ਸੁੱਤੇ ਹੋਏ ਦੇਖੋ ਜਾਂ ਜਾਗਦੇ ਹੋਏ, ਕੋਈ ਫ਼ਰਕ ਨਹੀਂ ਦੋਹਾਂ 'ਚ।

ਬੇਰੰਜਰ — ਸੁਫ਼ਨ ਤਾਂ ਦੇਖਦਾਂ ਮੈਂ। ਜ਼ਿੰਦਗੀ ਸੁਫਨਾ ਈ ਤਾਂ ਹੈ।

ਜੇਨ — ਜਦੋਂ ਤੂੰ ਕਿਹਾ ਕਿ ਉਹ ਗੈਂਡਾ ਚਿੜੀਆਘਰ 'ਚੋਂ ਭੱਜਿਆ ਹੋਇਗਾ... ਲਾਜ਼ਮੀ ਏ ਕਿ ਤੂੰ ਉਸ ਵੇਲੇ ਸੁਫਨਾ ਲੈ ਰਿਹਾ ਸੀ।

ਬੇਰੰਜਰ — ਮੈਂ ਤਾਂ ਬਸ ਕਿਹਾ ਸੀ ਕਿ ਸ਼ਾਇਦ . .

ਜੇਨ — ਕਿਉਂਕਿ ਸ਼ਹਿਰ 'ਚ ਕੋਈ ਚਿੜੀਆਘਰ ਹੈ ਹੀ ਨਹੀਂ, ਜਦੋਂ ਦੇ ਜਾਨਵਰ ਸਾਰੇ ਪਲੇਗ 'ਚ ਮਾਰੇ ਗਏ... ਮੁੱਦਤਾਂ ਹੋ ਗਈਆਂ।

ਬੇਰੰਜਰ — (ਬਿਲਕੁਲ ਉਸੇ ਮੂਡ 'ਚ) ਤਾਂ ਫੇਰ ਸਰਕਸ 'ਚੋਂ ਭੱਜਿਆ ਹੋਏਗਾ।

ਜੇਨ — ਕਿਹੜੀ ਸਰਕਸ ਦੀ ਗੱਲ ਕਰ ਰਿਹਾਂ ਤੂੰ?

ਬੇਰੰਜਰ — ਪਤਾ ਨਹੀਂ ਕਈ ਲੱਗੀ ਹੋਏਗੀ!

ਜੇਨ — ਤੈਨੂੰ ਪਤਾ,... ਚੰਗੀ ਤਰ੍ਹਾਂ ਪਤਾ ਕਿ ਕੌਂਸਲ ਨੇ ਇਹੋ ਜਿਹੀਆਂ ਤਮਾਮ ਚੀਜਾਂ 'ਤੇ ਪਾਬੰਦੀ ਲਾ ਰੱਖੀ ਐ। ਜਦੋਂ ਅਸੀਂ ਹਾਲੇ ਬੱਚੇ ਸਾਂ, ਉਦੋਂ ਦੀ ਸ਼ਹਿਰ 'ਚ ਕੋਈ ਸਰਕਸ ਨਹੀਂ ਆਈ।

ਬੇਰੰਜਰ — (ਰੁਕਦੇ ਰੁਕਦੇ ਵੀ ਉਬਾਸੀ ਆ ਜਾਂਦੀ ਹੈ) ਫੇਰ. ਜ਼ਰੂਰ ਸ਼ਹਿਰੋਂ... ਬਾਹਰ ਕਿਤੇ ਕਿਸੇ ਦਲਦਲੀ ਜਮੀਨ 'ਚ ਲੁਕਿਆ ਹੋਣੈ... ਉਦੋਂ ਦਾ?

ਜੇਨ    ਦਲਦਲੀ ਜ਼ਮੀਨ! ...ਸ਼ਹਿਰ ਦੇ ਆਲੇ-ਦੁਆਲੇ... ਦਲਦਲੀ ਜ਼ਮੀਨ! ਜਨਾਬ ਨੂੰ ਹਾਲੇ ਭਾਈਂ ਉੱਤਰੀ ਨਹੀਂ, ਕੋਹਰਾ ਜੰਮ ਗਿਆ ਤੇਰੇ ਦਿਮਾਗ਼ 'ਤੇ।

ਬੇਰੰਜਰ    (ਭੋਲੇਪਨ 'ਚ) ਹਾਂ, ਉਹ ਤਾਂ ਹੈ, ਢਿੱਡ 'ਚੋਂ ਮਰੋੜ ਉਠ ਰਹੇ

ਜੇਨ    ਉਹ ਤੇਰੇ ਦਿਮਾਗ਼ 'ਤੇ ਜੰਮੀ ਐ ਧੁੰਦ! ਕਿੱਥੇ ਦੇਖੀ.. ਤੂੰ ਦਲਦਲ... ਆਲੇ-ਦੁਆਲੇ? ਸਾਡੇ ਸ਼ਹਿਰ ਦੇ ਪਛਾਣ 'ਛੋਟੇ ਪਠਾਰ' ਵਰਗੀ ਹੈ, ਕਿਉਂ ਜੋ ਸਾਡੀ ਜ਼ਮੀਨ ਖੁਸ਼ਕ ਹੈ ਤੇ ਖੰਗਰ।

ਬੇਰੰਜਰ    (ਆਫ਼ਰਿਆ ਤੇ ਥੱਕਿਆ ਜਿਹਾ ਮਹਿਸੂਸ ਕਰਦਾ) ਮੈਨੂੰ ਫੇਰ ਕੀ ਪਤਾ? ਹੋ ਸਕਦਾ ਹੈ ਕਿਸੇ ਪੱਥਰ ਥੱਲੇ ਲੁਕਿਆ ਹੋਵੇ? ਭਾਵੇਂ ਕਿਸੇ ਕੰਬਖਤ ਟਹਿਣੀ 'ਤੇ ਘੋਂਸਲਾ ਪਾਈ ਬੈਠਾ ਹੋਵੇ?

ਜੇਨ    ਜੇ ਤੈਨੂੰ ਲਗਦੈ ਕਿ ਤੂੰ ਬੜਾ ਮਜਾਕੀਆ ਬਣ ਰਿਹੈਂ ਤਾਂ ਵਹਿਮ ਐ ਤੇਰਾ! ਤੂੰ ਬਸ ਬੋਰ ਹੋ ਗਿਆਂ ਜਿਹੜਾ ਯਬਲੀਆਂ ਮਾਰ ਰਿਹੈਂ.. ਬੇ ਸਿਰ-ਪੈਰ ਦੀਆਂ। ਕੋਈ ਸੰਜੀਦਾ ਗੱਲ ਤਾਂ ਤੂੰ ਕਰ ਹੀ ਨਹੀਂ ਸਕਦਾ!

ਬੇਰੰਜਰ    ਹਾਂ.., ਅੱਜ ਤਾਂ (ਸਿਰ ਫੜ ਲੈਂਦਾ ਹੈ), ਹਮੇਸ਼ਾ ਇੰਝ ਥੋੜ੍ਹੀ (ਸਿਰ ਮਾਰਦਾ ਹੈ)

ਜੇਨ    ਕੋਈ ਫ਼ਰਕ ਨਹੀਂ, ਅੱਜ-ਭਲਕ ਸਭ ਇੱਕੋ।

ਬੇਰੰਜਰ    ਓ ਨਹੀਂ, ਅੱਜ ਜਿੰਨਾ ਤਾਂ ਕਦੇ ਨਹੀਂ।

ਜੇਨ    ਜਿਹੜੇ ਤੂੰ ਵਿਅੰਗ ਮਾਰਨ ਦੀ ਕੋਸ਼ਿਸ਼ ਕਰ ਰਿਹੈਂ ਨਾ...ਕੋਈ ਬਹੁਤ ਵਧੀਆ ਪ੍ਰਭਾਵ ਨੀ ਪਾਉਂਦੇ।

ਬੇਰੰਜਰ    ਮੈਂ ਕਦੋਂ ਕੋਸ਼ਿਸ਼ ਕਰ ਰਿਹਾਂ।

ਜੇਨ    (ਟੋਕ ਕੇ) ਮੈਂ ਉੱਕਾ ਈ ਬਰਦਾਸ਼ਤ ਨਹੀਂ ਕਰ ਸਕਦਾ ਕਿ ਕੋਈ ਮੇਰਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕਰੇ।

ਬੇਰੰਜਰ    ਪਰ ਯਾਰ (ਦਿਲ 'ਤੇ ਹੱਥ ਰੱਖ ਕੇ) ਮੈਂ ਕਦੋ ਕਰ ਈ ਨਹੀਂ ਸਕਦਾ

ਜੇਨ    (ਪੂਰੀ ਸ਼ਿੱਦਤ ਨਾਲ) ਨਹੀਂ; ਮੇਰੇ ਪਿਆਰੇ ਜੀਓ.. ਤੁਸੀਂ ਇਹੋ ਕਰ ਰਹੇ ਹੋ।

ਬੇਰੰਜਰ    : ਹਰਗਿਜ਼ ਨਹੀਂ, ਮੈਂ ਇਹ ਸੋਚ ਵੀ ਨਹੀਂ ਸਕਦਾ।

ਜੇਨ    : ਤੁਸੀਂ ਕੀਤਾ.., ਹੁਣੇ ਕੀਤਾ।

ਬੇਰੰਜਰ    : ਕਿਵੇਂ ਤੁਸੀਂ ਇਹ ਸੋਚ ਸਕਦੇ ਹੋ ਕਿ...

ਜੇਨ    : ਮੈਂ ਸੋਚ ਸਕਦਾਂ, ਕਿਉਂਕਿ ਇੰਝ ਹੀ ਹੈ!

ਬੇਰੰਜਰ    : ਮੈਂ ਸੌਂਹ ਖਾ ਕੇ ਕਹਿੰਦਾਂ।

ਜੇਨ    : (ਟੋਕ ਕੇ) ਫੇਰ... ਫੇਰ ਮਜ਼ਾਕ ਉਡਾ ਰਿਹੈਂ ਤੂੰ ਮੇਰਾ!

ਬੇਰੰਜਰ    : ਕਦੇ ਕਦੇ ਨਾ ਤੂੰ ਐਵੇਂ... ਜਿੱਦ ਫੜ ਕੇ ਬਹਿ ਜਾਨਾਂ।

ਜੇਨ    ਹੁਣ ਤੂੰ ਉਲਟਾ ਮੇਰੇ 'ਤੇ ਬਹਿਸ ਦਾ ਇਲਜ਼ਾਮ ਲਾ ਰਿਹੈਂ। ਜਦਕਿ ਤੈਨੂੰ ਚੰਗੀ ਤਰ੍ਹਾਂ ਪਤੈ ਕਿ ਤੂੰ ਮੇਰੀ ਬੇਜ਼ਤੀ ਕੀਤੀ ਤੇ ਕਰ ਰਿਹੈਂ।

ਬੇਰੰਜਰ ਮੇਰੇ ਤਾਂ ਕਦੇ ਦਿਮਾਗ਼ 'ਚ ਵੀ ਨਹੀਂ ਆਇਆ।

ਜੋਨ ਦਿਮਾਗ਼ ਤਾਂ ਤੇਰਾ ਹੈ ਹੀ ਨਹੀਂ!

ਬੇਰੰਜਰ ਫੇਰ ਤਾਂ ਹੋਰ ਵੀ ਪੱਕਾ ਕਿ ਕਿਉਂ ਮੇਰੇ ਦਿਮਾਗ਼ 'ਚ ਨਹੀਂ ਆਇਆ।

ਜੋਨ ਕੁਝ ਚੀਜ਼ਾਂ ਦੇ ਸੋਚਣ ਲਈ ਦਿਮਾਗ਼ ਦੀ ਲੋੜ ਨਹੀਂ ਪੈਂਦੀ, ਖ਼ਾਲੀ ਖੋਪੜੀ 'ਚ ਈ ਘੁਸ ਜਾਂਦੀਆਂ।

ਬੇਰੰਜਰ ਇਹ ਨਹੀਂ ਹੋ ਸਕਦਾ।

ਜੋਨ ਅੱਛਾ.. ਕਿਉਂ! ਹਾਂ ਦੱਸੋ.. ਕਿਉਂ ਨਹੀਂ ਹੋ ਸਕਦਾ?

ਬੇਰੰਜਰ ਕਿਉਂਕਿ ਨਾਮੁਮਕਿਨ ਹੈ।

ਜੋਨ ਫੇਰ ਦੱਸੋ ਨਾ ਕਿਉਂ ਨਾਮੁਮਕਿਨ ਹੈ, ਵਿਆਖਿਆ ਕਰੋ, ਜਿਵੇਂ ਤੁਹਾਨੂੰ ਲੱਗਦਾ ਹੀ ਹੈ ਕਿ ਤੁਸੀਂ ਹਰ ਗੱਲ ਦੀ ਵਿਆਖਿਆ ਕਰ ਸਕਦੇ ਹੋ।

ਬੇਰੰਜਰ ਮੈਂ ਏਦਾਂ ਦੀ ਕੋਈ ਗੱਲ ਨੀ ਸੋਚਦਾ।

ਜੋਨ ਫੇਰ ਤੁਹਾਡੀਆਂ ਹਰਕਤਾਂ ਤੋਂ .. ਏਦਾਂ ਲੱਗਦਾ ਕਿਉਂ ਐ? ਮੈਂ ਫੇਰ ਪੁੱਛਦਾ ਹਾਂ, ਕਿਉਂ ਤੁਸੀਂ ਮੇਰੇ ਨਾਲ ਏਨੀ ਬਦਤਮੀਜ਼ੀ ਨਾਲ ਪੇਸ਼ ਆ ਰਹੇ ਹੋ?

ਬੇਰੰਜਰ ਮੈਂ ਕੋਈ ਤੌਹੀਨ ਨਹੀਂ ਕਰ ਰਿਹਾ ਤੁਹਾਡੀ। ਸਗੋਂ ਉਲਟਾ; ਤੁਹਾਨੂੰ ਪਤੈ ਕਿ ਮੈਂ ਤੁਹਾਡੀ ਕਿੰਨੀ ਇੱਜਤ ਕਰਦਾ ਹਾਂ।

ਜੋਨ ਤਾਂ ਫੇਰ. . ਤੁਸੀਂ ਮੇਰੀ ਗੱਲ ਨੂੰ ਟੋਕਿਆ ਕਿਉਂ; ਇਹ ਦਿਖਾਉਣ ਦੀ ਕੋਸ਼ਿਸ਼ ਕਿਉਂ ਕੀਤੀ ਕਿ ਗੈਂਡਿਆਂ ਦਾ ਇਉਂ ਖੁਲ੍ਹੇਆਮ ਸ਼ਹਿਰ 'ਚ ਦੜੰਗੇ ਮਾਰਦੇ ਫਿਰਨਾ ਕੋਈ ਗੱਲ ਈ ਨਹੀਂ... ਖ਼ਤਰੇ ਵਾਲੀ; ਤੇ ਉਹ ਵੀ ਐਤਵਾਰ ਵਾਲੇ ਦਿਨ...ਜਦੋਂ ਗਲੀਆਂ ਸੜਕਾਂ ਸਭ ਭਰੀਆਂ ਹੁੰਦੀਆਂ ਬੱਚਿਆਂ ਨਾਲ, ਬਾਲਗਾਂ ਨਾਲ ਤੇ...

ਬੇਰੰਜਰ ਵੱਡੀ ਗਿਣਤੀ ਤਾਂ ਚਰਚ 'ਚ ਬੈਠੀ ਹੈ। ਉਨ੍ਹਾਂ ਨੂੰ ਇਹ ਖ਼ਤਰਾ ਨਹੀਂ।

ਜੋਨ (ਟੋਕ ਕੇ) ਮੈਨੂੰ ਗੱਲ ਪੂਰੀ ਕਰਨ ਦਿਓਂਗੇ, ਗੈਂਡੇ... ਜਦੋਂ ਬਾਜ਼ਾਰ ਹਾਲੇ ਖੁੱਲੇ ਨੇ...

ਬੇਰੰਜਰ ਮੈਂ ਕਦੇ ਨਹੀਂ ਕਿਹਾ ਕਿ ਗੈਂਡਿਆਂ ਦਾ ਇਉਂ ਸ਼ਹਿਰ 'ਚ ਦੌੜਦੇ ਫਿਰਨਾ ਖ਼ਤਰਨਾਕ ਨਹੀਂ। ਮੈਂ ਤਾਂ ਬਸ ਇੰਨਾ ਕਿਹਾ ਕਿ ਮੈਨੂੰ ਖ਼ੁਦ ਇੰਝ ਖ਼ਤਰਾ ਲੱਗਿਆ ਨਹੀਂ। ਮੇਰੇ ਬਸ ਦਿਮਾਗ਼ 'ਚ ਈ ਨਹੀਂ ਆਇਆ।

ਜੋਨ ਤੈਨੂੰ ਕਦੇ ਕੁਝ ਲੱਗਦਾ ਈ ਨਹੀਂ।

ਬੇਰੰਜਰ ਚਲੋ... ਮੈਂ ਸਹਿਮਤ, ਠੀਕ। ਗੈਂਡਿਆਂ ਦਾ ਇਉਂ ਘੁੰਮਣਾ ਕੋਈ ਚੰਗੀ ਗੱਲ ਨਹੀਂ।

ਜੋਨ ਇਸਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਬੇਰੰਜਰ ਠੀਕ ਐ; ਨਹੀਂ ਦਿੱਤੀ ਜਾਣੀ ਚਾਹੀਦੀ। ਬਿਲਕੁਲ ਠੀਕ ਹੈ, ਖੜੀ

ਹਾਸੋਹੀਣੀ ਗੱਲ ਹੈ ਇਹ! ਪਰ ਸਾਨੂੰ ਇਸ ਖ਼ਾਤਿਰ ਆਪਸ 'ਚ ਝਗੜਨ ਦੀ ਕੀ ਲੋੜ ਹੈ। ਜੇ ਕੋਈ ਕੰਬਖ਼ਤ ਗੈਂਡਾ ਇਥੋਂ ਦੀ ਲੰਘ ਗਿਆ ਤਾਂ ਮੇਰੇ ਪਿੱਛੇ ਪੈਣ ਦੀ ਕੀ ਲੋੜ ਐ। ਨਾਮੁਰਾਦ ਡੰਗਰ ਘਾਹ ਖਾਣ ਵਾਲਾ, ਗੱਲ ਕਰਨ ਦੀ ਵੀ ਕੀ ਲੋੜ ਹੈ ਉਸਦੇ ਬਾਰੇ। ਤੇ ਅਸੀਂ ਏਨਾ ਬਹਿਸ ਰਹੇ ਹਾਂ, ਖ਼ੂੰਖਾਰ ਹੋ ਰਹੇ ਹਾਂ। ਉਸ ਲਈ ਜਿਹੜਾ ਕਦੋਂ ਦਾ ਜਾ ਚੁੱਕਾ ਹੈ, ਜਿਹਦੀ ਕੋਈ ਹੋਂਦ ਹੀ ਨਹੀਂ ਹੁਣ। ਸਾਨੂੰ ਕਿਸੇ ਪਸ਼ੂ ਬਾਰੇ, ਜਿਹੜਾ ਹੈ ਹੀ ਨਹੀਂ, ਸਿਰ ਖਪਾਉਣ ਦੀ ਉੱਕਾ ਈ ਲੋੜ ਨਹੀਂ। ਜੋਨ... ਪਲੀਜ਼ ਕੋਈ ਹੋਰ ਗੱਲ ਕਰਦੇ ਆਂ ਨਾ; (ਉਹ ਉਬਾਸੀ ਲੈਂਦਾ) ਕਿੰਨਾ ਕੁਝ ਹੈ ਗੱਲ ਕਰਨ ਨੂੰ। (ਗਿਲਾਸ ਚੁੱਕਦਾ ਹੈ) ਤੇਰੇ ਨਾਮ!

(ਤਰਕ-ਸ਼ਾਸਤਰੀ ਤੇ ਬਜ਼ੁਰਗ ਉਵੇਂ ਹੀ ਗੱਲਾਂ ਕਰਦੇ ਮੜ ਖੱਬੇ ਪਾਸਿਓਂ ਮੰਚ 'ਤੇ ਆਉਂਦੇ ਹਨ ਤੇ ਬੇਰੰਜਰ ਅਤੇ ਜੋਨ ਤੋਂ ਥੋੜ੍ਹੀ ਦੂਰ, ਉਨ੍ਹਾਂ ਦੇ ਪਿੱਛੇ ਸੱਜੇ ਪਾਸੇ ਵਾਲੀ ਟੇਬਲ ਕੋਲੋਂ ਲੰਘਦੇ ਹਨ।)

ਜੋਨ : ਵਾਪਿਸ ਰੱਖ ਗਿਲਾਸ। ਤੂੰ ਨਹੀਂ ਪੀਏਂਗਾ।

(ਜੋਨ ਆਪ ਇੱਕ ਵੱਡਾ ਘੁੱਟ ਭਰ ਕੇ ਗਿਲਾਸ ਅੱਧ ਖਾਲੀ ਕਰਕੇ ਮੇਜ਼ 'ਤੇ ਰੱਖਦਾ ਹੈ। ਬੇਰੰਜਰ ਗਿਲਾਸ ਹੱਥ 'ਚ ਫੜੀ ਰੱਖਦਾ ਹੈ, ਨਾ ਤਾਂ ਪੀਣ ਦੀ ਹਿੰਮਤ ਕਰਦਾ ਹੈ, ਨਾ ਹੀ ਮੇਜ਼ 'ਤੇ ਰੱਖਦਾ ਹੈ।)

ਬੇਰੰਜਰ : (ਮਰੀਅਲ ਜਿਹੀ ਅਵਾਜ਼ 'ਚ) ਦੁਕਾਨ ਵਾਲਿਆਂ ਲਈ ਛੱਡਣ ਦਾ ਕੀ ਫ਼ਾਇਦਾ ਏ। (ਦਿਖਾਉਂਦਾ ਹੈ ਜਿਵੇਂ ਪੀਣ ਹੀ ਲੱਗਾ ਹੈ)

ਜੋਨ : ਰੱਖ ਦੇ ਥੱਲੇ, ਮੈਂ ਕਿਹਾ ਨਾ!

ਬੇਰੰਜਰ : ਠੀਕ ਐ।

(ਜਦੋਂ ਉਹ ਗਿਲਾਸ ਮੇਜ਼ 'ਤੇ ਰੱਖ ਰਿਹਾ ਹੈ, ਉਸੇ ਵੇਲੇ ਡੇਜ਼ੀ ਉੱਥੋਂ ਲੰਘਦੀ ਹੈ। ਉਹ ਸੁਨਹਿਰੇ ਵਾਲਾਂ ਵਾਲੀ ਇਕ ਜਵਾਨ ਟਾਈਪਿਸਟ ਹੈ, ਉਹ ਮੰਚ ਦੇ ਸੱਜੇ ਪਾਸੇ ਤੋਂ ਖੱਬੇ ਵੱਲ ਨੂੰ ਜਾਂਦੀ ਹੈ। ਉਸਨੂੰ ਦੇਖ ਕੇ ਬੇਰੰਜਰ ਝਟਕੇ ਨਾਲ ਉੱਠਦਾ ਹੈ, ਤੇ ਇਸ ਚੱਕਰ 'ਚ ਹੱਥ 'ਚ ਫੜਿਆ ਗਿਲਾਸ ਛਲਕ ਜਾਂਦਾ ਹੈ ਤੇ ਕਾਫ਼ੀ ਦੇ ਛਿੱਟੇ ਜੋਨ ਦੇ ਕੱਪੜਿਆਂ 'ਤੇ ਪੈਂਦੇ ਹਨ।)

ਬੇਰੰਜਰ : ਓ ਇਹ ਤਾਂ ਡੇਜ਼ੀ ਹੈ!

ਜੋਨ : ਵੇਖ ਵੇਖ..; ਕਿੰਨਾ ਬੇਵਕੂਫ਼ ਐਂ ਤੂੰ!

ਬੇਰੰਜਰ : ਡੇਜ਼ੀ ਓਹ... ਸੌਰੀ... ਮੈਂ... (ਡੇਜ਼ੀ ਦੀਆਂ ਨਜ਼ਰਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ।) ਮੈਂ ਨਹੀਂ ਚਾਹੁੰਦਾ ਕਿ ਉਹ ਮੈਨੂੰ ਏਸ ਹਾਲਤ 'ਚ ਦੇਖੇ।

ਜੋਨ : ਤੇਰੀ ਗੁਸਤਾਖ਼ੀ... ਕਦੇ ਮਾਫ਼ ਨਹੀਂ ਕਰਾਂਗਾ ਕਦੇ ਵੀ ਨਹੀਂ! (ਫੇਰ ਉਹ ਡੇਜ਼ੀ ਵੱਲ ਦੇਖਦਾ ਹੈ, ਜਿਹੜੀ ਹੁਣ ਤੱਕ ਲਗਭਗ ਮੰਚ ਤੋਂ

ਬਾਹਰ ਨਿਕਲ ਚੁੱਕੀ ਹੈ।) ਤੈਨੂੰ ਇਸ ਛੋਕਰੀ ਤੋਂ ਕਾਹਦਾ ਡਰ ਆਉਂਦਾ?

ਬੇਰੰਜਰ ਓਹ, ਸ਼ੀ, ਚੁੱਪ ਪਲੀਜ਼... ਖ਼ਾਮੋਸ਼!

ਜੇਨ ਕੋਈ ਐਨੀ ਡਰਾਉਣੀ ਤਾਂ ਲੱਗਦੀ ਨਹੀਂ ਦੇਖਣ 'ਚ!

ਬੇਰੰਜਰ (ਡੇਜ਼ੀ ਦੇ ਜਾਣ ਤੋਂ ਬਾਅਦ ਮੁੜ ਜੇਨ ਵੱਲ) ਸੌਰੀ! ਮੈਂ ਫੇਰ ਮਾਫ਼ੀ ਮੰਗਦਾਂ।

ਜੇਨ ਦਾਰੂ ਦੇ ਨਤੀਜੇ ਦੇਖੇ, ਉੱਠਣ ਬੈਠਣ ਤੇ ਵੀ ਕੰਟਰੋਲ ਨਹੀਂ.., ਹੱਥਾਂ 'ਚ ਜਾਨ ਨਹੀਂ, ਹੋਸ਼-ਹਵਾਸ ਉੱਡੇ ਪਏ, ਸਾਹ ਸੁੱਕੇ। ਕਿਉਂ ਕਬਰ ਪੁੱਟ ਰਿਹਾਂ ਆਪਣੀ ਯਾਰ, ਖ਼ਤਮ ਕਰ ਰਿਹੈਂ ਖ਼ੁਦ ਨੂੰ।

ਬੇਰੰਜਰ ਮੈਨੂੰ ਕਿਹੜਾ ਚੰਗੀ ਲੱਗਦੀ, ਸੁਆਦ ਵੀ ਕੋਈ ਖ਼ਾਸ ਪਸੰਦ ਨੀ ਮੈਨੂੰ। ਪਰ ਜੇ ਮੈਂ ਨਾ ਪੀਵਾਂ, ਲਗਦਾ ਜਾਨ ਨਿਕਲਦੀ; ਲਗਦੈ... ਜਿਵੇਂ ਮੈਂ ਡਰਿਆ ਹੋਇਆਂ, ਤੇ ਉਸ ਡਰ ਤੋਂ ਬਚਣ ਖ਼ਾਤਿਰ ਬਸ ਪੀ ਲੈਂਦਾਂ।

ਜੇਨ ਕਾਹਦਾ ਡਰ?

ਬੇਰੰਜਰ ਪਤਾ ਨਹੀਂ, ਕੁਝ ਵੀ ਸਾਫ਼ ਨਹੀਂ। ਕੋਈ ਪੀੜਾ ਹੈ ਜਿਸਨੂੰ ਦੱਸਿਆ ਨਹੀਂ ਜਾ ਸਕਦਾ। ਮੈਨੂੰ ਲੱਗਦਾ ਹੈ ਮੈਂ ਜ਼ਿੰਦਗੀ ਨਾਲ, ਲੋਕਾਂ ਨਾਲ ਇਕਸੁਰ ਨਹੀਂ, ਤੇ ਫੇਰ ਮੈਂ ਪੀਣ ਲੱਗ ਜਾਂਦਾਂ। ਉਸ ਨਾਲ ਥੋੜ੍ਹਾ ਸਕੂਨ ਮਿਲਦਾ, ਦਿਮਾਗ ਠੰਡਾ ਹੁੰਦਾ ਲੱਗਦਾ ਤੇ ਮੈਂ ਸਭ ਭੁੱਲ ਜਾਂਦਾਂ।

ਜੇਨ : ਤੂੰ ਬਸ ਖ਼ੁਦ ਤੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈਂ।

ਬੇਰੰਜਰ : ਮੈਂ ਬਹੁਤ ਥੱਕ ਚੁੱਕਾਂ, ਸਾਲਾਂ ਤੋਂ ਇੰਝ ਹੀ ਹਾਂ ਥੱਕਿਆ ਟੁੱਟਿਆ। ਆਪਣੀ ਹੀ ਦੇਹ ਨੂੰ ਢੂਹਣਾ ਵੀ ਹੁਣ ਬੋਝ ਲਗਦੈ।

ਜੇਨ ਨਸਾਂ ਕਮਜ਼ੋਰ ਪੈ ਗਈਆਂ ਦਾਰੂ ਨਾਲ। ਨਿਰਾਸ਼ਾ ਏ ਸ਼ਰਾਬੀ ਮਨ ਦੀ

ਬੇਰੰਜਰ (ਨਿਰੰਤਰ ਬੋਲਦਾ ਹੈ) ਹਰ ਵੇਲੇ ਆਪਣੇ ਈ ਸਰੀਰ ਦਾ ਬੋਝ ਮਹਿਸੂਸ ਹੁੰਦਾ ਰਹਿੰਦਾ; ਜਿਵੇਂ ਕਾਂਸੇ ਦਾ ਬਣਿਆ ਹੋਵੇ, ਜਿਵੇਂ ਕੋਈ ਮੇਰੀ ਪਿੱਠ 'ਤੇ ਚੜ੍ਹਿਆ; ਕੋਈ ਹੋਰ ਈ। ਲਗਦੈ ਮੈਂ ਜਿਵੇਂ ਖ਼ੁਦ ਦਾ ਈ ਆਦੀ ਨਹੀਂ ਹੋ ਸਕਦਾ, ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ ਮੈਂ ਹਾਂ ਵੀ। ਪੈੱਗ ਲਾਉਣ ਸਾਰ ਹੀ ਸਾਰਾ ਬੋਝ ਉਤਰ ਜਾਂਦਾ.. ਮੈਂ ਖ਼ੁਦ ਨੂੰ ਪਛਾਣਨ ਲਗਦਾਂ, ਮੁੜ ਕੇ ਮੈਂ, 'ਮੈਂ' ਹੋ ਜਾਂਦਾਂ।

ਜੇਨ ਐਵੇਂ ਸਭ ਕਲਪਨਾਵਾਂ ਦੀਆਂ ਉਡਾਰੀਆਂ। ਇਧਰ ਦੇਖ ਮੇਰੇ ਵੱਲ, ਬੇਰੰਜਰ, ਮੈਂ ਤੇਰੇ ਨਾਲੋਂ ਵੱਧ ਭਾਰੀ ਹਾਂ। ਫੇਰ ਵੀ ਹਲਕਾ ਮਹਿਸੂਸ ਕਰਦਾਂ, ਖੰਭ ਵਰਗਾ ਹਲਕਾ। (ਉਹ ਬਾਂਹਾਂ ਫੜਫੜਾਉਂਦਾ ਹੈ ਜਿਵੇਂ ਉੱਡਣ ਲੱਗਿਆ ਹੋਵੇ। ਉਹੀ ਬਜ਼ੁਰਗ ਤੇ ਤਰਕ-ਸ਼ਾਸਤਰੀ ਗੱਲਾਂ 'ਚ ਮਸਤ ਮੁੜ ਮੰਚ 'ਤੇ ਆਉਂਦੇ ਹਨ ਅਤੇ ਠੀਕ ਇਸੇ ਮੌਕੇ 'ਤੇ

ਉਨ੍ਹਾਂ ਕੋਲੋਂ ਦੀ ਲੰਘਦੇ ਹਨ। ਜੇਨ ਦੀ ਬਾਂਹ ਨਾਲ ਬਜ਼ੁਰਗ ਨੂੰ ਜ਼ੋਰ ਦਾ ਧੱਕਾ ਲੱਗਦਾ ਹੈ ਤੇ ਉਹ ਤਰਕ-ਸ਼ਾਸਤਰੀ ਉੱਤੇ ਡਿੱਗਦਾ ਹੈ।)

ਤਰਕ-ਸ਼ਾਸਤਰੀ: ਤਰਕ-ਵਿਧਾਨ... ਮਸਲਨ (ਲੜਖੜਾ ਜਾਂਦਾ) ਹੂ!

ਬਜ਼ੁਰਗ : (ਜੇਨ ਨੂੰ) ਵੇਖ ਕੇ ਭਾਈ! (ਤਰਕ-ਸ਼ਾਸਤਰੀ ਨੂੰ) ਓ ਪਲੀਜ਼...ਸੌਰੀ।

ਜੇਨ : (ਬਜ਼ੁਰਗ ਨੂੰ) ਗੁਸਤਾਖ਼ੀ ਮਾਫ਼ ਮੈਂ..

ਤਰਕ-ਸ਼ਾਸਤਰੀ: ਕੁਝ ਨੀ ਹੋਇਆ।

ਬਜ਼ੁਰਗ : (ਜੇਨ ਨੂੰ) ਕੁਝ ਨੀ ਹੋਇਆ।

(ਬਜ਼ੁਰਗ ਤੇ ਤਰਕ-ਸ਼ਾਸਤਰੀ ਉਨ੍ਹਾਂ ਦੇ ਪਿੱਛੇ ਸੱਜੇ ਵਾਲੇ ਪਾਸੇ ਦੀ ਇਕ ਟੇਬਲ 'ਤੇ ਬੈਠ ਜਾਂਦੇ ਹਨ।)

ਬੇਰੰਜਰ (ਜੇਨ ਨੂੰ) ਬੜੀ ਜਾਨ ਏ ਤੇਰੀਆਂ ਬਾਹਾਂ 'ਚ।

ਜੇਨ ਹਾਂ, ਉਹ ਤਾਂ ਹੈ। ਪਹਿਲੀ ਗੱਲ ਤਾਂ ਇਹ ਕਿ ਮੈਂ ਤਕੜਾ ਹਾਂ ਕਿਉਂਕਿ ਮੈਂ ਤਕੜਾ ਹਾਂ, ਕੁਦਰਤੀ। ਦੂਜੀ ਗੱਲ ਮੈਂ ਇਸਲਈ ਤਕੜਾ ਹਾਂ ਕਿਉਂਕਿ ਮੈਂ ਨੈਤਿਕ ਤੌਰ 'ਤੇ ਤਕੜਾ ਹਾਂ। ਮੈਂ ਇਸਲਈ ਵੀ ਤਕੜਾ ਹਾਂ ਕਿਉਂਕਿ ਦਾਰੂ ਨੇ ਮੈਨੂੰ ਛਾਨਣੀ ਨਹੀਂ ਕੀਤਾ। ਮੈਂ ਕੋਈ ਤੇਰੀ ਬੇਜ਼ਤੀ ਨਹੀਂ ਕਰਨੀ ਚਾਹੁੰਦਾ ਮੇਰੇ ਮਿੱਤਰ ਜੀਓ, ਪਰ ਮੈਨੂੰ ਲੱਗਦਾ ਹੈ ਕਿ ਮੈਂ ਤੈਨੂੰ ਦੱਸ ਦਿਆਂ ਕਿ ਇਹ ਦਾਰੂ ਹੈ ਜਿਹੜੀ ਤੇਰੀ ਛਾਤੀ 'ਤੇ ਇੰਝ ਭਾਰ ਬਣੀ ਹੋਈ ਹੈ।

ਤਰਕ-ਸ਼ਾਸਤਰੀ : ਇੱਕ ਮਿਸਾਲ ਤਾਂ ਤਰਕ-ਵਿਧਾਨ ਦੀ ਇਹ ਹੈ। ਬਿੱਲੀ ਦੇ ਚਾਰ ਪੰਜੇ ਹਨ। ਕਿਸੇ ਵੀ ਨਸਲ ਦੀ ਹੋਏ ਪੰਜੇ ਚਾਰ ਹੀ ਨੇ। ਇਸਲਈ ਹਰ ਨਸਲ ਦੀਆਂ ਬਿੱਲੀਆਂ ਹੁੰਦੀਆਂ ਬਿੱਲੀਆਂ ਹੀ ਹਨ।

ਬਜ਼ੁਰਗ : (ਤਰਕ-ਸ਼ਾਸਤਰੀ ਨੂੰ) ਮੇਰੇ ਕੁੱਤੇ ਦੇ ਵੀ ਪੰਜੇ ਚਾਰ ਨੇ।

ਤਰਕ-ਸ਼ਾਸਤਰੀ: (ਬਜ਼ੁਰਗ ਨੂੰ) ਤਾਂ ਉਹ ਬਿੱਲੀ ਹੈ।

ਬੇਰੰਜਰ : (ਜੇਨ ਨੂੰ) ਮੇਰੇ 'ਚ ਤਾਂ ਜਿਉਣ ਦੀ ਤਾਕਤ ਵੀ ਮਸਾਂ ਹੀ ਹੈ। ਸ਼ਾਇਦ ਮੈਂ ਚਾਹੁੰਦਾ ਹੀ ਨਹੀਂ।

ਬਜ਼ੁਰਗ (ਡੂੰਘੀ ਸੋਚ-ਵਿਚਾਰ ਤੋਂ ਬਾਅਦ, ਤਰਕ-ਸ਼ਾਸਤਰੀ ਨੂੰ) ਯਾਨੀ ਕਿ ਤਰਕਪੂਰਨ ਤਰੀਕੇ ਨਾਲ ਗੱਲ ਕਰੀਏ ਤਾਂ ਮੇਰਾ ਕੁੱਤਾ ਲਾਜ਼ਮੀ ਤੌਰ 'ਤੇ ਬਿੱਲੀ ਹੋਏਗਾ?

ਤਰਕ-ਸ਼ਾਸਤਰੀ : (ਬਜ਼ੁਰਗ ਨੂੰ) ਤਰਕ ਦੇ ਹਿਸਾਬ ਨਾਲ, ਹਾਂ। ਪਰ ਇਸ ਤੋਂ ਉਲਟਾ ਵੀ ਸੱਚ ਹੈ।

ਬੇਰੰਜਰ ਇਕੱਲਾਪਣ ਮੈਨੂੰ ਖਾਣ ਨੂੰ ਆਉਂਦੈ। ਪਰ ਦੂਜੇ ਦੀ ਕੰਪਨੀ 'ਚ ਵੀ ਇੰਝ ਹੀ ਹੈ, ਕੋਈ ਫ਼ਰਕ ਨੀ।

ਜੇਨ (ਬੇਰੰਜਰ ਨੂੰ) ਤੂੰ ਆਪਣੀ ਓ ਗੱਲ ਕੱਟ ਰਿਹੈਂ। ਕਿਹੜੀ ਗੱਲ ਪਰੇਸ਼ਾਨ ਕਰਦੀ ਏ ਤੈਨੂੰ; ਇਕੱਲਾਪਣ ਜਾਂ ਦੂਜਿਆਂ ਦੀ ਕੰਪਨੀ? ਤੂੰ ਆਪਣੇ ਆਪ ਨੂੰ ਚਿੰਤਕ ਸਮਝਦੈਂ, ਪਰ ਤੇਰੀ ਗੱਲ 'ਚ ਤਾਂ

ਤਰਕ ਹੀ ਕੋਈ ਨਹੀਂ।

ਬਜ਼ੁਰਗ : (ਤਰਕ-ਸ਼ਾਸਤਰੀ ਨੂੰ) ਬਹੁਤ ਸੋਹਣੀ ਚੀਜ਼ ਹੈ ਤਰਕ।

ਤਰਕ-ਸ਼ਾਸਤਰੀ: ਜਦ ਤਾਈਂ ਦੁਰਵਰਤੋਂ ਨਾ ਹੋਵੇ ਉਸਦੀ।

ਬੇਰੰਜਰ . (ਜੇਨ ਨੂੰ) ਜ਼ਿੰਦਗੀ ਦਾ ਮਾਮਲਾ ਬੜਾ ਅਜੀਬ ਹੈ...

ਜੇਨ : ਗੱਲ ਸਗੋਂ ਉਲਟੀ ਹੈ। ਉਸ ਤੋਂ ਸਹਿਜ ਤਾਂ ਕੁਝ ਹੋ ਹੀ ਨਹੀਂ ਸਕਦਾ, ਤੇ ਸਬੂਤ ਸਾਹਮਣੇ ਹੈ, ਲੋਕ ਜਿਉਈ ਤੁਰੇ ਜਾਂਦੇ ਆ।

ਬੇਰੰਜਰ ਜਿਉਂਦਿਆਂ ਨਾਲੋਂ ਮਰਿਆਂ ਦੀ ਸੰਖਿਆ ਕਿਤੇ ਜ਼ਿਆਦਾ ਹੈ। ਤੇ ਉਨ੍ਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਜਿਉਣਾ ਤਾਂ ਵਿਰਲੀ ਓ ਚੀਜ਼ ਰਹਿ ਗਈ।

ਜੇਨ ਮਰ ਗਿਆਂ ਦੀ ਕੋਈ ਹੋਂਦ ਨਹੀਂ, ਇਸਤੋਂ ਮੁੱਕਰਿਆ ਨਹੀਂ ਜਾ ਸਕਦਾ। ਹਾ... ਹਾ... ਹਾ! (ਖੁੱਲ੍ਹ ਕੇ ਹੱਸਦਾ ਹੈ) ਤੇ ਤੇਰੇ 'ਤੇ ਉਨ੍ਹਾਂ ਦਾ ਵੀ ਬੋਝ ਹੈ? ਜਿਹੜੀ ਚੀਜ਼ ਹੈ ਹੀ ਨਹੀਂ ਉਹ ਤੇਰੇ 'ਤੇ ਬੋਝ ਕਿਵੇਂ ਹੋ ਸਕਦੀ ਹੈ?

ਬੇਰੰਜਰ ਕਦੇ ਤਾਂ ਸੋਚਦਾਂ ਕਿ ਮੈਂ ਵੀ ਹਾਂ ਜਾਂ ਨਹੀਂ।

ਜੇਨ ਤੇਰੀ ਕੋਈ ਹੋਂਦ ਨਹੀਂ ਮੇਰੇ ਪਿਆਰੇ... ਕਿਉਂਕਿ ਤੂੰ ਸੋਚਦਾ ਨਹੀਂ। ਸੋਚਣਾ ਸ਼ੁਰੂ ਕਰ, ਤੇ ਤੂੰ ਹੋਏਂਗਾ।

ਤਰਕ-ਸ਼ਾਸਤਰੀ : (ਬਜ਼ੁਰਗ ਨੂੰ) ਇਕ ਹੋਰ ਮਿਸਾਲ, ਤਰਕ ਦੀ...; ਸਭ ਬਿੱਲੀਆਂ ਮਰ ਜਾਂਦੀਆਂ। ਸੁਕਰਾਤ ਵੀ ਮਰ ਗਿਆ। ਮਤਲਬ ਇਹ ਕਿ ਸੁਕਰਾਤ ਬਿੱਲੀ ਹੈ।

ਬਜ਼ੁਰਗ ਤੇ ਉਸਦੇ ਪੰਜੇ ਵੀ ਚਾਰ ਸੀ। ਬਿਲਕੁਲ ਠੀਕ। ਮੇਰੇ ਕੋਲ ਇੱਕ ਬਿੱਲੀ ਸੀ ਉਸਦਾ ਨਾ ਸੁਕਰਾਤ ਸੀ।

ਤਰਕ-ਸ਼ਾਸਤਰੀ : ਹੁਣ ਸਮਝਿਆ ਗੱਲ ਨੂੰ, ਤੈਨੂੰ ਪਤਾ...

ਜੇਨ : (ਬੇਰੰਜਰ ਨੂੰ) ਅਸਲ 'ਚ ਤਾਂ ਤੂੰ ਬੱਸ ਇੱਕ ਧੋਖੇਬਾਜ਼ ਏਂ, ਫਰੇਬੀ ਤੇ ਝੂਠਾ। ਕਹਿੰਦਾ ਤੂੰ ਇਹ ਹੈਂ ਕਿ ਜ਼ਿੰਦਗੀ ਦੀ ਤੈਨੂੰ ਕੋਈ ਖਿੱਚ ਨਹੀਂ। ਪਰ ਫੇਰ ਵੀ ਕੋਈ ਹੈ ਜਿਸਦੀ ਹੈ।

ਬੇਰੰਜਰ ਕੌਣ?

ਜੇਨ ਉਹੀ ਤੇਰੀ ਦੋਸਤ, ਨਿਕੜੀ ਜਿਹੀ.., ਜਿਹੜੀ ਹੁਣੇ ਗਈ ਏਥੋਂ। ਤੈਨੂੰ ਉਹ ਤਾਂ ਬਹੁਤ ਪਸੰਦ ਹੈ!

ਬਜ਼ੁਰਗ : (ਤਰਕ-ਸ਼ਾਸਤਰੀ ਨੂੰ) ਯਾਨੀ ਸੁਕਰਾਤ ਬਿੱਲੀ ਸੀ, ਸੀ ਨਾ?

ਤਰਕ-ਸ਼ਾਸਤਰੀ: ਸਾਡੇ ਤਰਕ ਨੇ ਹੁਣੇ ਇਹੋ ਖ਼ੁਲਾਸਾ ਕੀਤਾ।

ਜੇਨ : ਤੂੰ ਚਾਹੁੰਦਾ ਨਹੀਂ ਸੀ ਕਿ ਤੇਰੀ ਏਸ ਹਾਲਤ 'ਚ ਉਹ ਤੈਨੂੰ ਦੇਖੇ। (ਜ਼ੋਰ ਦੇਣ ਲਈ ਹੱਥਾਂ ਦਾ ਇਸਤੇਮਾਲ ਕਰਦਾ ਹੈ) ਇਸਤੋਂ ਸਾਫ਼ ਹੈ ਕਿ ਇਹ ਉੱਕਾ ਹੀ ਗ਼ਲਤ ਹੈ ਕਿ ਤੈਨੂੰ ਕਿਸੇ ਚੀਜ਼ ਨਾਲ ਕੋਈ ਫ਼ਰਕ ਨਹੀਂ ਪੈਂਦਾ। ਪਰ ਇਹ ਤੂੰ ਕਿਵੇਂ ਉਮੀਦ ਲਾ ਸਕਦਾ ਹੈਂ ਕਿ

ਡੇਜ਼ੀ ਕਿਸੇ ਪਿਆਕੜ ਵੱਲ ਖਿੱਚੀ ਜਾਏਗੀ ?

ਤਰਕ-ਸ਼ਾਸਤਰੀ: ਮੁੜ ਬਿੱਲੀਆਂ ਤੋਂ ਸ਼ੁਰੂ ਕਰਦੇ ਹਾਂ।

ਬਜ਼ੁਰਗ : ਮੇਰਾ ਪੂਰਾ ਧਿਆਨ ਹੈ।

ਬੇਰੰਜਰ : (ਜੇਨ ਨੂੰ) ਛੱਡ ਨਾ, ਮੈਨੂੰ ਲੱਗਦਾ ਉਸਦੀਆਂ ਨਜ਼ਰਾਂ 'ਚ ਪਹਿਲੋਂ ਹੀ ਕੋਈ ਹੈ।

ਜੇਨ : ਓ, ਕੌਣ ?

ਬੇਰੰਜਰ : ਆਫ਼ਿਸ ਦਾ ਕੁਲੀਗ ਹੈ, ਡਯੁਡਾਰਡ, ਵਕੀਲ ਐ, ਫਰਮ 'ਚ ਚੰਗਾ ਭਵਿੱਖ ਐ ਤੇ ਡੇਜ਼ੀ ਦਾ ਚਹੇਤਾ ਵੀ। ਮੈਂ ਉਸਦਾ ਮੁਕਾਬਲਾ ਕਰਨ ਦੀ ਸੋਚ ਵੀ ਨਹੀਂ ਸਕਦਾ।

ਤਰਕ-ਸ਼ਾਸਤਰੀ: ਇੱਕ ਖ਼ਾਸ ਨਸਲ ਦੀ ਬਿੱਲੀ ਦੇ ਚਾਰ ਪੰਜੇ ਹੁੰਦੇ।

ਬਜ਼ੁਰਗ : ਤੁਸੀਂ ਕਿਵੇਂ ਕਹਿ ਸਕਦੇ ਹੋ ?

ਤਰਕ-ਸ਼ਾਸਤਰੀ: ਪਰਿਕਲਪਨਾ ਹੈ।

ਬੇਰੰਜਰ : (ਜੇਨ ਨੂੰ) ਬਾਸ ਦੀਆਂ ਨਜ਼ਰਾਂ 'ਚ ਚੰਗੀ ਥਾਂ ਹੈ ਉਸਦੀ। ਮੇਰਾ ਤਾਂ ਕੋਈ ਭਵਿੱਖ ਹੀ ਨਹੀਂ, ਨਾ ਕੋਈ ਡਿਗਰੀ ਹੈ, ਕੋਈ ਚਾਂਸ ਹੀ ਨਹੀਂ।

ਬਜ਼ੁਰਗ : (ਤਰਕ-ਸ਼ਾਸਤਰੀ ਨੂੰ) ਆਹ। ਪਰਿਕਲਪਨਾ।

ਜੇਨ : (ਬੇਰੰਜਰ ਨੂੰ) ਤੇ ਤੂੰ ਢੇਰੀ ਢਾਹ ਕੇ ਬਹਿ ਗਿਆ ਇੰਝ, ਹੈਂ ?

ਬੇਰੰਜਰ : ਹੋਰ ਕਰ ਕੀ ਸਕਦਾ ਮੈਂ ?

ਤਰਕ-ਸ਼ਾਸਤਰੀ: ਦੂਜੀ ਨਸਲ ਦੀ ਬਿੱਲੀ ਦੇ ਵੀ ਚਾਰ ਪੰਜੇ ਹੁੰਦੇ। ਸੋ ਕਿੰਨੇ ਪੰਜੇ ਹੋਏ ਦੋਹਾਂ ਨਸਲਾਂ ਦੀਆਂ ਬਿੱਲੀਆਂ ਦੇ ?

ਬਜ਼ੁਰਗ : ਵੱਖ-ਵੱਖ ਜਾਂ ਮਿਲਾ ਕੇ ?

ਜੇਨ : ਜ਼ਿੰਦਗੀ ਜੰਗ ਹੈ, ਪਿਆਰੇ। ਬਿਨਾ ਲੜਿਆਂ ਹਥਿਆਰ ਸੁੱਟ ਦੇਣਾ ਬੁਜ਼ਦਿਲੀ ਹੈ।

ਤਰਕ-ਸ਼ਾਸਤਰੀ: (ਬਜ਼ੁਰਗ ਨੂੰ) ਮਿਲਾ ਕੇ ਜਾਂ ਵਖੋ-ਵੱਖ, ਸਭ ਮੌਕੇ 'ਤੇ ਨਿਰਭਰ ਕਰਦੈ।

ਬੇਰੰਜਰ : (ਜੇਨ ਨੂੰ) ਕਰ ਵੀ ਕੀ ਸਕਦਾਂ ਮੈਂ ? ਲੜਨ ਨੂੰ ਕੁਝ ਹੈ ਹੀ ਨਹੀਂ ਮੇਰੇ ਕੋਲ।

ਜੇਨ : ਤਾਂ ਫੇਰ ਕੁਝ ਲੱਭ... ਕੋਈ ਅਸਤਰ... ਕਈ ਸਸਤਰ, ਕੁਝ ਵੀ।

ਬਜ਼ੁਰਗ : (ਦਿਮਾਗ 'ਤੇ ਪੂਰਾ ਜ਼ੋਰ ਪਾ ਕੇ, ਤਰਕ-ਸ਼ਾਸਤਰੀ ਨੂੰ) ਅੱਠ, ਅੱਠ ਪੰਜੇ।

ਤਰਕ-ਸ਼ਾਸਤਰੀ: ਬੌਧਿਕ ਗਣਿਤ, ਇਹ ਵੀ ਤਰਕ ਦਾ ਅੰਗ ਹੈ, ਦੇਖਿਆ।

ਬਜ਼ੁਰਗ : ਹਾਂ, ਕਈ ਪਹਿਲੂ ਨੇ ਇਸਦੇ, ਪੱਕੀ ਗੱਲ ਹੈ।

ਬੇਰੰਜਰ : ਕਿਥੋਂ ਲੱਭਾਂ ਇਹ ਸ਼ਸਤਰ ?

ਤਰਕ-ਸ਼ਾਸਤਰੀ: ਤਰਕ ਦੀਆਂ ਕੋਈ ਸੀਮਾਵਾਂ ਨਹੀਂ।

ਜੇਨ : ਆਪਣੇ ਅੰਦਰੋਂ। ਬੁਲੰਦ ਇਰਾਦਿਆਂ ਨਾਲ।

| | |
|---|---|
| ਬੇਰੰਜਰ | ਕਿਹੜੇ ਸ਼ਸਤਰ ? |
| ਤਰਕ-ਸ਼ਾਸਤਰੀ: | (ਬਜ਼ੁਰਗ ਨੂੰ) ਮੈਂ ਤੈਨੂੰ ਦਿਖਾਉਂਦਾ... ਕਿਵੇਂ .. |
| ਜੇਨ | (ਬੇਰੰਜਰ ਨੂੰ) ਧੀਰਜ ਦਾ ਸ਼ਸਤਰ, ਸਭਿਆਚਾਰ ਦਾ, ਬੁੱਧੀ ਦਾ ਹਥਿਆਰ। (ਬੇਰੰਜਰ ਉਬਾਸੀ ਲੈਂਦਾ ਹੈ।) ਦਿਮਾਗ਼ ਦੀ ਧਾਰ ਨੂੰ ਤਿੱਖਾ ਕਰੋ, ਪਾਣ ਚੜ੍ਹਾਓ... ਤੇਜ਼ ਧਾਰ ਬੁੱਧੀ ਦੀ। ਮਿਆਰ ਮੁਤਾਬਕ... ਸਟੈਂਡਰਡ ਥੋੜ੍ਹਾ ਉੱਚਾ ਚੁੱਕੋ ! |
| ਤਰਕ-ਸ਼ਾਸਤਰੀ · | ਜੇ ਮੈਂ ਦੋ-ਦੋ ਪੰਜੇ ਦੋਹਾਂ ਬਿੱਲੀਆ ਕੋਲੋਂ ਵਾਪਿਸ ਲੈ ਲਵਾਂ... ਤਾਂ ਕੱਲੀ-ਕੱਲੀ ਕੋਲ ਕਿੰਨੇ ਪੰਜੇ ਰਹਿ ਜਾਣਗੇ ? |
| ਬਜ਼ੁਰਗ | ਇਹ ਕੋਈ ਐਨੀ ਸੌਖੀ ਗੱਲ ਨਹੀਂ। |
| ਬੇਰੰਜਰ . | (ਜੇਨ ਨੂੰ) ਇਹ ਕੋਈ ਐਨੀ ਸੌਖੀ ਗੱਲ ਨਹੀ। |
| ਤਰਕ-ਸ਼ਾਸਤਰੀ: | (ਬਜ਼ੁਰਗ ਨੂੰ) ਉਲਟਾ ਇਹ ਤਾਂ ਸਗੋਂ ਬਿਲਕੁਲ ਈ ਸਿੱਧੀ ਗੱਲ ਹੈ। |
| ਬਜ਼ੁਰਗ | ਤੁਹਾਡੇ ਲਈ ਸਿੱਧੀ ਹੋ ਸਕਦੀ ਹੈ, ਪਰ ਮੇਰੇ ਲਈ ਨਹੀਂ। |
| ਬੇਰੰਜਰ : | ਤੁਹਾਡੇ ਲਈ ਸਿੱਧੀ ਹੋ ਸਕਦੀ ਹੈ, ਪਰ ਮੇਰੇ ਲਈ ਨਹੀਂ। |
| ਤਰਕ-ਸ਼ਾਸਤਰੀ: | (ਬਜ਼ੁਰਗ ਨੂੰ) ਕੋਸ਼ਿਸ਼ ਕਰੋ, ਦਿਮਾਗ਼ ਦੀ ਵਰਤੋਂ। ਧਿਆਨ ਟਿਕਾਓ ! |
| ਜੇਨ | (ਬੇਰੰਜਰ ਨੂੰ) ਕੋਸ਼ਿਸ਼ ਕਰੋ, ਮਜ਼ਬੂਤ ਇਰਾਦੇ ਨਾਲ। ਧਿਆਨ ਟਿਕਾਓ। |
| ਬਜ਼ੁਰਗ | (ਤਰਕ-ਸਾਸਤਰੀ ਨੂੰ) ਮੈਨੂੰ ਸਮਝ ਨਹੀਂ ਆਉਂਦੀ... ਕਿਵੇਂ। |
| ਬੇਰੰਜਰ : | (ਜੇਨ ਨੂੰ) ਮੈਨੂੰ ਬਿਲਕੁਲ ਪਤਾ ਨਹੀਂ... ਕਿਵੇਂ। |
| ਤਰਕ-ਸ਼ਾਸਤਰੀ: | (ਬਜ਼ੁਰਗ ਨੂੰ) ਕੱਲੀ-ਕੱਲੀ ਗੱਲ ਸਮਝਾਣੀ ਪੈਂਦੀ। |
| ਜੇਨ : | (ਬੇਰੰਜਰ ਨੂੰ) ਕੱਲੀ-ਕੱਲੀ ਗੱਲ ਸਮਝਾਣੀ ਪੈਂਦੀ। |
| ਤਰਕ-ਸ਼ਾਸਤਰੀ: | (ਬਜ਼ੁਰਗ ਨੂੰ) ਕਾਗਜ਼ ਲਓ ਤੇ ਹਿਸਾਬ ਲਾਓ। ਜੇ ਤੁਸੀਂ ਛੇ ਪੰਜੇ ਦੋ ਬਿੱਲੀਆਂ ਕੋਲੋਂ ਲੈ ਲੈਂਦੇ ਹੋ ਤਾ ਕੱਲੀ-ਕੱਲੀ ਬਿੱਲੀ ਕੋਲ ਕਿੰਨੇ ਪੰਜੇ ਬਚੇ ? |
| ਬਜ਼ੁਰਗ | ਇੱਕ ਮਿੰਟ .ਇੱਕ ਮਿੰਟ। (ਜੇਬ 'ਚੋਂ ਕਾਗਜ਼ ਕੱਢ ਕੇ ਹਿਸਾਬ ਲਾਉਂਦਾ ਹੈ।) |
| ਜੇਨ | ਢੰਗ ਦੇ ਕਪੜੇ ਪਾਓ, ਸਾਫ਼-ਸੁਥਰੇ ਪਰੈਸ ਕੀਤੇ, ਸ਼ੇਵ-ਸ਼ੂਵ ਬਣਾ ਕੇ ਰਖੋ, ਬੰਦਿਆਂ ਵਾਗ। ਘੱਟੋ-ਘੱਟ ਇੰਨਾ ਤਾਂ ਕਰਨਾ ਈ ਪਵੇਗਾ। |
| ਬੇਰੰਜਰ | ਧੋਬੀਆਂ ਦੇ ਰੇਟ ਹੀ ਬੜੇ ਆ |
| ਜੇਨ | ਦਾਰੂ ਦਾ ਖਰਚਾ ਘਟਾ ਲਓ। ਇਸ ਤਰ੍ਹਾ ਜ਼ਰਾ ਬਣ-ਠਣ ਕੇ ਨਿਕਲੋ ਬਾਹਰ ਹੈਟ ਸਜਾ ਕੇ, ਟਾਈ ਲਾ ਕੇ, ਥ੍ਰੀ ਪੀਸ ਸੂਟ ਤੇ ਬੂਟ ਪਾਲਿਸ਼ ਲਿਸ਼ਕਦੇ। (ਜਦੋਂ ਉਹ ਇਨ੍ਹਾਂ ਚੀਜ਼ਾਂ ਦਾ ਜ਼ਿਕਰ ਕਰਦਾ ਹੈ ਤਾ ਬੜੀ ਆਤਮ-ਸੰਤੁਸ਼ਟੀ ਨਾਲ ਆਪਣੇ ਹੈਟ, ਟਾਈ ਤੇ ਬੂਟਾਂ ਵੱਲ ਇਸ਼ਾਰਾ ਕਰਦਾ ਹੈ।) |
| ਬਜ਼ੁਰਗ | (ਤਰਕ-ਸ਼ਾਸਤਰੀ ਨੂੰ) ਇੱਥੇ ਤਾਂ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਨੇ |

ਕਈ ਨਤੀਜੇ

ਤਰਕ-ਸ਼ਾਸਤਰੀ: (ਬਜ਼ੁਰਗ ਨੂੰ) ਦੱਸੋ ਤਾਂ।

ਬੇਰੰਜਰ : (ਜੋਨ ਨੂੰ) ਫੇਰ ਮੈਂ ਕਰਾਂ ਕੀ ? ਦੱਸੋ

ਤਰਕ-ਸ਼ਾਸਤਰੀ: (ਬਜ਼ੁਰਗ ਨੂੰ) ਮੈਂ ਸੁਣ ਰਿਹਾਂ।

ਬੇਰੰਜਰ (ਜੋਨ ਨੂੰ) ਮੈਂ ਸੁਣ ਰਿਹਾਂ

ਜੋਨ ਤੂੰ ਥੋੜ੍ਹਾ ਡਰੂ ਏਂ, ਪਰ ਹੁਨਰ ਤਾਂ ਹੈ ਤੇਰੇ 'ਚ।

ਬੇਰੰਜਰ ਹੁਨਰ .. ਮੇਰੇ 'ਚ ? ਮੈਂ ?

ਜੋਨ ਵਰਤੋਂ ਕਰੋ ਇਸਦੀ। ਆਪਣੇ ਆਪਨੂੰ ਜ਼ਰਾ ਸ਼ੀਸ਼ੇ 'ਚ ਉਤਾਰੋ, ਫਰੇਮ ਕਰੋ। ਨਜ਼ਰ ਰੱਖੋ ਕਿ ਸਾਹਿਤ ਤੇ ਸੰਸਕ੍ਰਿਤੀ ਦੀ ਦੁਨੀਆਂ 'ਚ ਕੀ ਹੋ ਰਿਹਾ ਹੈ, ਕਦਮ ਮਿਲਾ ਕੇ ਚਲੋ।

ਬਜ਼ੁਰਗ (ਤਰਕ-ਸ਼ਾਸਤਰੀ ਨੂੰ) ਇੱਕ ਸੰਭਾਵਨਾ ਤਾਂ ਹੈ .ਕਿ ਇੱਕ ਬਿੱਲੀ ਕਲ ਚਾਰ ਪੰਜੇ ਹੋਣ ਤੇ ਦੂਜੀ ਕੋਲ ਦੋ।

ਬੇਰੰਜਰ : (ਜੋਨ ਨੂੰ) ਟਾਈਮ ਈ ਕਿੱਥੇ ਬਚਦਾ .. ਮੇਰੇ ਕੋਲ।

ਤਰਕ-ਸ਼ਾਸਤਰੀ : (ਬਜ਼ੁਰਗ ਵੱਲ ਦੇਖਦੇ ਹੋਏ) ਹੁਨਰ ਤਾਂ ਹੈ, ਬਸ ਅਭਿਆਸ ਦੀ ਲੋੜ ਹੈ।

ਜੋਨ ਜਿੰਨਾ ਵੀ ਟਾਈਮ ਮਿਲਦਾ, ਉਸਦਾ ਲਾਹਾ ਲਓ। ਐਵੇਂ ਡੋਲਦੇ ਨਾ ਰਹੋ ਹਰ ਵੇਲੇ .

ਬਜ਼ੁਰਗ ਸਮਾ ਹੀ ਨਹੀਂ ਮਿਲਿਆ ਕਦੇ। ਤੁਹਾਨੂੰ ਤਾਂ ਪਤਾ . ਦਫ਼ਤਰੀ ਜੀਵਨ ..!

ਤਰਕ ਸ਼ਾਸਤਰੀ : ਸਿੱਖਣ ਦਾ ਸਮਾਂ ਤਾਂ ਬੰਦਾ ਕੱਢ ਹੀ ਲੈਂਦਾ।

ਬੇਰੰਜਰ (ਜੋਨ ਨੂੰ) ਹੁਣ ਤਾਂ ਲੇਟ ਹੋ ਗਿਆ ਬਹੁਤ।

ਬਜ਼ੁਰਗ ਮੇਰੇ ਲਈ ਤਾਂ ਹੁਣ ਥੋੜ੍ਹਾ ਲੇਟ ਐ, ਉਮਰ...

ਜੋਨ : (ਬੇਰੰਜਰ ਨੂੰ) ਕੋਈ ਲੇਟ-ਵੇਟ ਨਹੀਂ।

ਤਰਕ ਸ਼ਾਸਤਰੀ: ਲੇਟ-ਵੇਟ ਕੁਝ ਨਹੀਂ!

ਜੋਨ (ਬੇਰੰਜਰ) ਤੂੰ ਵੀ ਅੱਠ ਘੰਟੇ ਕੰਮ ਕਰਦਾਂ, ਜਿਵੇਂ ਮੈਂ ਕਰਦਾਂ ਸਾਰੇ ਕਰਦੇ। ਪਰ ਐਤਵਾਰ ਤਾਂ ਛੁੱਟੀ ਐ ਨਾ, ਸ਼ਾਮ ਨੂੰ ਕੋਈ ਦਫਤਰ ਨਹੀਂ, ਸਾਲ 'ਚ ਤਿੰਨ ਹਫਤੇ ਕੋਈ ਕੰਮ ਨਹੀਂ। ਏਨਾ ਤਾਂ ਬਹੁਤ ਹੁੰਦਾ, ਥੋੜ੍ਹਾ ਹਿਸਾਬ ਜਿਹੇ ਨਾਲ!

(ਬਜ਼ੁਰਗ ਨਵੇਂ ਸਿਰ ਤੋਂ ਹਿਸਾਬ ਲਾਉਣ ਲੱਗਦਾ ਹੈ।)

ਜੋਨ (ਬੇਰੰਜਰ ਨੂੰ) ਦੇਖ, ਪੀ ਕੇ, ਅਗਲੇ ਦਿਨ ਸਿਰ ਫੜ ਕੇ ਬੈਠੇ ਰਹੋ, ਇਹਦੇ ਨਾਲੋਂ ਚੰਗਾ ਨਹੀਂ ਕਿ ਥੋੜ੍ਹਾ ਚੁਸਤ-ਦਰੁਸਤ ਰਹੋ, ਫ਼ਰੈਸ਼, ਕੰਮ ਵੇਲੇ ਵੀ ? ਤੇ ਤੁਸੀਂ ਆਪਣੇ ਖ਼ਾਲੀ ਸਮੇਂ ਦੀ ਬੜੀ ਉਸਾਰੂ ਵਰਤੋਂ ਕਰ ਸਕਦੇ ਹੋ।

ਬੇਰੰਜਰ ਕਿਵੇਂ, ਤੁਹਾਡੇ 'ਸਾਬ ਨਾਲ ?

| | |
|---|---|
| ਜੋਨ | ਮਿਊਜ਼ਮਾਂ 'ਚ ਗੇੜਾ-ਸ਼ੇੜਾ ਰੱਖੋ, ਸਾਹਿਤਕ ਰਸਾਲੇ ਪੜ੍ਹੋ, ਸੈਮੀਨਾਰਾਂ 'ਚ ਜਾਓ... ਲੈਕਚਰ ਸੁਣੋ। ਦਿਮਾਗ਼ ਵਿਕਸਿਤ ਹੋਏਗਾ ਇਨ੍ਹਾਂ ਨਾਲ, ਤਾਂ ਤੁਹਾਡੇ ਸਾਰੇ ਮਸਲੇ ਆਪੇ ਹੱਲ ਹੋ ਜਾਣੇ। ਚਾਰਾਂ ਹਫਤਿਆਂ 'ਚ ਤਸੀਂ ਇਕ ਸੁਚੱਜੇ ਆਦਮੀ ਹੋਵੋਗੇ, ਕਲਚਰ ਨਾਲ ਭਰੇ। |
| ਬੇਰੰਜਰ | ਗੱਲ ਤਾਂ ਠੀਕ ਹੈ। |
| ਬਜ਼ੁਰਗ | (ਤਰਕ ਸ਼ਾਸਤਰੀ ਨੂੰ) ਇੱਕ ਬਿੱਲੀ ਦੇ ਪੰਜ ਪੰਜੇ ਵੀ ਹੋ ਸਕਦੇ |
| ਜੋਨ | (ਬੇਰੰਜਰ ਨੂੰ) ਦੇਖਿਆ, ਤੈਨੂੰ ਖ਼ੁਦ ਆਪ ਨੂੰ ਵੀ ਇਵੇਂ ਈ ਲਗਦੈ। |
| ਬਜ਼ੁਰਗ | (ਤਰਕ-ਸ਼ਾਸਤਰੀ ਨੂੰ) ਤੇ ਫੇਰ ਦੂਜੀ ਬਿੱਲੀ ਕੋਲ ਰਹਿ ਜਾਏਗਾ. ਇੱਕ ਪੰਜਾ। ਪਰ ਫੇਰ ਕੀ ਉਹ ਬਿੱਲੀਆਂ ਰਹਿ ਜਾਣਗੀਆਂ? |
| ਤਰਕ-ਸ਼ਾਸਤਰੀ · | (ਬਜ਼ੁਰਗ ਨੂੰ) ਕਿਉਂ ਨਹੀਂ? |
| ਜੋਨ | ਆਪਣੀ ਸਾਰੀ ਬੱਚਤ ਦਾਰੂ 'ਤੇ ਉਡਾਉਣ ਨਾਲੋਂ ਚੰਗਾ ਨਹੀਂ ਕਿ ਕਿਸੇ ਦਿਲਚਸਪ ਨਾਟਕ ਦੀ ਟਿਕਟ ਖਰੀਦੋ? ਅਵਾਂਗਾਰਦ ਥਿਏਟਰ ਬਾਰੇ ਕੁਝ ਪਤਾ ਤੈਨੂੰ, ਬੜਾ ਰੌਲਾ ਏ ਅੱਜਕਲ ਉਹਦਾ? ਕਦੇ ਆਈਨੇਸਕੋ ਦੇ ਨਾਟਕ ਦੇਖੇ? |
| ਬੇਰੰਜਰ | ਮਾੜੀ ਕਿਸਮਤ! (ਜੋਨ ਨੂੰ) ਨਹੀਂ, ਨਹੀਂ ਦੇਖੇ। ਲੋਕਾਂ ਨੂੰ ਬੱਸ ਗੱਲਾਂ ਕਰਦੇ ਸੁਣਿਆ ਉਨ੍ਹਾਂ ਬਾਰੇ। |
| ਬਜ਼ੁਰਗ | (ਤਰਕ-ਸ਼ਾਸਤਰੀ ਨੂੰ) ਦੋਹਾਂ ਬਿੱਲੀਆਂ ਕੋਲੋਂ ਜੇ ਅੱਠਾਂ 'ਚੋਂ ਦੋ ਪੰਜੇ ਲੈ ਲਏ ਜਾਣ ਤਾਂ |
| ਜੋਨ | (ਬੇਰੰਜਰ ਨੂੰ) ਇੱਕ ਤਾ ਪਾਲੇ ਚਲ ਰਿਹੈ। ਫਾਇਦਾ ਲੈ ਲਓ। |
| ਬਜ਼ੁਰਗ | (ਤਰਕ-ਸ਼ਾਸਤਰੀ ਨੂੰ) ਸਾਡੇ ਕੋਲ ਛੇ ਪੰਜਿਆਂ ਵਾਲੀ ਇੱਕ ਬਿੱਲੀ ਵੀ ਹੋ ਸਕਦੀ ਹੈ। |
| ਬੇਰੰਜਰ | ਇਹ ਤਾਂ ਸਾਡੇ ਸਮਿਆਂ ਦੇ ਕਲਾ ਜਗਤ 'ਚ ਇੱਕ ਸ਼ਾਨਦਾਰ ਪ੍ਰਵੇਸ਼ ਹੋਏਗਾ। |
| ਬਜ਼ੁਰਗ | (ਤਰਕ-ਸ਼ਾਸਤਰੀ ਨੂੰ) ਸਾਡੇ ਕੋਲ ਇੱਕ ਇਹੋ ਜਿਹੀ ਬਿੱਲੀ ਵੀ ਹੋ ਸਕਦੀ ਹੈ ਜਿਸਦੇ ਕੋਈ ਪੰਜੇ ਨਹੀਂ ਹੋਣਗੇ। |
| ਬੇਰੰਜਰ | ਤੇਰੀ ਗੱਲ ਸਹੀ ਹੈ, ਇਕਦਮ ਸਹੀ। ਮੈਂ ਆਪਣੇ ਆਪ ਨੂੰ ਫਰੇਮ 'ਚ ਫਿੱਟ ਕਰਾਂਗਾ, ਬਿਲਕੁਲ ਉਵੇਂ ਜਿਵੇ ਤੂੰ ਕਿਹਾ। |
| ਤਰਕ-ਸ਼ਾਸਤਰੀ. | ਤਾਂ ਏਸ ਮਾਮਲੇ 'ਚ, ਇੱਕ ਬਿੱਲੀ ਕੁਝ ਵਿਸ਼ੇਸ਼ ਅਧਿਕਾਰਾਂ ਵਾਲੀ ਹੋਏਗੀ। |
| ਬੇਰੰਜਰ | ਮੈਂ ਕਰਾਂਗਾ, ਪੱਕਾ ਕਰਾਂਗਾ। |
| ਜੋਨ | ਆਪਣੇ ਆਪ ਨਾਲ ਪੱਕਾ ਕਰ, ਉਹੋ ਅਸਲ ਗੱਲ ਹੋਏਗੀ। |
| ਬਜ਼ੁਰਗ | ਤੇ ਦੂਸਰੀ ਦੇ ਕੋਈ ਹੱਕ-ਹਕੂਕ ਹੋਣਗੇ ਈ ਨਹੀਂ, ਬਿਨਾ ਪੰਜਿਆਂ ਤੋਂ। |

ਬੇਰੰਜਰ : ਮੈਂ ਆਪਣੇ ਆਪ ਨਾਲ ਵਾਅਦਾ ਕਰਦਾ, ਮੈਂ ਆਪਣੀ ਜ਼ੁਬਾਨ ਦਾ ਲਿਹਾਜ਼ ਰੱਖਾਂਗਾ।

ਤਰਕ-ਸਾਸਤਰੀ : ਇਹ ਤਾਂ ਬੇਇਨਸਾਫ਼ੀ ਹੋਵੇਗੀ, ਮਤਲਬ ਕਿ ਇਹ ਤਰਕ-ਸੰਗਤ ਨਹੀਂ।

ਬੇਰੰਜਰ : ਪੀਣ ਦੀ ਬਜਾਇ, ਮੈਂ ਆਪਣੇ ਦਿਮਾਗ਼ ਵੱਲ ਧਿਆਨ ਦਿਆਂਗਾ, ਵਿਕਸਤ ਕਰਾਂਗਾ ਇਸਨੂੰ। ਚੰਗਾ ਲੱਗ ਰਿਹੈ ਮੈਨੂੰ ਹੁਣੇ ਤੋਂ ਹੀ। ਦਿਮਾਗ਼ ਇਕਦਮ ਸਾਫ਼

ਜੋਨ : ਦੇਖਿਆ ਤੂੰ।

ਬਜ਼ੁਰਗ : (ਤਰਕ-ਸ਼ਾਸਤਰੀ ਨੂੰ) ਤਰਕ-ਸੰਗਤ ਨਹੀਂ ?

ਬੇਰੰਜਰ : ਸ਼ਾਮ ਨੂੰ ਈ ਮੈਂ ਮਿਊਜ਼ੀਅਮ ਜਾਵਾਂਗਾ। ਤੇ ਦੋ ਸੀਟਾ ਥਿਏਟਰ ਦੀਆਂ ਵੀ ਬੁੱਕ ਕਰਾਂਗਾ, ਅੱਜ ਸ਼ਾਮ ਨੂੰ ਹੀ। ਤੂੰ ਚੱਲੇਂਗਾ ਨਾ ਮੇਰੇ ਨਾਲ ?

ਤਰਕ-ਸ਼ਾਸਤਰੀ : ਕਿਉਂਕਿ ਤਰਕ ਦਾ ਮਤਲਬ... ਇਨਸਾਫ਼।

ਜੋਨ : (ਬੇਰੰਜਰ ਨੂੰ) ਬੱਸ ਕਾਇਮ ਰਹਿਣਾ ਪਏਗਾ ਤੈਨੂੰ। ਇਰਾਦਾ ਦ੍ਰਿੜ ਰੱਖਣਾ ਪਏਗਾ।

ਬਜ਼ੁਰਗ : ਸਮਝ ਗਿਆ। ਇਨਸਾਫ਼..

ਬੇਰੰਜਰ : ਤੇਰੇ ਨਾਲ ਵਾਅਦਾ ਕਰਦਾਂ ਤੇ ਆਪਣੇ ਨਾਲ ਵੀ। ਸ਼ਾਮ ਨੂੰ ਮਿਊਜ਼ੀਅਮ ਚੱਲੇਂਗਾ ਮੇਰੇ ਨਾਲ ?

ਜੋਨ : ਅੱਜ ਸ਼ਾਮ ਤਾਂ ਮੇਰੀ ਰੈਸਟ ਐ--ਆਰਾਮ! ਅੱਜ ਦੇ ਮੇਰੇ ਪ੍ਰੋਗਰਾਮ 'ਚ ਇਹੋ ਹੈ।

ਬਜ਼ੁਰਗ : ਇਨਸਾਫ਼ ਤਰਕ ਦਾ ਇੱਕ ਹੋਰ ਪਹਿਲੂ ਹੈ।

ਬੇਰੰਜਰ : ਪਰ ਨਾਟਕ ਦੇਖਣ ਤਾਂ ਚੱਲੇਂਗਾ ਨਾ ?

ਜੋਨ : ਨਹੀਂ, ਅੱਜ ਨਹੀਂ।

ਤਰਕ-ਸ਼ਾਸਤਰੀ : (ਬਜ਼ੁਰਗ ਨੂੰ) ਤੇਰਾ ਦਿਮਾਗ਼ ਸਾਫ਼ ਹੋ ਰਿਹੈ।

ਜੋਨ : (ਬੇਰੰਜਰ ਨੂੰ) ਮੈਂ ਭਰੋਸਾ ਕਰਦਾਂ.. ਸੱਚੇ ਦਿਲੋਂ .., ਕਿ ਤੂੰ ਆਪਣੇ ਨੇਕ ਇਰਾਦਿਆਂ 'ਤੇ ਕਾਇਮ ਰਹੇਂਗਾ। ਪਰ ਅੱਜ ਸ਼ਾਮੀਂ ਤਾਂ ਕੁਝ ਦੋਸਤ ਆ ਰਹੇ ਨੇ ਡਰਿੰਕ ਲਈ।

ਬੇਰੰਜਰ : ਦਾਰੂ ?

ਬਜ਼ੁਰਗ : (ਤਰਕ-ਸ਼ਾਸਤਰੀ ਨੂੰ) ਹੋਰ ਕੀ ਕੁਝ ਹੈ, ਬਿੱਲੀ ਜਿਸ ਕੋਲ ਕੋਈ ਪੰਜੇ ਨਹੀਂ..

ਜੋਨ : ਮੈਂ ਜ਼ੁਬਾਨ ਦਿੱਤੀ ਹੋਈ ਐ ਤੇ ਜ਼ੁਬਾਨ 'ਤੇ ਤਾ ਮੈਂ ਹਮੇਸ਼ਾ ਪੱਕਾ ਰਹਿੰਦਾਂ।

ਬਜ਼ੁਰਗ : ...ਪਰ ਇੰਝ ਤਾਂ ਉਹ ਚੂਹੇ ਫੜਨ ਲਈ ਦੌੜਨ ਜੋਗੀ ਨਹੀਂ ਰਹੀ ਜਾਏਗੀ।

ਬੇਰੰਜਰ : (ਜੋਨ ਨੂੰ) ਓ ਹੁਣ ਤੂੰ ਹੀ ਮੇਰੇ ਲਈ ਗਲਤ ਮਿਸਾਲ ਪੇਸ਼ ਕਰ

ਰਿਹੈਂ! ਦਾਰੂ ਦੀ ਪਾਰਟੀ ਕਰ ਰਹੇ ਹੋ ਤੁਸੀਂ!

ਤਰਕ-ਸ਼ਾਸਤਰੀ : (ਬਜ਼ੁਰਗ ਨੂੰ) ਤਰਕ ਤਾਂ ਸਿੱਖਦਾ ਜਾ ਰਿਹੈਂ ਤੂੰ ..।

(ਗੈਂਡੇ ਦੇ ਹੌਂਕਣ ਤੇ ਉਸਦੇ ਭਾਰੀ ਭਰਕਮ ਖੁਰਾ ਦੀਆਂ ਟਾਪਾਂ ਦੀ ਅਵਾਜ ਫੇਰ ਨੇੜੇ ਆਉਂਦੀ ਸੁਣਾਈ ਪੈਂਦੀ ਹੈ। ਏਸ ਵਾਰ ਅਵਾਜ਼ ਉਲਟੀ ਦਿਸ਼ਾ 'ਚੋ ਆ ਰਹੀ ਹੈ, ਮੰਚ ਦੇ ਪਿਛਲੇ ਪਾਸਿਓਂ ਖੱਬੇ ਵਿੰਗਸ 'ਚੋ ਹੁੰਦੀ ਅੱਗੇ ਵੱਲ ਨੂੰ ਵਧ ਰਹੀ ਹੈ।)

ਜੋਨ (ਭੜਕ ਜਾਂਦਾ ਹੈ) ਮੈਨੂੰ ਆਦਤ ਨਹੀ ਇਹਦੀ, ਪਤਾ ਤੈਨੂੰ ਇਸ ਗੱਲ ਦਾ। ਤੇਰੇ ਨਾਲ ਤੁਲਨਾ ਨਹੀ ਹੋ ਸਕਦੀ ਇਹਦੀ, ਤੇਰੇ ਨਾਲ ਤਾਂ ਮੁਕਾਬਲਾ ਹੀ ਕੋਈ ਨਹੀਂ... ਉੱਕਾ ਈ।

ਬੇਰੰਜਰ ਕਿਉਂ ਇਹ ਉਹੋ ਗੱਲ ਕਿਉਂ ਨਹੀਂ ?

ਜੋਨ (ਬਾਹਰੋਂ ਆਉਂਦੇ ਰੌਲੇ ਨਾਲੋਂ ਉੱਚੀ ਅਵਾਜ਼ 'ਚ) ਸ਼ਰਾਬੀ ਥੋੜ੍ਹੇ ਹਾਂ ਮੈਂ, ਮੈਂ ਕਿਵੇਂ!

ਤਰਕ-ਸ਼ਾਸਤਰੀ : (ਚੀਖ਼ਦੇ ਹੋਏ, ਬਜ਼ੁਰਗ ਨੂੰ) ਪੰਜਾ ਹੋਵੇ ਭਾਵੇਂ ਨਾ ਹੋਵੇ, ਬਿੱਲੀ ਚੂਹੇ ਤਾਂ ਫੜੇਗੀ ਹੀ। ਇਹ ਤਾਂ ਉਸਦਾ ਸੁਭਾਅ ਹੈ।

ਬੇਰੰਜਰ (ਹੋਰ ਜੋਰ ਦੀ ਚੀਖ਼ਦੇ ਹੋਏ) ਮੇਰਾ ਇਹ ਮਤਲਬ ਨਹੀਂ ਸੀ ਕਿ ਤੂੰ ਸ਼ਰਾਬੀ ਹੈਂ। ਪਰ ਏਸ ਮਾਮਲੇ 'ਚ ਮੈਂ ਹੀ ਕਿਉਂ ਫੇਰ ਸ਼ਰਾਬੀ ਹਾਂ, ਤੂੰ ਕਿਉਂ ਨਹੀਂ ?

ਬਜ਼ੁਰਗ (ਚੀਖ਼ਦਾ ਹੋਇਆ) ਕੀ ਹੈ ਬਿੱਲੀ ਦਾ ਸੁਭਾਅ ?

ਜੋਨ (ਬੇਰੰਜਰ ਨੂੰ) ਕਿਉਂਕਿ ਹਰ ਸ਼ੈਅ ਦਾ ਕੋਈ ਹਿਸਾਬ ਹੁੰਦੈ, ਢੰਗ ਹੁੰਦੈ। ਮੈਂ ਸਲੀਕੇ ਨਾਲ ਚੱਲਣ ਵਾਲਾ ਬੰਦਾ ਹਾ, ਤੇਰੇ ਵਾਂਗ ਨਹੀਂ!

ਤਰਕ-ਸ਼ਾਸਤਰੀ: (ਕੰਨਾਂ ਦੁਆਲੇ ਹੱਥ ਕਰ ਕੇ) ਕੀ... ਕੀ ਕਿਹਾ ? (ਪਿੱਛੋਂ ਆਉਂਦੀ ਗੈਂਡੇ ਦੀ ਕੰਨਾਂ ਨੂੰ ਫਾੜਦੀ ਅਵਾਜ਼ ਚਾਰਾਂ ਦੀ ਅਵਾਜ਼ 'ਤੇ ਭਾਰੂ ਪੈ ਜਾਂਦੀ ਹੈ।)

ਬੇਰੰਜਰ (ਕੰਨਾ ਦੁਆਲੇ ਹੱਥ ਰੱਖ ਕੇ) ਤਾ ਫੇਰ ਮੇਰੇ ਬਾਰੇ ਕੀ ਵੱਖਰਾ ਹੈ ? ਕੀ ਕਿਹਾ, ਕੀ ?

ਜੋਨ (ਗਰਜਦੇ ਹੋਏ) ਮੈਂ ਕਿਹਾ...

ਬਜ਼ੁਰਗ (ਹੋਰ ਉੱਚਾ) ਮੈਂ ਕਹਿ ਰਿਹਾਂ ਕਿ...

ਜੋਨ (ਅਚਾਨਕ ਬਾਹਰੋਂ ਆਉਂਦੇ ਰੌਲੇ ਤੋਂ ਸੁਚੇਤ ਹੁੰਦਾ ਹੈ, ਜਿਹੜਾ ਹੁਣ ਬਹੁਤ ਨੇੜੇ ਆ ਚੁੱਕਾ ਹੈ)

ਤਰਕ-ਸ਼ਾਸਤਰੀ: ਕੀ ਹੋ ਕੀ ਰਿਹੈ ?

ਜੋਨ (ਉੱਠ ਕੇ, ਕੁਰਸੀ ਪਰਾਂ ਕਰਕੇ ਬਾਹਰ ਦੇਖਦਾ ਹੈ) ਓ.. ਇਹ ਤਾਂ ਗੈਂਡਾ .. ਏ!

ਤਰਕ-ਸ਼ਾਸਤਰੀ : (ਕੁਰਸੀ ਛੱਡ ਕੇ ਖੜ੍ਹਾ ਹੁੰਦਾ ਹੈ) ਓ...ਗੈਂਡਾ!

ਬਜ਼ੁਰਗ (ਉਸੇ ਤਰ੍ਹਾਂ) ਗੈਂਡਾ।

ਬੇਰੰਜਰ (ਹਾਲੇ ਬੈਠਾ ਹੈ, ਪਰ ਇਸ ਵਾਰ ਪਹਿਲਾਂ ਨਾਲੋਂ ਵੱਧ ਧਿਆਨ ਦਿੰਦਾ ਹੈ।) ਗੈਂਡਾ! ਉਲਟੀ ਦਿਸ਼ਾ 'ਚੋਂ!

ਵੇਟਰ (ਟ੍ਰੇ 'ਚ ਗਿਲਾਸ ਲੈ ਕੇ) ਕੀ ਹੈ? ਓ! ਗੈਂਡਾ। (ਟ੍ਰੇ ਡਿੱਗ ਜਾਂਦੀ ਹੈ, ਗਿਲਾਸ ਟੁੱਟ ਜਾਂਦੇ ਹਨ।)

ਕੈਫ਼ੇ-ਵਾਲਾ ਕੀ ਰੌਲਾ ਹੈ?

ਵੇਟਰ : ਗੈਂਡਾ!

ਤਰਕ-ਸ਼ਾਸਤਰੀ ਗੈਂਡਾ! ਦੌੜ ਕੇ ਦੂਜੇ ਪਾਸੇ ਵੱਲ ਜਾਂਦਾ ਹੈ।

ਦੁਕਾਨਦਾਰ (ਦੁਕਾਨ 'ਚੋਂ ਬਾਹਰ ਆਉਂਦਾ) ਓ! ਗੈਂਡਾ।

ਜੇਨ ਓ ਹਾਂ, ਗੈਂਡਾ!

ਮਾਲਕਣ (ਉੱਪਰੋਂ ਖਿੜਕੀ 'ਚੋਂ ਸਿਰ ਕੱਢ ਕੇ) ਹ ਅ ਓ ਗੈਂਡਾ!

ਕੈਫ਼ੇ-ਵਾਲਾ ਇਹ ਗਿਲਾਸ ਭੰਨਣ ਦਾ ਕੀ ਮਤਲਬ ਹੋਇਆ।

ਜੇਨ ਉਹ ਤੇ ਇਧਰ ਨੂੰ ਆ ਰਿਹੈ ਸਿੱਧਾ, ਦੁਕਾਨਾਂ ਦੀਆਂ ਖਿੜਕੀਆਂ ਭੰਨਦਾ. .

ਡੇਜ਼ੀ (ਖੱਬੇ ਪਾਸਿਓਂ ਆਉਂਦੀ ਹੈ) ਹ.. ਅ .. ਓ.. ਗੈਂਡਾ।

ਬੇਰੰਜਰ (ਡੇਜ਼ੀ ਨੂੰ ਦੇਖ ਕੇ) ਓ ਡੇਜ਼ੀ।

(ਪਹਿਲਾਂ ਵਾਂਗ ਹੀ ਲੋਕਾਂ ਦੇ ਭੱਜਣ ਤੇ ਚੀਖ਼ਾ ਕੂਕਾਂ ਦੀਆਂ ਅਵਾਜ਼ਾਂ ਆਉਂਦੀਆਂ ਹਨ।)

ਵੇਟਰ ਸਭ ਦਾ ਭਲਾ ਕਰੀਂ ਸਾਈਂ!

ਕੈਫ਼ੇ-ਵਾਲਾ ਇਹਦਾ ਮੁੱਲ ਤਾਰਨਾ ਪਏਗਾ... ਤੈਨੂੰ।

(ਬੇਰੰਜਰ ਖ਼ੁਦ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਜੋ ਡੇਜ਼ੀ ਦੀ ਨਜ਼ਰ ਨਾ ਪਏ। ਬਜ਼ੁਰਗ, ਤਰਕ-ਸ਼ਾਸਤਰੀ, ਦੁਕਾਨ ਵਾਲਾ ਤੇ ਉਸਦੀ ਘਰਵਾਲੀ ਸੈਂਟਰ ਸਟੇਜ 'ਤੇ ਝੁੰਡ ਬਣਾ ਕੇ ਇਕੱਠੇ ਹੁੰਦੇ ਹਨ।)

ਸਾਰੇ ਸਭ ਦਾ ਭਲਾ ਕਰੀਂ!

(ਬਿੱਲੀ ਦੇ ਮਿਆਂਕਣ ਦੀ ਦਰਦਨਾਕ ਅਵਾਜ਼, ਤੇ ਉਸਦੇ ਨਾਲ ਹੀ ਇਕ ਔਰਤ ਦੀ ਹੋਰ ਵੀ ਦਰਦਨਾਕ ਚੀਖ਼।)

ਸਾਰੇ ਓਫ਼!

(ਇਹ ਸਾਰਾ ਕੁਝ ਲਗਭਗ ਨਾਲੋ-ਨਾਲ ਹੀ ਚਲਦਾ ਹੈ। ਗੈਂਡੇ ਦੇ ਖੁਰਾਂ ਦੀਆਂ ਅਵਾਜ਼ਾਂ ਦੂਰ ਹੁੰਦੀਆਂ ਜਾਂਦੀਆ ਹਨ। ਘਰੇਲੂ ਔਰਤ ਮੰਚ 'ਤੇ ਆਉਂਦੀ ਹੈ, ਇਸ ਵਾਰ ਉਸਦੇ ਹੱਥਾਂ 'ਚ ਟੋਕਰੀ ਦੀ ਜਗ੍ਹਾ ਬਿੱਲੀ ਦੀ ਖ਼ੂਨ ਨਾਲ ਲਿਬੜੀ ਲਾਸ਼ ਹੈ।)

ਘਰੇਲੂ-ਔਰਤ : (ਡੁਸਕਦੀ ਹੋਈ) ਮੇਰੀ ਮਿਆਊਂ ਮਿੱਧ ਦਿੱਤੀ, ਮੇਰੀ ਮਿਆਊਂ ਮਿੱਧ ਦਿੱਤੀ ਉਸਨੇ

ਵੇਟਰ ਉਹਦੀ ਮਿਆਊਂ ਮਿੱਧ ਦਿੱਤੀ ਉਹਨੇ।

(ਖਿੜਕੀ 'ਚੋਂ ਦੁਕਾਨਦਾਰ ਤੇ ਉਸਦੀ ਘਰਵਾਲੀ, ਬਜ਼ੁਰਗ, ਡੇਜ਼ੀ, ਤਰਕ-ਸ਼ਾਸਤਰੀ ਤੇ ਕੁਝ ਹੋਰ ਲੋਕ ਉਸ ਘਰੇਲੂ ਔਰਤ ਦੇ ਗਿਰਦ ਇਕੱਠੇ ਹੁੰਦੇ ਹਨ। ਸਾਰੇ ਇਹੋ ਚਰਚਾ ਕਰ ਰਹੇ ਹਨ।)

ਸਾਰੇ : ਕਿੱਡਾ ਨ੍ਹੇਰ ਐ, ਤ੍ਰਾਸਦੀ! ਵਿਚਾਰੀ ਬਿਲੂੰਗੜੀ ਜਿਹੀ!

ਬਜ਼ੁਰਗ : ਹਾਂ.. ਵਿਚਾਰੀ ਬਿਲੂੰਗੜੀ ਜਿਹੀ!

ਡੇਜ਼ੀ ਤੇ ਵੇਟਰ : ਹ... ਹਾਂ, ਵਿਚਾਰੀ ਬਿਲੂੰਗੜੀ ਜਿਹੀ!

ਮਾਲਕਣ, (ਖਿੜਕੀ 'ਚੋਂ), ਬਜ਼ੁਰਗ ਤੇ ਤਰਕ-ਸ਼ਾਸਤਰੀ : ਹਾਂ, ਵਿਚਾਰੀ ਬਿਲੂੰਗੜੀ ਜਿਹੀ!

ਕੈਫ਼ੇ-ਵਾਲਾ : (ਵੇਟਰ ਨੂੰ ਟੁੱਟੇ ਗਿਲਾਸਾਂ ਤੇ ਉਲਟੀਆਂ ਕੁਰਸੀਆਂ ਵੱਲ ਇਸ਼ਾਰਾ ਕਰਕੇ) ਖੜ੍ਹਾ ਮੂੰਹ ਕੀ ਦੇਖਦਾ! ਕਚਰਾ ਸਾਫ਼ ਕਰ ਸਾਰਾ।

(ਜੋਨ ਤੇ ਬੇਰੰਜਰ ਵੀ ਦੌੜ ਕੇ ਉਸ ਘਰੇਲੂ-ਔਰਤ ਕੋਲ ਪਹੁੰਚਦੇ ਹਨ। ਉਹ ਆਪਣੀ ਮਰੀ ਹੋਈ ਬਿੱਲੀ ਨੂੰ ਬਾਹਾਂ 'ਚ ਲਈ ਹੋਈ ਜਾ ਰਹੀ ਹੈ।)

ਵੇਟਰ : (ਕੁਰਸੀਆਂ ਸਿੱਧੀਆਂ ਕਰਦਾ ਹੈ, ਟੁੱਟਿਆ ਕੱਚ ਸਾਫ਼ ਕਰਦੇ ਹੋਏ ਵਾਰ ਵਾਰ ਉਸ ਔਰਤ ਵੱਲ ਝਾਤੀ ਮਾਰਦਾ ਹੈ) ਵਿਚਾਰੀ ਬਿਲੂੰਗੜੀ ਜਿਹੀ

ਕੈਫ਼ੇ-ਵਾਲਾ : (ਵੇਟਰ ਨੂੰ ਕਚਰਾ ਦਿਖਾਉਂਦੇ ਹੋਏ) ਓਧਰ ਦੇਖ... ਓਧਰ ਥੱਲੇ . ਪੈਰਾਂ 'ਚ!

ਬਜ਼ੁਰਗ : (ਦੁਕਾਨ ਵਾਲੇ ਨੂੰ) ਤੁਹਾਨੂੰ ਕੀ ਲਗਦੈ... ਕੀ ਮਾਮਲਾ ਕੀ ਹੈ?

ਬੇਰੰਜਰ : ਇਸ ਤਰ੍ਹਾਂ ਰੋਣਾ ਬੰਦ ਕਰ, ... ਹੌਲ ਪੈਂਦਾ!

ਡੇਜ਼ੀ : ਓ ਮਿਸਟਰ ਬੇਰੰਜਰ, ਤੁਸੀਂ ਇੱਥੇ ਈ ਸੀ? ਤੁਸੀਂ ਦੇਖਿਆ?

ਬੇਰੰਜਰ : ਗੁੱਡ ਮਾਰਨਿੰਗ ਮਿਸ ਡੇਜ਼ੀ, ਮਾਫ਼ ਕਰਨਾ ਬਸ ਸ਼ੇਵ ਕਰਨ ਦਾ ਟਾਈਮ ਈ ਨੀ ਮਿਲਿਆ.

ਕੈਫ਼ੇ-ਵਾਲਾ : (ਖਿਲਾਰਾ ਸਾਫ਼ ਕਰਾਉਂਦੇ ਹੋਏ ਵਿੱਚ-ਵਿੱਚ ਉਸ ਔਰਤ ਵੱਲ ਦੇਖ ਕੇ) ਵਿਚਾਰੀ ਬਿਲੂੰਗੜੀ ਜਿਹੀ!

ਵੇਟਰ : (ਕਚਰਾ ਸਾਫ਼ ਕਰ ਰਿਹਾ ਹੈ, ਉਸਦੀ ਪਿੱਠ ਉਸ ਔਰਤ ਵੱਲ ਹੈ) ਵਿਚਾਰੀ ਬਿਲੂੰਗੜੀ ਜਿਹੀ!

(ਇਹ ਤਮਾਮ ਟਿੱਪਣੀਆਂ ਬੜੀ ਤੇਜ਼ੀ ਨਾਲ ਆਉਣੀਆਂ ਚਾਹੀਦੀਆਂ ਹਨ, ਇਕਦਮ ਓੱਪਰ-ਥੱਲੇ।)

ਮਾਲਕਣ : ਇਹ ਤਾਂ ਹੱਦ ਹੁੰਦੀ ਜਾ ਰਹੀ!

ਜੋਨ : ਇਹ ਤਾਂ ਹੱਦ ਹੁੰਦੀ ਜਾ ਰਹੀ!

ਘਰੇਲੂ-ਔਰਤ : (ਮਰੀ ਹੋਈ ਬਿੱਲੀ ਨੂੰ ਬਾਹਾਂ 'ਚ ਝੁਲਾਉਂਦੀ ਹੈ) ਮੇਰੀ ਨਿਕੜੀ ਜਹੀ

ਮਿਆਊਂ... ਪਿਆਰੀ ਬਿਲੂੰਗੜੀ!

ਬਜ਼ੁਰਗ : ਕੀ ਕਰ ਸਕਦੇ ਹੋ... ਹੁਣ .. ਤੁਸੀਂ; ਬਿੱਲੀਆਂ ਤਾਂ ਬਸ ਨਾਸ਼ਵਾਨ ਨੇ।

ਤਰਕ-ਸ਼ਾਸਤਰੀ : (ਘਰੇਲੂ-ਔਰਤ ਨੂੰ) ਮੈਡਮ, ਕੀ ਲਗਦੈ ਤੁਹਾਨੂੰ.. ਕੀ ਹੋਣੈ ਚਾਹੀਦੈ? ਸਭ ਬਿੱਲੀਆਂ ਨਾਸ਼ਵਾਨ ਨੇ! ਸਾਨੂੰ ਮੰਨਣਾ ਹੀ ਚਾਹੀਦਾ।

ਘਰੇਲੂ-ਔਰਤ : ਮੇਰੀ ਪਿਆਰੀ ਮਿਆਊਂ, ਮੇਰੀ ਨਿੱਕੀ ਜਿਹੀ ਬਿਲੂੰਗੜੀ।

ਕੈਫ਼ੇ-ਵਾਲਾ : (ਵੇਟਰ ਨੂੰ, ਜਿਹੜਾ ਟੁੱਟਿਆ ਕੱਚ ਲਈ ਉਸ ਔਰਤ ਸਿਰਹਾਣੇ ਖੜ੍ਹਾ ਹੈ।) ਸੁੱਟ ਦੇ ਏਨੂੰ ਹੁਣ.., ਡਸਟਬਿਨ ਓਧਰ ਐ। (ਕੁਰਸੀਆਂ ਸਿੱਧੀਆਂ ਕਰਦਾ ਹੈ) ਪੂਰੇ ਹਜਾਰ ਫ੍ਰੈਂਕ ਹੋ ਗਏ ਤੇਰੇ ਵੱਲ।

ਵੇਟਰ : (ਕੈਫ਼ੇ ਵੱਲ ਨੂੰ ਜਾਂਦਾ ਹੈ) ਪੈਸੇ ਤੋਂ ਇਲਾਵਾ ਨੀ ਆਉਂਦਾ ਕੁਝ ਖੋਪੜੀ 'ਚ!

ਮਾਲਕਿਨ : (ਖਿੜਕੀ 'ਚੋਂ) ਕਿਉਂ ਐਵੇਂ ਪਰੇਸ਼ਾਨ ਕਰਦੀ ਏਂ ਆਪਣੇ ਆਪ ਨੂੰ!

ਬਜ਼ੁਰਗ : ਕਿਉਂ ਐਵੇਂ ਪਰੇਸ਼ਾਨ ਕਰਦੇ ਓਂ ਆਪਣੇ ਆਪ ਨੂੰ!

ਮਾਲਕਣ : (ਖਿੜਕੀ 'ਚੋਂ) ਦਿਲ ਹਿਲਾ ਦਿੰਦੀਆਂ ਇਹੋ ਜਿਹੀਆਂ ਗੱਲਾਂ!

ਘਰੇਲੂ-ਔਰਤ : ਮੇਰੀ ਨਿੱਕੀ ਜਿਹੀ ਬਿਲੂੰਗੜੀ, ਮੇਰੀ ਨਿੱਕੀ ਜਿਹੀ ਬਿਲੂੰਗੜੀ!

ਡੇਜ਼ੀ : ਹੂੰ! ਸੱਚੀਂ ਬੜੀ ਦਿਲ ਹਿਲਾ ਦੇਣ ਵਾਲੀ ਗੱਲ ਹੈ।

ਬਜ਼ੁਰਗ : (ਉਸਨੂੰ ਸਹਾਰਾ ਦੇ ਕੇ ਇੱਕ ਟੇਬਲ ਵੱਲ ਨੂੰ ਲੈ ਕੇ ਜਾਦਾ ਹੈ, ਬਾਕੀ ਵੀ ਪਿੱਛੇ ਆਉਂਦੇ ਹਨ) ਬੈਠ ਜਾਓ ਇਥੇ, ਆਰਾਮ ਨਾਲ।

ਜੇਨ : (ਬਜ਼ੁਰਗ ਨੂੰ) ਤੁਸੀਂ ਕੀ ਸੋਚਦੇ ਹੋ ਏਸ ਮਾਮਲੇ ਬਾਰੇ?

ਦੁਕਾਨਦਾਰ : (ਤਰਕ-ਸ਼ਾਸਤਰੀ ਨੂੰ) ਤੁਸੀਂ ਕੀ ਸੋਚਦੇ ਹੋ ਏਸ ਮਾਮਲੇ ਬਾਰੇ?

ਮਾਲਕਣ : (ਡੇਜ਼ੀ ਨੂੰ, ਖਿੜਕੀ 'ਚੋਂ ਹੀ) ਤੁਸੀਂ ਕੀ ਸੋਚਦੇ ਹੋ ਏਸ ਮਾਮਲੇ ਬਾਰੇ?

ਕੈਫ਼ੇ-ਵਾਲਾ : (ਉਸ ਔਰਤ ਨੂੰ ਟੇਬਲ 'ਤੇ ਬਿਠਾਂਦੇ ਲੋਕਾਂ ਵੱਲ ਦੇਖ ਰਿਹਾ ਹੈ, ਉਹ ਔਰਤ ਹਾਲੇ ਵੀ ਬਿੱਲੀ ਨੂੰ ਬਾਹਾਂ 'ਚ ਝੁਲਾ ਰਹੀ ਹੈ, ਕਚਰਾ ਸੁੱਟ ਕੇ ਆਏ ਵੇਟਰ ਨੂੰ) ਜਾ ਪਾਣੀ ਦਾ ਗਿਲਾਸ ਫੜਾ ਆ ਉਹਨੂੰ।

ਬਜ਼ੁਰਗ : (ਘਰੇਲੂ-ਔਰਤ ਨੂੰ) ਬੈਠ ਜਾਓ, ਬੈਠ ਜਾਓ ਆਰਾਮ ਨਾਲ!

ਜੇਨ : ਵਿਚਾਰੀ!

ਮਾਲਕਣ : (ਖਿੜਕੀ 'ਚੋਂ ਹੀ) ਵਿਚਾਰੀ ਬਿੱਲੀ।

ਬੇਰੰਜਰ : (ਵੇਟਰ ਨੂੰ) ਬਰਾਂਡੀ ਚੰਗੀ ਰਹੇਗੀ ਏਹਦੇ ਲਈ।

ਕੈਫ਼ੇ-ਵਾਲਾ : (ਵੇਟਰ ਨੂੰ) ਲਿਆਓ ਬਰਾਂਡੀ! ਹੈਗੇ ਨੇ ਨਾ, ਦੇਣਗੇ ਨਾ ਬਿਲ!

ਵੇਟਰ : (ਜਾਂਦੇ ਹੋਏ) ਇੱਕ ਬਰਾਂਡੀ, ਹੁਣੇ ਲਓ ਜੀ!

ਘਰੇਲੂ-ਔਰਤ : (ਹਿਚਕੀਆਂ ਲੈਂਦੇ ਹੋਏ) ਨਹੀਂ ਮੈਂ ਨਹੀਂ... ਮੈਂ ਨਹੀਂ... ਨਹੀਂ ਚਾਹੀਦੀ।

ਦੁਕਾਨਦਾਰ : ਥੋੜ੍ਹੀ ਦੇਰ ਪਹਿਲੋਂ ਤਾਂ ਮੇਰੀ ਦੁਕਾਨ ਅੱਗਿਓਂ ਨਿਕਲ ਕੇ...

ਜੇਨ : (ਦੁਕਾਨਦਾਰ ਨੂੰ) ਨਹੀਂ ਇਹ.. ਉਹ ਤਾਂ ਨਹੀਂ!

ਦੁਕਾਨਦਾਰ : (ਜੇਨ ਨੂੰ) ਮੈਂ ਤਾਂ ਆਪ ਜੀ...

ਮਾਲਕਣ — ਹਾਂ ਜੀ ਇਹੋ ਤਾਂ ਸੀ, ਬਿਲਕੁਲ ਇਹੋ।

ਜੋਨ — ਨਹੀਂ, ਇਹ ਤਾਂ ਉਹ ਵਾਲਾ ਗੈਂਡਾ ਨਹੀਂ ਸੀ। ਪਹਿਲੇ ਵਾਲੇ ਦੀਆਂ ਨਾਸਾਂ 'ਤੇ ਦੋ ਸਿੰਗ ਸੀ, ਏਸ਼ੀਆਈ ਗੈਂਡਾ ਸੀ ਉਹ; ਇਸਦੀ ਨੱਕ 'ਤੇ ਇੱਕੋ ਸੀ, ਇਹ ਅਫ਼ਰੀਕਨ ਨਸਲ ਦਾ ਸੀ!

(ਵੇਟਰ ਬਰਾਂਡੀ ਦਾ ਗਿਲਾਸ ਲੈ ਕੇ ਆਉਂਦਾ ਹੈ ਤੇ ਘਰੇਲੂ-ਔਰਤ ਦੇ ਮੂਹਰੇ ਕਰਦਾ ਹੈ।)

ਬਜ਼ੁਰਗ : ਲੈ ਲਓ... ਦੋ ਘੁੱਟਾ... ਬਰਾਡੀ ਏ... ਥੋੜ੍ਹਾ ਆਰਾਮ ਮਿਲੇਗਾ।

ਘਰੇਲੂ-ਔਰਤ : (ਹੰਝੂ ਪੂੰਝਦੇ ਹੋਏ) ਨਹੀਂ.., ਮੈਂ ਨੀ...

ਬੇਰੰਜਰ : (ਅਚਾਨਕ ਭੜਕ ਕੇ ਜੋਨ ਨੂੰ) ਕੀ ਬਕਵਾਸ ਕਰ ਰਹੇ ਓ ਤੁਸੀਂ ਕਿਵੇਂ ਤੁਸੀਂ ਸਿੰਗਾਂ ਦੀ ਗੱਲ ਕਰ ਸਕਦੇ ਹੋ? ਐਨੀ ਤੇਜ਼ੀ ਨਾਲ ਲੰਘਿਆ ਉਹ.. ਗੋਲ਼ੀ ਵਾਂਗ, ਨਜ਼ਰ ਵੀ ਨੀ ਆਇਆ ਪੂਰੀ ਤਰ੍ਹਾਂ... ਐਵੇਂ ਝਲਕ ਜਿਹੀ।

ਡੇਜ਼ੀ — (ਘਰੇਲੂ-ਔਰਤ ਨੂੰ) ਲੈ ਲਓ.., ਚੰਗੀ ਏ ਤੁਹਾਡੇ ਲਈ!

ਬਜ਼ੁਰਗ — (ਬੇਰੰਜਰ ਨੂੰ) ਬਿਲਕੁਲ ਸਹੀ। ਹਨੇਰੀ ਵਾਂਗ ਲੰਘਿਆ ਉਹ।

ਕੈਫ਼ੇ-ਵਾਲਾ — ਚਖੋ ਤੇ ਸਹੀ... ਬਹੁਤ ਵਧੀਆ ਟੇਸਟ ਏ।

ਬੇਰੰਜਰ — (ਜੋਨ ਨੂੰ) ਸਿੰਗ ਗਿਣਨ ਦਾ ਟਾਈਮ ਕਿੱਥੇ ਸੀ

ਦੁਕਾਨਦਾਰ — (ਖਿੜਕੀ 'ਚੋਂ, ਵੇਟਰ ਨੂੰ) ਕੋਸ਼ਿਸ਼ ਕਰੋ, ਪਿਆਓ ਉਹਨੂੰ।

ਬੇਰੰਜਰ — (ਜੋਨ ਨੂੰ) ਨਾਲੇ.., ਗ਼ੁਬਾਰ ਕਿੰਨਾ ਸੀ, ਧੂੜ ਦੀ ਧੂੜ।

ਡੇਜ਼ੀ — (ਘਰੇਲੂ-ਔਰਤ ਨੂੰ) ਭਰੋ.., ਘੁੱਟ ਭਰੋ।

ਬਜ਼ੁਰਗ — (ਘਰੇਲੂ-ਔਰਤ ਨੂੰ) ਸ਼ਾਬਾਸ਼, ਬਹਾਦਰ ਬਣੋ ਛੋਟਾ ਜਿਹਾ ਘੁੱਟ।

(ਵੇਟਰ ਗਿਲਾਸ ਉਸਦੇ ਬੁੱਲ੍ਹਾਂ ਨੂੰ ਲਾ ਦਿੰਦਾ ਹੈ ਤੇ ਪਿਆਉਣ ਲਈ ਹਲਕਾ ਜਿਹਾ ਧੱਕਾ ਕਰਦਾ ਹੈ; ਨਾ ਨਾ ਕਰਦੇ ਹੋਏ ਵੀ ਉਹ ਪੀ ਜਾਂਦੀ ਹੈ।)

ਵੇਟਰ — ਸ਼ਬਾਸ਼, ਇਹ ਹੋਈ ਨਾ ਗੱਲ!

ਮਾਲਕਣ (ਖਿੜਕੀ 'ਚੋਂ) ਤੇ ਡੇਜ਼ੀ : ਹਾਂ, ਇਹ ਹੋਈ ਨਾ ਗੱਲ!

ਜੋਨ : (ਬੇਰੰਜਰ ਨੂੰ) ਮੈਨੂੰ ਧੂੜ 'ਚ ਹੱਥ-ਪੈਰ ਮਾਰਨ ਦੀ ਲੋੜ ਨਹੀਂ ਪੈਂਦੀ। ਮੇਰਾ ਦਿਮਾਗ ਇਕਦਮ ਸਾਫ਼ ਹੈ, ਅੱਖ ਦੇ ਫ਼ੋਰ 'ਚ ਸਭ ਹਿਸਾਬ ਲਾ ਲੈਂਦਾਂ।

ਬਜ਼ੁਰਗ — ਹੁਣ ਠੀਕ ਏ ਨਾ ਪਹਿਲੋਂ ਨਾਲੋਂ?

ਬੇਰੰਜਰ — (ਜੋਨ ਨੂੰ) ਪਰ ਉਹ... ਢੁੱਡਾਂ ਮਾਰਦਾ ਜਾ ਰਿਹਾ ਸੀ...ਇਧਰ ਓਧਰ... ਧਰਤੀ ਪੁੱਟਦਾ। ਸਿਰ ਦਿਖਦਾ ਕਿੱਥੇ ਸੀ।

ਕੈਫ਼ੇ-ਵਾਲਾ — ਹੁਣ ਦੱਸੋ, ਟੇਸਟੀ ਸੀ ਕਿ ਨਹੀਂ?

ਜੇਨ : ਇਹੋ ਤਾਂ ਹੈ, ਤਾਂਹੀਓਂ ਤਾਂ ਦਿਖਦਾ ਸੀ, ਹੋਰ ਵੀ ਸਾਫ਼ ਸਾਫ਼।

ਘਰੇਲੂ-ਔਰਤ : (ਪੀਣ ਤੋਂ ਬਾਅਦ) ਮੇਰੀ ਬਿਲੂੰਗੜੀ!

ਬੇਰੰਜਰ : (ਖਿਝ ਕੇ) ਨਿਰੀ ਬਕਵਾਸ!

ਮਾਲਕਣ : (ਖਿੜਕੀ 'ਚੋਂ ਹੀ) ਮੇਰੇ ਕੋਲ ਹੋਰ ਹੈਗੀ ਬਿੱਲੀ, ਤੂੰ ਰੱਖ ਲਈਂ।

ਜੇਨ : (ਬੇਰੰਜਰ ਨੂੰ) ਕੀ..ਮੈਂ? ਤੂੰ ਮੇਰੇ 'ਤੇ ਬਕਵਾਸ ਦਾ ਇਲਜ਼ਾਮ ਲਾ ਰਿਹੈਂ, ਇੰਨੀ ਹਿੰਮਤ?

ਘਰੇਲੂ-ਔਰਤ : (ਮਾਲਕਣ ਨੂੰ) ਹੁਣ ਕਦੇ ਨੀ ਰੱਖਾਂਗੀ ਮੈਂ ਹੋਰ! (ਰੋਂਦੀ ਹੋਈ ਫੇਰ ਮਰੀ ਬਿੱਲੀ ਨੂੰ ਬੁਲਾਉਣ ਲੱਗਦੀ ਹੈ।)

ਬੇਰੰਜਰ ਬਿਲਕੁਲ, ਸਰਾਸਰ ਊਲ-ਜਲੂਲ... ਖ਼ਾਲੀ ਝੱਗ!

ਕੈਫ਼ੇ-ਵਾਲਾ (ਘਰੇਲੂ-ਔਰਤ ਨੂੰ) ਹੋਣੀ ਨੂੰ ਤੇ ਭਾਈ ਮੰਨਣਾ ਈ ਪੈਂਦਾ. .ਜੋ ਹੋ ਗਿਆ!

ਜੇਨ ਮੈਂ ਕਦੇ ਜ਼ਿੰਦਗੀ 'ਚ ਕੋਈ ਊਲ-ਜਲੂਲ ਗੱਲ ਨਹੀਂ ਕੀਤੀ!

ਬਜ਼ੁਰਗ ਕੋਸ਼ਿਸ਼ ਕਰੋ! ਸਮਝਾਓ ਰਤਾ ਮਨ ਨੂੰ, ਇਹੋ ਹੋਣਾ ਸੀ!

ਬੇਰੰਜਰ ਤੂੰ ਕੁਝ ਨਹੀਂ, ਬਸ ਨਿਰਾ ਪਾਖੰਡੀ ਏਂ. (ਅਵਾਜ਼ ਉੱਚੀ ਹੁੰਦੀ ਜਾਂਦੀ ਹੈ) ਕੋਰਾ ਕਾਗਜ਼ੀ ਪੰਡਾ... ਜਿਹੜਾ ਹਰ ਵੇਲੇ ਅਡੰਬਰ ਕਰਦਾ।

ਕੈਫ਼ੇ-ਵਾਲਾ (ਜੇਨ ਤੇ ਬੇਰੰਜਰ ਨੂੰ) ਕੀ ਹੋਇਆ ਜਨਾਬ।

ਬੇਰੰਜਰ (ਬੋਲੀ ਜਾਂਦਾ ਹੈ) ... ਇਸ ਤੋਂ ਵੀ ਵੱਧ, ਇੱਕ ਢੋਂਗੀ ਪੋਂਗਾ ਪੰਡਤ ਜਿਸਨੂੰ ਕੁਝ ਪਤਾ ਨਹੀਂ ਕਿ ਉਹ ਕੀ ਕਹਿ ਰਿਹੈ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਉਹ ਏਸ਼ਿਆਈ ਗੈਂਡਾ ਹੈ ਜਿਸਦੀ ਨੱਕ 'ਤੇ ਇੱਕ ਸਿੰਗ ਹੁੰਦਾ, ਤੇ ਦੋ ਸਿੰਗਾਂ ਵਾਲਾ ਅਫ਼ਰੀਕਨ।

(ਬਾਕੀ ਸਾਰੇ ਲੋਕ ਵੀ ਉਸ ਔਰਤ ਨੂੰ ਛੱਡ ਕੇ ਜੇਨ ਤੇ ਬੇਰੰਜਰ ਦੁਆਲੇ ਇਕੱਠੇ ਹੁੰਦੇ ਹਨ ਜੋ ਚੀਖ਼-ਚੀਖ਼ ਕੇ ਬੋਲ ਰਹੇ ਹਨ।)

ਜੇਨ : ਸਰਾਸਰ ਗ਼ਲਤ। ਸਗੋਂ ਇਸਤੋਂ ਉਲਟਾ ਹੈ!

ਘਰੇਲੂ-ਔਰਤ : ਕਿੰਨੀ ਪਿਆਰੀ ਸੀ ਉਹ!

ਬੇਰੰਜਰ : ਸ਼ਰਤ ਲਾਉਣੀ?

ਵੇਟਰ : ਗੱਲ ਸ਼ਰਤ ਤਾਈਂ ਪਹੁੰਚ ਗਈ!

ਡੇਜ਼ੀ : (ਬੇਰੰਜਰ ਨੂੰ) ਮਿਸਟਰ ਬੇਰੰਜਰ... ਕਿਉਂ ਪਰੇਸ਼ਾਨ ਹੋ ਰਹੇ ਹੋ।

ਜੇਨ : ਸ਼ਰਤ...ਤੇਰੇ ਨਾਲ! ਤੇਰੇ ਤਾਂ ਆਪਣੇ ਈ ਦੋ ਦੋ ਸਿੰਗ ਨੇ... ਗੈਂਡੇ! ਏਸ਼ਿਆਈ... ਮੰਗੋਲ.. ਗੈਂਡਾ!

ਵੇਟਰ ਓ ਤੇਰੇ ਦੀ...

ਮਾਲਕਣ (ਖਿੜਕੀ 'ਚੋਂ ਆਪਣੇ ਪਤੀ ਨੂੰ) ਉਹ ਤਾਂ ਹੱਥੋਪਾਈ ਹੋਣ ਲੱਗੇ!

ਦੁਕਾਨਦਾਰ (ਆਪਣੀ ਪਤਨੀ ਨੂੰ) ਬਕਵਾਸ ਬੰਦ ਕਰ। ਸਿਰਫ਼ ਸ਼ਰਤ ਲਾ ਰਹੇ ਨੇ।

ਕੈਫ਼ੇ-ਵਾਲਾ (ਦੋਹਾਂ ਨੂੰ ਰੋਕਦੇ ਹੋਏ) ਦੇਖੋ... ਅਸੀਂ ਇੱਥੇ ਕੋਈ ਤਮਾਸ਼ਾ ਨਹੀਂ ਚਾਹੁੰਦੇ।

ਬਜ਼ੁਰਗ ਗੱਲ ਇੰਨੀ ਹੈ ਕਿ ਕਿਹੜੇ ਗੈਂਡੇ ਦੀ ਨੱਕ 'ਤੇ ਇੱਕ ਸਿੰਗ ਹੁੰਦਾ! (ਦੁਕਾਨਦਾਰ ਨੂੰ) ਵਪਾਰੀ ਆਦਮੀ ਓ ਤੁਸੀਂ, ਤੁਹਾਨੂੰ ਤਾਂ ਪਤਾ ਹੋਏਗਾ।

ਮਾਲਕਣ (ਘਰਵਾਲੇ ਨੂੰ) ਹਾਂ, ਤੈਨੂੰ ਤਾ ਪਤਾ ਹੋਏਗਾ!

ਬੇਰੰਜਰ (ਜੇਨ ਨੂੰ) ਮੇਰੇ ਕੋਈ ਸਿੰਗ ਨਾ ਹੈ ਤੇ ਨਾ ਹੀ ਕਦੇ ਹੋਏਗਾ...ਕਦੇ ਵੀ।

ਦੁਕਾਨਦਾਰ (ਬਜ਼ੁਰਗ ਨੂੰ) ਵਪਾਰੀ ਦਾ ਮਤਲਬ ਇਹ ਥੋੜ੍ਹੇ ਐ ਕਿ ਉਹਨੂੰ ਸਭ ਪਤਾ ਹੋਵੇ।

ਜੇਨ (ਬੇਰੰਜਰ) ਓ ਤੇ ਦਿਖਦਾ ਪਿਆ... ਸਾਹਮਣੇ!

ਬੇਰੰਜਰ ਨਾ ਈ ਮੈਂ ਏਸ਼ਿਆਈ ਆਂ। ਹੋਵਾਂ ਵੀ ਤਾਂ ਕੀ, ਏਸ਼ੀਆਈ ਵੀ ਬੰਦੇ ਨੇ... ਜਿਵੇਂ ਦੇ ਬਾਕੀ ਸਾਰੇ ਬੰਦੇ ਹੁੰਦੇ।

ਵੇਟਰ ਹਾਂ, ਏਸ਼ਿਆਈ ਵੀ ਸਾਡੇ ਸਾਰਿਆਂ ਵਾਂਗ ਈ ਨੇ ਬੰਦੇ।

ਬਜ਼ੁਰਗ (ਕੈਫ਼ੇ-ਵਾਲੇ ਨੂੰ) ਇਹ ਤਾਂ ਸਹੀ ਐ!

ਕੈਫ਼ੇ-ਵਾਲਾ (ਵੇਟਰ ਨੂੰ) ਤੈਨੂੰ ਕਿਸੇ ਨੇ ਨੀ ਪੁੱਛਿਆ!

ਡੇਜ਼ੀ (ਕੈਫ਼ੇ-ਵਾਲੇ ਨੂੰ) ਠੀਕ ਕਹਿ ਰਿਹੈ ਉਹ। ਉਹ ਵੀ ਸਾਡੇ ਵਰਗੇ ਬੰਦੇ ਈ ਨੇ।

(ਸਾਰੀ ਗੱਲਬਾਤ ਦੌਰਾਨ ਉਹ ਘਰੇਲੂ ਔਰਤ ਲਗਾਤਾਰ ਡੁਸਕਦੀ ਰਹਿੰਦੀ ਹੈ।)

ਘਰੇਲੂ-ਔਰਤ : ਕਿੰਨੀ ਸਾਊ ਸੀ ਉਹ, ਜਿਵੇਂ ਸਾਡੇ 'ਚੋਂ ਹੀ ਹੋਵੇ।

ਜੇਨ (ਹੌਲੀ ਜਿਹੇ ਆਪਣੇ ਆਪ 'ਚ) ਪੀਲੇ-ਜਰਦ ਹੁੰਦੇ ਨੇ ਉਹ!

(ਤਰਕ-ਸ਼ਾਸਤਰੀ, ਜੋ ਕਿ ਘਰੇਲੂ-ਔਰਤ ਅਤੇ ਜੇਨ-ਬੇਰੰਜਰ ਦੇ ਦੁਆਲੇ ਬਣੇ ਗਰੁੱਪ ਤੋਂ ਥੋੜ੍ਹਾ ਲਾਂਭੇ ਜਿਹੇ ਹਟਕੇ ਖੜ੍ਹਾ ਹੈ, ਬੜੇ ਧਿਆਨ ਨਾਲ ਸਾਰੇ ਬਖੇੜੇ ਨੂੰ ਦੇਖ ਰਿਹਾ ਹੈ, ਪਰ ਖ਼ੁਦ ਹਿੱਸਾ ਨਹੀਂ ਲੈਂਦਾ।)

ਜੇਨ ਗੁੱਡਬਾਏ ਸਾਰਿਆਂ ਨੂੰ। (ਬੇਰੰਜਰ ਨੂੰ) ਤੈਨੂੰ ਸ਼ਾਮਿਲ ਨਹੀਂ ਕਰ ਰਿਹਾ ਮੈਂ!

ਘਰੇਲੂ-ਔਰਤ : ਕਿੰਨੀ ਵਫ਼ਾਦਾਰ ਸੀ... (ਸਿਸਕਦੀ ਹੈ)

ਡੇਜ਼ੀ : ਮਿਸਟਰ ਬੇਰੰਜਰ, ਸੁਣੋ ਜ਼ਰਾ . ਇੱਕ ਮਿੰਟ, ਤੇ ਤੁਸੀਂ ਵੀ, ਮਿਸਟਰ ਜੇਨ।

ਬਜ਼ੁਰਗ ਕਿਸੇ ਵੇਲੇ ਮੇਰੇ ਕੁਝ ਮਿੱਤਰ ਸੀ.. ਜੋ ਏਸ਼ਿਆਈ ਸਨ! ਪਰ ਸ਼ਾਇਦ ਉਹ ਅਸਲੀ ਨਹੀਂ ਹੋਣੇ।

ਕੈਫ਼ੇ-ਵਾਲਾ : ਕੁਝ ਇੱਕ ਨੂੰ ਤਾਂ ਮੈਂ ਜਾਣਦਾਂ... ਜਿਹੜੇ ਅਸਲੀ ਨੇ।

ਵੇਟਰ : (ਮਾਲਕਣ ਨੂੰ) ਮੇਰਾ ਵੀ ਕਦੇ ਇੱਕ ਏਸ਼ਿਆਈ ਮਿੱਤਰ ਸੀ।

ਘਰੇਲੂ-ਔਰਤ : (ਹਾਲੇ ਵੀ ਰੋ ਰਹੀ ਹੈ) ਨਿੱਕੀ ਜਿਹੀ ਮਾਣੋ ਸੀ, ਜਦੋਂ ਮੈਂ ਲਿਆਈ

ਸੀ ਉਸਨੂੰ।

ਜੋਨ : (ਆਪਣੇ 'ਚ ਗੁੰਮ ਸ਼ਾਂਤ ਖੜ੍ਹਾ ਹੈ) ਕਿਹਾ ਨਾ ਤੁਹਾਨੂੰ, ਪੀਲੇ ਹੁੰਦੇ ਨੇ ਓਹ, ਪੀਲੇ-ਭੂਕ।

ਬੇਰੰਜਰ : ਉਹ ਕਿਵੇਂ ਦੇ ਵੀ ਹੋਣ, ਤੂੰ ਸੂਹਾ ਲਾਲ ਏਂ! ਲਾਲ ਭੁੜੱਕੜ...

ਮਾਲਕਣ (ਖਿੜਕੀ 'ਚੋਂ) ਤੇ ਵੇਟਰ : ਓਹ!

ਕੈਫ਼ੇ-ਵਾਲਾ : ਮਾਮਲਾ ਵਿਗੜਦਾ ਜਾ ਰਿਹੈ।

ਘਰੇਲੂ-ਔਰਤ : ਕਿੰਨੀ ਸਾਫ ਸੁਥਰੀ ਸੀ। ਹਮੇਸ਼ਾ ਟਰੇ 'ਚ ਖਾਦੀ।

ਜੋਨ : (ਬੇਰੰਜਰ ਨੂੰ) ਜੇ ਤੈਨੂੰ ਇੰਝ ਈ ਲਗਦੈ, ਤਾਂ ਅੱਜ ਤੋਂ ਬਾਅਦ ਮੈਂ ਕਦੇ ਤੈਨੂੰ ਮਿਲਣ ਨੀ ਲੱਗਾ। ਤੇਰੇ ਵਰਗੇ ਮੂਰਖਾਂ 'ਤੇ ਮੈਂ ਆਪਣਾ ਸਮਾਂ ਬਰਬਾਦ ਨੀ ਕਰਦਾ।

ਘਰੇਲੂ-ਔਰਤ : ਹਮੇਸ਼ਾ ਆਪਣੀ ਗੱਲ ਸਮਝਾ ਦਿੰਦੀ।

(ਜੋਨ ਗੁੱਸੇ 'ਚ ਭਰਿਆ ਤੇਜ਼ੀ ਨਾਲ ਸੱਜੇ ਪਾਸੇ ਨੂੰ ਜਾਂਦਾ ਹੈ, ਪਰ ਬਾਹਰ ਨਿਕਲਣ ਤੋਂ ਪਹਿਲਾਂ ਦੁੱਗਣੀ ਰਫ਼ਤਾਰ ਨਾਲ ਵਾਪਿਸ ਆਉਂਦਾ ਹੈ।)

ਬਜ਼ੁਰਗ : (ਦੁਕਾਨਦਾਰ ਨੂੰ) ਗੋਰੇ ਵੀ ਤਾਂ ਹੁੰਦੇ ਨੇ ਏਸ਼ਿਆਈ... ਤੇ ਨੀਲੇ ਕਾਲੇ, ਤੇ ਕੁਝ ਬਿਲਕੁਲ ਸਾਡੇ ਵਰਗੇ ਵੀ।

ਜੋਨ : ਤੂੰ... ਸ਼ਰਾਬੀ.. ਪਿਆਕੜ।

ਬੇਰੰਜਰ : ਮੈਂ ਹੁਣ ਇਸ ਗੱਲ 'ਤੇ ਲੜਣ ਨਹੀਂ ਲੱਗਾ।

ਸਾਰੇ : (ਜੋਨ ਵੱਲ ਦੇਖਦੇ ਹਨ) ਓਹ!

ਘਰੇਲੂ-ਔਰਤ : ਬੋਲਦੀ ਤਾਂ ਲੱਗਦਾ ਜਿਵੇਂ ਗੱਲਾਂ ਕਰਦੀ ਐ, ਅਸਲ 'ਚ ਕਰਦੀ ਓ ਸੀ।

ਡੇਜ਼ੀ : (ਬਰੰਜਰ ਨੂੰ) ਕੀ ਲੋੜ ਸੀ ਉਹਨੂੰ ਨਰਾਜ਼ ਕਰਨ ਦੀ?

ਬੇਰੰਜਰ : ਮੇਰੀ ਗ਼ਲਤੀ ਨਹੀਂ ਸੀ ਇਹਦੇ 'ਚ।

ਕੈਫ਼ੇ-ਵਾਲਾ : (ਵੇਟਰ ਨੂੰ) ਜਾ ਤੇ ਵਿਚਾਰੀ ਲਈ ਕੋਈ ਛੋਟਾ ਜਿਹਾ ਤਾਬੂਤ ਦੇਖ ਕੇ ਲਿਆ।

ਬਜ਼ੁਰਗ : (ਬੇਰੰਜਰ ਨੂੰ) ਮੇਰੇ ਖ਼ਿਆਲ 'ਚ ਤੁਸੀਂ ਸਹੀ ਓਂ। ਏਸ਼ੀਆਈ ਗੈਂਡਾ ਹੀ ਹੈ ਜਿਹਦੇ ਦੋ ਸਿੰਗ ਹੁੰਦੇ.. ਅਫ਼ਰੀਕਨ ਦਾ ਤਾਂ ਇੱਕੋ ਹੁੰਦਾ।

ਦੁਕਾਨਦਾਰ : ਪਰ ਉਹ ਤਾਂ ਉਲਟਾ ਕਹਿ ਰਿਹਾ ਸੀ।

ਡੇਜ਼ੀ : (ਬੇਰੰਜਰ ਨੂੰ) ਤੁਸੀਂ ਦੋਹੇਂ ਗ਼ਲਤ ਹੋ!

ਬਜ਼ੁਰਗ : ਫੇਰ ਵੀ, ਤੁਸੀਂ ਸਹੀ ਸੀ।

ਵੇਟਰ : (ਘਰੇਲੂ-ਔਰਤ ਨੂੰ) ਆਓ ਦਫਨ ਕਰ ਦਿੰਦੇ ਹਾਂ ਉਹਨੂੰ

ਘਰੇਲੂ-ਔਰਤ : (ਫੇਰ ਫੁੱਟ ਪੈਂਦੀ ਹੈ) ਨਹੀਂ... ਕਦੇ ਨਹੀਂ!

**ਦੁਕਾਨਦਾਰ** — ਜੇ ਤੁਸੀ ਬੁਰਾ ਨਾ ਮੰਨੋ ਤਾ ਮੈਂ ਕਹਾਂ.., ਮੇਰੇ ਖ਼ਿਆਲ 'ਚ ਮਿਸਟਰ ਜੇਨ ਸਹੀ ਕਹਿ ਰਹੇ ਸੀ।

**ਡੇਜ਼ੀ** — (ਘਰੇਲੂ-ਔਰਤ ਵੱਲ) ਹੁਣ. . ਇਹ ਤਾ ਕੋਈ ਢੰਗ ਦੀ ਗੱਲ ਨਹੀ !

*(ਡੇਜ਼ੀ ਤੇ ਵੇਟਰ ਘਰੇਲੂ-ਔਰਤ ਨੂੰ ਲੈ ਕੇ ਜਾਂਦੇ ਹਨ, ਮਰੀ ਹੋਈ ਬਿੱਲੀ ਉਸ ਦੀਆਂ ਬਾਹਾਂ 'ਚ ਹੈ। ਉਹ ਕੈਫ਼ੇ ਵਾਲੇ ਪਾਸੇ ਜਾਂਦੇ ਹਨ।)*

**ਬਜ਼ੁਰਗ** — (ਡੇਜ਼ੀ ਤੇ ਵੇਟਰ ਨੂੰ) ਮੈਂ ਆਵਾਂ ਨਾਲ ?

**ਦੁਕਾਨਦਾਰ** — ਏਸ਼ਿਆਈ ਗੈਂਡੇ ਦਾ ਇੱਕ ਸਿੰਗ ਹੁੰਦਾ ਹੈ ਤੇ ਅਫ਼ਰੀਕਨ ਦੇ ਦੋ। ਤੇ ਇਸਤੋਂ ਉਲਟਾ।

**ਡੇਜ਼ੀ** — (ਬਜ਼ੁਰਗ ਨੂੰ) ਨਹੀਂ, ਤੁਸੀ ਫ਼ਿਕਰ ਨਾ ਕਰੋ।

*(ਡੇਜ਼ੀ ਤੇ ਵੇਟਰ ਉਸ ਔਰਤ ਨੂੰ ਲੈ ਕੇ ਕੈਫ਼ੇ ਅੰਦਰ ਦਾਖ਼ਿਲ ਹੁੰਦੇ ਹਨ, ਉਹ ਹਾਲੇ ਵੀ ਰੋਈ ਜਾ ਰਹੀ ਹੈ ।)*

**ਮਾਲਕਣ** — (ਖਿੜਕੀ 'ਚੋਂ, ਦੁਕਾਨਦਾਰ ਨੂੰ) ਓ ਤੂੰ ਹਮੇਸ਼ਾ ਸਾਰਿਆਂ ਨਾਲੋਂ ਵੱਖਰੀ ਓ ਗੱਲ ਕਰਨੀ ਹੁੰਦੀ!

*(ਜਦੋਂ ਬਾਕੀ ਸਾਰੇ ਗੈਂਡੇ ਦੇ ਸਿੰਗਾਂ ਬਾਰੇ ਬਹਿਸ ਕਰ ਰਹੇ ਹਨ, ਬੇਰੰਜਰ ਖ਼ੁਦ ਨਾਲ ਹੀ ਗੱਲ ਕਰਦਾ ਹੈ।)*

**ਬੇਰੰਜਰ** — ਡੇਜ਼ੀ ਸਹੀ ਏ, ਕੀ ਲੋੜ ਸੀ ਮੈਨੂੰ ਉਸਨੂੰ ਟੋਕਣ ਦੀ।

**ਕੈਫ਼ੇ-ਵਾਲਾ** — (ਮਾਲਕਣ ਨੂੰ) ਤੁਹਾਡੇ ਖ਼ਾਵੰਦ ਸਹੀ ਨੇ, ਏਸ਼ੀਆਈ ਗੈਂਡੇ ਦੇ ਦੋ ਸਿੰਗ ਹੁੰਦੇ ਤੇ ਅਫਰੀਕਨ ਦਾ ਲਾਜ਼ਮੀ ਇੱਕ ਹੀ ਹੋਣਾ ਚਾਹੀਦਾ, ਜਾਂ ਇਸਤੋਂ ਉਲਟ...

**ਬੇਰੰਜਰ** — ਮਾੜੀ ਜਿਹੀ ਵੀ ਟੋਕਾ-ਟਾਕੀ ਬਰਦਾਸ਼ਤ ਨਹੀਂ ਹੁੰਦੀ ਉਸਨੂੰ। ਮਾੜਾ ਜਿਹਾ ਕੋਈ ਅਸਹਿਮਤ ਹੋ ਜਾਏ ਨਾਸਾਂ 'ਚੋ ਧੂੰਆ ਛੱਡਣ ਲੱਗ ਪੈਂਦਾ।

**ਬਜ਼ੁਰਗ** — (ਕੈਫ਼ੇ ਵਾਲੇ ਨੂੰ) ਸ਼੍ਰੀਮਾਨ ਜੀ ਤੁਸੀਂ ਭੁਲੇਖੇ 'ਚ ਹੋ।

**ਕੈਫ਼ੇ-ਵਾਲਾ** — (ਬਜ਼ੁਰਗ ਨੂੰ) ਖਿਮਾ ਕਰਨਾ, ਮੈਨੂੰ ਪੱਕਾ ਪਤਾ ਹੈ।

**ਬੇਰੰਜਰ** — (ਆਪਣੇ ਆਪ 'ਚ) ਬੱਸ ਇਹੋ ਖੋਟ ਹੈ ਉਹਦੇ 'ਚ; ਮਿੰਟ 'ਚ ਭੜਕ ਜਾਂਦਾ

**ਮਾਲਕਣ** — (ਖਿੜਕੀ 'ਚੋਂ ਹੀ, ਸਾਰਿਆਂ ਨੂੰ) ਹ ਸਕਦੈ ਉਹ ਇੱਕੋ ਹੋਵੇ, ਦੋਵੇਂ ਵਾਰ...

**ਬੇਰੰਜਰ** — (ਆਪਣੇ ਆਪ 'ਚ) ਅੰਦਰੋਂ ਤਾਂ ਖਰਾ ਸੋਨਾ ਏ ਦਿਲ ਦਾ; ਕਿੰਨਾ ਕੁਝ ਕੀਤਾ ਮੇਰੇ ਲਈ।

**ਕੈਫ਼ੇ-ਵਾਲਾ** — (ਮਾਲਕਣ ਨੂੰ) ਜੇ ਇੱਕ ਦੇ ਦੋ ਸਿੰਗ ਨੇ ਤਾਂ ਇਹ ਤਾ ਪੱਕਾ ਹੀ ਹੈ ਕੇ ਦੂਜੇ ਦੇ ਇੱਕੋ ਹੋਵੇਗਾ।

**ਬਜ਼ੁਰਗ** — ਹੋ ਸਕਦਾ ਹੈ ਉਲਟਾ ਹੋਵੇ, ਦੂਜੇ ਦੇ ਦੋ ਹੋਣ ਤੇ ਪਹਿਲੇ ਦਾ ਇੱਕੋ।

ਬੇਰੰਜਰ : (ਆਪਣੇ ਆਪ 'ਚ) ਗਲਤੀ ਹੋ ਗਈ ਮੈਥੋਂ, ਮੈਨੂੰ ਬਰਦਾਸ਼ਤ ਕਰਨਾ ਚਾਹੀਦਾ ਸੀ ਥੋੜ੍ਹਾ। ਪਰ ਉਹ ਇੰਨਾ ਜਿੱਦੀ ਕਿਉਂ ਐ। ਮੈਂ ਉਸਨੂੰ ਖਿਝਾਉਣਾ ਨਹੀਂ ਸੀ ਚਾਹੁੰਦਾ। (ਬਾਕੀਆ ਵੱਲ ਨੂੰ) ਉਹ ਹਮੇਸ਼ਾ ਬਸ ਚਕਾਚੌਂਧ ਕਰਨ ਦੇ ਚੱਕਰ 'ਚ ਰਹਿੰਦਾ। ਜਦੋਂ ਦੇਖੋ ਗਿਆਨ ਦਾ ਰੋਹਬ ਝਾੜਦਾ ਰਹਿੰਦਾ। ਕਦੇ ਮੰਨੇਗਾ ਨਹੀ ਕਿ ਉਹ ਵੀ ਗਲਤ ਹੋ ਸਕਦਾ ਹੈ।

ਬਜ਼ੁਰਗ : (ਬੇਰੰਜਰ ਨੂੰ) ਕੋਈ ਸਬੂਤ ਹੈ ਤੁਹਾਡੇ ਕੋਲ ?

ਬੇਰੰਜਰ : ਕਾਹਦਾ ਸਬੂਤ ?

ਬਜ਼ੁਰਗ : ਉਹੀ ਜੋ ਤੁਸੀਂ ਹੁਣੇ ... ਕਿਹਾ.. ਜਿਸਤੋਂ ਸਾਰਾ ਰੌਲਾ ਪਿਆ, ਹੱਥੋਪਾਈ ਹੋ ਗਈ ਤੁਹਾਡੀ; ਤੁਹਾਡੇ ਮਿੱਤਰ ਨਾਲ।

ਦੁਕਾਨਦਾਰ : (ਬੇਰੰਜਰ ਨੂੰ) ਹਾਂ, ਕੋਈ ਸਬੂਤ ਹੈ ਤੁਹਾਡੇ ਕੋਲ ?

ਬਜ਼ੁਰਗ : ਤੁਹਾਨੂੰ ਕਿਵੇਂ ਪਤਾ ਕਿ ਦੋਹਾਂ 'ਚੋਂ ਇੱਕ ਗੈਂਡੇ ਦੇ ਇੱਕ ਸਿੰਗ ਸੀ ਤੇ ਦੂਜੇ ਦੇ ਦੋ ? ਤੇ ਕਿਸੇ ਦੇ ਇੱਕ ਸੀ ਤੇ ਕਿਸ ਦੇ ਦੋ ?

ਮਾਲਕਣ : ਉਹਨੂੰ ਸਾਥੋਂ ਵੱਧ ਕੁਝ ਪਤਾ ਨਹੀਂ।

ਬੇਰੰਜਰ : ਪਹਿਲੀ ਗੱਲ ਤਾਂ ਇਹੋ ਪੱਕਾ ਨਹੀ ਕਿ ਉਹ ਦੋ ਹੀ ਸਨ। ਮੈਨੂੰ ਤਾਂ ਲਗਦੈ ਇੱਕੋ ਹੀ ਸੀ।

ਕੈਫੇ-ਵਾਲਾ : ਚਲੋ ਮੰਨ ਲੈਂਦੇ ਹਾਂ ਕਿ ਦੋ ਸੀ। ਤਾਂ ਕੀ ਇੱਕ ਸਿੰਗ ਵਾਲਾ ਹੀ ਏਸ਼ਿਆਈ ਹੈ ?

ਬਜ਼ੁਰਗ : ਨਾ। ਮੇਰੇ ਖ਼ਿਆਲ 'ਚ ਅਫ਼ਰੀਕਾ ਵਾਲੇ ਦੇ ਦੋ ਸਿੰਗ ਸੀ।

ਕੈਫੇ ਵਾਲਾ : ਦੋ ਸਿੰਗ ਕਿਸਦੇ ਹੁੰਦੇ ?

ਦੁਕਾਨਦਾਰ : ਅਫ਼ਰੀਕਾ ਵਾਲੇ ਦੇ ਤਾਂ ਉੱਕਾ ਹੀ ਨਹੀਂ।

ਮਾਲਕਣ : ਇੰਨਾ ਸੌਖਾ ਨਹੀਂ ਫ਼ੈਸਲਾ ਕਰਨਾ।

ਬਜ਼ੁਰਗ : ਪਰ ਮਸਲੇ ਦਾ. ਹੱਲ ਤਾਂ ਹੋਣਾ ਚਾਹੀਦਾ ਹੈ ਨਾ।

ਤਰਕ ਸ਼ਾਸਤਰੀ : (ਦਖ਼ਲ ਦੇਣ ਦੇ ਮੂਡ 'ਚ) ਸੁਣੋ ਸੁਣੋ, ਗੁਸਤਾਖ਼ੀ ਮੁਆਫ਼ ਟੋਕ ਰਿਹਾਂ ਮੈਂ ਤੁਹਾਨੂੰ। ਪਰ ਸਵਾਲ ਇਹ ਨਹੀਂ ਹੈ। ਪਹਿਲਾਂ ਮੈਂ ਆਪਣੇ ਬਾਰੇ ਦੱਸ ਦਿਆਂ ਕਿ .

ਘਰੇਲੂ-ਔਰਤ : (ਹੰਝੂ ਪੂੰਝਦੇ ਹੋਏ) ਇਹ ਤਰਕ-ਸ਼ਾਸਤਰੀ ਨੇ।

ਕੈਫੇ-ਵਾਲਾ : ਓਹ! ਸੱਚ; ਤਰਕ-ਸ਼ਾਸਤਰੀ ?

ਬਜ਼ੁਰਗ : (ਤਰਕ-ਸ਼ਾਸਤਰੀ ਨੂੰ ਬੇਰੰਜਰ ਨਾਲ ਮਿਲਾਂਦੇ ਹੋਏ) ਮੇਰੇ ਮਿੱਤਰ, ਤਰਕ-ਸ਼ਾਸਤਰੀ।

ਬੇਰੰਜਰ : ਬਹੁਤ ਖ਼ੁਸ਼ੀ ਹੋਈ ਮਿਲ ਕੇ।

ਤਰਕ-ਸ਼ਾਸਤਰੀ : (ਕਾਰਡ ਕੱਢਦਾ ਹੈ) ਪੇਸ਼ੇਵਰ ਤਰਕ-ਸ਼ਾਸਤਰੀ; ਇਹ ਮੇਰਾ ਕਾਰਡ।

ਬੇਰੰਜਰ : ਬੜੇ ਮਾਣ ਵਾਲੀ ਗੱਲ ਹੈ ਜੀ..

ਦੁਕਾਨਦਾਰ : ਸਾਡੇ ਸਾਰਿਆਂ ਲਈ ਹੀ ਮਾਣ ਵਾਲੀ ਗੱਲ ਹੈ ਇਹ ਤਾਂ

| | |
|---|---|
| ਕੈੜੇ-ਵਾਲਾ | ਤਾਂ ਸਰ, ਕੀ ਤੁਸੀਂ ਚਾਨਣਾ ਪਾਓਗੇ ਕਿ ਕੀ ਅਫ਼ਰੀਕੀ ਗੈਂਡਾ ਇੱਕ ਸਿੰਗ ਵਾਲਾ ਹੁੰਦਾ ਹੈ ਜਾਂ.. |
| ਬਜ਼ੁਰਗ | .. ਦੋ ਸਿੰਗ ਵਾਲਾ। |
| ਮਾਲਕਿਨ | ਜਾ ਦੋ ਸਿੰਗ ਏਸ਼ਿਆਈ ਗੈਂਡੇ ਦੇ ਹੁੰਦੇ। |
| ਦੁਕਾਨਦਾਰ : | ਜਾ ਫੇਰ ਉਸਦਾ ਇੱਕੋ ਸਿੰਗ ਹੁੰਦਾ ਹੈ। |
| ਤਰਕ-ਸ਼ਾਸਤਰੀ . | ਜੀ ਬਿਲਕੁਲ, ਇਹ ਤਾ ਸਵਾਲ ਹੀ ਨਹੀਂ ਹੈ। ਮੈਨੂੰ ਜਰਾ ਮੁੱਦਾ ਸਾਫ਼ ਕਰਨ ਦਿਓ। |
| ਦੁਕਾਨਦਾਰ | ਪਰ ਇਹੋ ਤਾਂ ਹੈ ਜੋ ਅਸੀ ਪਤਾ ਕਰਨਾ ਚਾਹੁੰਦੇ ਹਾਂ। |
| ਤਰਕ-ਸ਼ਾਸਤਰੀ | ਪਲੀਜ਼, ਥੋੜ੍ਹਾ ਮੈਨੂੰ ਵੀ ਮੌਕਾ ਦਿਓ... ਹੂੰ ! |
| ਬਜ਼ੁਰਗ | ਹਾਂ ਜੀ, ਇਨ੍ਹਾ ਨੂੰ ਮੌਕਾ ਦਿਓ! |
| ਮਾਲਕਣ | (ਖਿੜਕੀ 'ਚੋਂ ਆਪਣੇ ਪਤੀ ਨੂੰ) ਬੋਲਣ ਤਾਂ ਦੇ ਉਨ੍ਹਾਂ ਨੂੰ। |
| ਕੈੜੇ -ਵਾਲਾ | ਅਸੀ ਸੁਣ ਰਹੇ ਹਾਂ ਜੀ, ਬੋਲੋ। |
| ਤਰਕ-ਸ਼ਾਸਤਰੀ . | (ਬੇਰੰਜਰ ਨੂੰ) ਖਾਸ ਤੌਰ 'ਤੇ ਤੁਹਾਡੇ ਲਈ। ਬਾਕੀ ਵੀ ਸਾਰੀਆ ਲਈ ਜੋ ਵੀ ਨੇ। |
| ਦੁਕਾਨਦਾਰ : | ਸਾਡੇ ਲਈ ਵੀ |
| ਤਰਕ-ਸ਼ਾਸਤਰੀ : | ਦੇਖੋ, ਤੁਸੀਂ ਬਿਲਕੁਲ ਬੁਨਿਆਦੀ ਗੱਲ 'ਤੋਂ ਹੀ ਭਟਕ ਰਹੇ ਹੋ, ਜਿਥੋ ਝਗੜਾ ਸ਼ੁਰੂ ਹਇਆ। ਪਹਿਲੋਂ ਤੁਸੀ ਇਸ ਗੱਲ 'ਤੇ ਗੱਲ ਕਰ ਰਹੇ ਸੀ ਕਿ ਜਿਹੜਾ ਗੈਂਡਾ ਹੁਣੇ ਲੰਘ ਕੇ ਗਿਆ ਹੈ, ਕੀ ਇਹ ਉਹੀ ਸੀ ਜਿਹੜਾ ਪਹਿਲੋਂ ਲੰਘਿਆ ਸੀ, ਜਾਂ ਇਹ ਕੋਈ ਹੋਰ ਸੀ। ਮਸਲਾ ਇਸ ਗੱਲ 'ਤੇ ਫਸਿਆ ਹੈ। |
| ਬੇਰੰਜਰ | ਹਾ, ਪਰ ਕਿਵੇਂ ? |
| ਤਰਕ-ਸ਼ਾਸਤਰੀ · | ਇਵੇਂ ਹੋ ਸਕਦਾ ਹੈ ਕਿ ਦੋਹੇਂ ਵਾਰ ਤੁਸੀਂ ਇੱਕੋ ਗੈਂਡਾ ਦੇਖਿਆ ਹੋਵੇ ਇੱਕੋ ਸਿੰਗ ਵਾਲਾ। |
| ਦੁਕਾਨਵਾਲਾ | (ਉਸਦੇ ਸ਼ਬਦਾਂ ਨੂੰ ਦੁਹਰਾਉਂਦਾ ਹੈ, ਜਿਵੇਂ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੋਵੇ) ਦੋਹੇ ਵਾਰ ਇੱਕੋ ਗੈਂਡਾ. . |
| ਕੈੜੇ-ਵਾਲਾ : | (ਇਹ ਵੀ ਉਵੇਂ ਹੀ ਕਰ ਰਿਹਾ ਹੈ) ਇੱਕੋ ਸਿੰਗ ਵਾਲਾ... |
| ਤਰਕ-ਸ਼ਾਸਤਰੀ | ਜਾ ਇਹ ਵੀ ਹੋ ਸਕਦਾ ਹੈ ਕਿ ਤੁਸੀ ਦੋਹੇ ਵਾਰ ਇੱਕੋ ਗੈਂਡਾ ਦੇਖਿਆ ਹੋਵੇ, ਦੋ ਸਿੰਗਾਂ ਵਾਲਾ। |
| ਬਜ਼ੁਰਗ | (ਦੁਹਰਾਉਂਦੇ ਹੋਏ) ਇੱਕੋ ਗੈਂਡਾ ਦੋ ਸਿੰਗਾਂ ਵਾਲਾ ਦੋਨੋ ਵਾਰ |
| ਤਰਕ-ਸ਼ਾਸਤਰੀ | ਬਿਲਕੁਲ ਸਹੀ। ਜਾਂ ਫੇਰ ਤੁਸੀਂ ਇੱਕ ਵਾਰ ਇਕ ਸਿੰਗ ਵਾਲਾ ਗੈਂਡਾ ਦੇਖਿਆ, ਤੇ ਫੇਰ ਇਕ ਸਿੰਗ ਵਾਲਾ ਹੀ ਕੋਈ ਦੂਜਾ ਗੈਂਡਾ ਦੇਖਿਆ। |
| ਮਾਲਕਣ . | (ਖਿੜਕੀ 'ਚੋਂ) ਹਾ ਹਾ... |
| ਤਰਕ-ਸ਼ਾਸਤਰੀ | ਜਾਂ ਫੇਰ ਦੋ ਸਿੰਗਾਂ ਵਾਲੇ ਪਹਿਲੇ ਗੈਂਡੇ ਦੇ ਪਿੱਛੇ, ਦੋ ਸਿੰਗਾਂ ਵਾਲਾ, ਕੋਈ ਦੂਜਾ ਗੈਂਡਾ ਵੀ ਲੰਘਿਆ ਹੋ ਸਕਦਾ ਹੈ |

ਕੈੜੇ-ਵਾਲਾ : ਸਹੀ ਗੱਲ ਐ।

ਤਰਕ-ਸ਼ਾਸਤਰੀ : ਹੁਣ . ਜੇ ਤੁਸੀਂ ਦੇਖਿਆ.

ਦੁਕਾਨਦਾਰ : ਜੇ ਅਸੀਂ ਦੇਖਿਆ...

ਬਜ਼ੁਰਗ : ਜੇ ਅਸੀਂ ਦੇਖਿਆ..

ਤਰਕ-ਸ਼ਾਸਤਰੀ : ਜੇ ਪਹਿਲੇ ਮੌਕੇ 'ਤੇ ਤੁਸੀ ਦੋ ਸਿੰਗਾਂ ਵਾਲਾ ਗੈਂਡਾ ਦੇਖਿਆ,

ਕੈੜੇ-ਵਾਲਾ : ਦੋ ਸਿੰਗਾਂ ਵਾਲਾ...

ਤਰਕ-ਸਾਸਤਰੀ ਤੇ ਦੂਜੇ ਮੌਕੇ.. 'ਤੇ ਇੱਕ ਸਿੰਗ ਵਾਲਾ।

ਦੁਕਾਨਵਾਲਾ : .. ਇੱਕ ਸਿੰਗ ਵਾਲਾ!

ਤਰਕ-ਸਾਸਤਰੀ ਏਸ 'ਚੋਂ ਵੀ ਕੋਈ ਸਿੱਟਾ ਨਹੀਂ ਨਿਕਲਣਾ।

ਕੈੜੇ-ਵਾਲਾ ਕਿਉਂ ਨਹੀਂ ?

ਮਾਲਕਣ ਮੇਰੇ ਤਾਂ ਕੁਝ ਪੱਲੇ ਨੀ ਪੈ ਰਿਹਾ!

ਦੁਕਾਨਵਾਲਾ : ਸ਼ੀ... ਸ਼ੀ!

(ਮਾਲਕਣ ਮੋਢੇ ਝਟਕਦੇ ਹੋਏ ਖਿੜਕੀ ਤੋਂ ਚਲੀ ਜਾਂਦੀ ਹੈ।)

ਤਰਕ-ਸ਼ਾਸਤਰੀ ਕਿਉਂਕਿ ਹੋ ਸਕਦਾ ਹੈ ਕਿ ਪਹਿਲੀ ਵਾਰ ਤੋਂ ਬਾਅਦ ਜਦ ਉਹ ਦੂਜੀ ਵਾਰ ਸਾਹਮਣੇ ਆਏ ਤਾਂ ਉਸਦਾ ਇੱਕ ਸਿੰਗ ਟੁੱਟ ਚੁੱਕਾ ਹੋਏ, ਹਾਲੇ ਵੀ ਦੋ ਵਾਰ ਲੰਘਣ ਵਾਲਾ ਇੱਕੋ ਗੈਂਡਾ ਹੋ ਸਕਦਾ ਹੈ।

ਬੇਰੰਜਰ ਠੀਕ ਹੈ, ਪਰ...

ਬਜ਼ੁਰਗ : (ਬੇਰੰਜਰ ਨੂੰ ਟੋਕਦੇ ਹੋਏ) ਟੋਕੋ ਨਹੀਂ!

ਤਰਕ-ਸਾਸਤਰੀ. ਇਹ ਵੀ ਹੋ ਸਕਦਾ ਹੈ ਕਿ ਦੋ ਗੈਂਡੇ ਹੋਣ ਦੋ-ਦੋ ਸਿੰਗਾਂ ਵਾਲੇ ਤੇ ਦੋਹਾਂ ਦਾ ਇੱਕ-ਇੱਕ ਸਿੰਗ ਟੁੱਟ ਚੁੱਕਾ ਹੋਵੇ।

ਬਜ਼ੁਰਗ ਹੋ ਸਕਦੈ।

ਕੈੜੇ-ਵਾਲਾ ਹਾਂ, ਹੋ ਸਕਦੈ।

ਦੁਕਾਨਵਾਲਾ ਕਿਉਂ ਨਹੀਂ ?

ਬੇਰੰਜਰ ਹਾਂ, ਪਰ ਦੋਹੇਂ ਵਾਰ

ਬਜ਼ੁਰਗ . (ਬੇਰੰਜਰ ਨੂੰ) ਟੋਕਦੇ ਕਿਉਂ ਹੋ।

ਤਰਕ-ਸ਼ਾਸਤਰੀ · ਜੇ ਤੁਸੀ ਇਹ ਸਾਬਿਤ ਕਰ ਸਕੋਂ ਕਿ ਪਹਿਲੀ ਵਾਰ ਤੁਸੀਂ ਇਕ ਸਿੰਗ ਵਾਲਾ ਗੈਂਡਾ ਦੇਖਿਆ, ਅਫ਼ਰੀਕਨ ਜਾਂ ਏਸ਼ਿਆਈ ਕਈ ਵੀ ?

ਬਜ਼ੁਰਗ : ਏਸ਼ਿਆਈ ਭਾਵੇਂ ਅਫ਼ਰੀਕਨ।

ਤਰਕ-ਸ਼ਾਸਤਰੀ · ਤੇ ਦੂਜੀ ਵਾਰ ਦੇਖਿਆ ਦੋ ਸਿੰਗਾਂ ਵਾਲਾ ਗੈਂਡਾ.

ਦੁਕਾਨਵਾਲਾ : ਜਿਸਦੇ ਦੋ ਸਿੰਗ ਸੀ।

ਤਰਕ-ਸਾਸਤਰੀ . ਅਫ਼ਰੀਕਨ ਭਾਵੇਂ ਏਸ਼ਿਆਈ ਕੋਈ ਫਰਕ ਨਹੀਂ।

ਬਜ਼ੁਰਗ : ਅਫ਼ਰੀਕਨ ਭਾਵੇਂ ਏਸ਼ਿਆਈ .

ਤਰਕ-ਸ਼ਾਸਤਰੀ : ...ਫੇਰ ਅਸੀਂ ਇਹ ਫ਼ੈਸਲਾ ਕਰ ਸਕਦੇ ਹਾਂ ਕਿ ਸਾਡਾ ਵਾਹ ਦੋ ਗੈਂਡਿਆਂ ਨਾਲ ਪੈ ਰਿਹੈ, ਕਿਉਂਕਿ ਇਹ ਨਹੀਂ ਹੋ ਸਕਦਾ ਕਿ ਦੂਜਾ

ਸਿੰਗ ਉਸਦੀ ਨੱਕ 'ਤੇ ਐਨੀ ਜਲਦੀ ਉੱਗ ਆਏ ਕਿ ਦਿਖਣ ਲੱਗ ਜਾਏ।

ਬਜ਼ੁਰਗ ਹਾਂ, ਇਹ ਨਹੀ ਹੋ ਸਕਦਾ।

ਤਰਕ-ਸ਼ਾਸਤਰੀ (ਆਪਣੀ ਵਿਆਖਿਆ ਤੋ ਪ੍ਰਸੰਨ। ਇਸਦਾ ਮਤਲਬ ਹੈ ਕਿ ਇੱਕ ਗੈਂਡਾ ਜਾਂ ਤਾਂ ਏਸ਼ਿਆਈ ਹੈ ਜਾਂ ਅਫ਼ਰੀਕਨ।

ਬਜ਼ੁਰਗ ਏਸ਼ਿਆਈ ਜਾ ਅਫਰੀਕਨ

ਤਰਕ -ਸ਼ਾਸਤਰੀ · ..ਤੇ ਇੱਕ ਗੈਂਡਾ ਜਾਂ ਏਸ਼ਿਆਈ ਹੈ ਜਾਂ ਅਫ਼ਰੀਕਨ।

ਕੈਫ਼ੇ-ਵਾਲਾ ਏਸ਼ਿਆਈ ਜਾਂ ਅਫਰੀਕਨ।

ਦੁਕਾਨਵਾਲਾ ਓ ਹ ਹਾਂ. ਪਰ.

ਤਰਕ-ਸ਼ਾਸਤਰੀ . ਕਿਉਂਕਿ ਵਾਜਿਬ ਤਰਕ ਮੁਤਾਬਕ ਇਹ ਨਹੀਂ ਹੋ ਸਕਦਾ ਕਿ ਇੱਕੋ ਜੀਵ ਦੋ ਥਾਵਾ 'ਤੇ ਪੈਦਾ ਹੋਇਆ ਹੋਵੇ, ਇੱਕੋ ਸਮੇਂ।

ਬਜ਼ੁਰਗ : ਜਾਂ ਅੱਗੇ ਪਿੱਛੇ ਵੀ।

ਤਰਕ-ਸ਼ਾਸਤਰੀ ਇਸ ਨੂੰ ਸਾਬਤ ਕਰਨਾ ਪੈਣਾ।

ਬੇਰੰਜਰ (ਤਰਕ-ਸ਼ਾਸਤਰੀ ਨੂੰ) ਇਹ ਤਾਂ ਬਿਲਕੁਲ ਸਾਫ਼ ਹੈ, ਪਰ ਇਸ ਨਾਲ ਗੱਲ ਦਾ ਜਵਾਬ ਤਾਂ ਮਿਲਦਾ ਨਹੀਂ।

ਤਰਕ-ਸ਼ਾਸਤਰੀ : (ਬੇਰੰਜਰ ਨੂੰ, ਇੱਕ ਵਿਦਵਤਾ ਭਰੀ ਮੁਸਕਾਨ ਨਾਲ) ਬਿਲਕੁਲ, ਜਨਾਬ.., ਪਰ ਹੁਣ ਮਾਮਲਾ ਸਹੀ-ਸਹੀ ਸਥਾਪਿਤ ਕੀਤਾ ਗਿਆ ਹੈ।

ਬਜ਼ੁਰਗ ਇੱਕਦਮ ਤਰਕ ਭਰਪੂਰ। ਨਿੱਗਰ ਤਰਕ।

ਤਰਕ-ਸ਼ਾਸਤਰੀ (ਹੈਟ ਉੱਪਰ ਚੁੱਕ ਕੇ) ਗੁੱਡ-ਬਾਏ ਜੈਂਟਲਮੈਂਨ।

(ਉਹ ਖੱਬੇ ਪਾਸੇ ਦੀ ਬਾਹਰ ਨੂੰ ਜਾਂਦਾ ਹੈ। ਬਜ਼ੁਰਗ ਵੀ ਉਸਦੇ ਮਗਰ ਮਗਰ ਜਾਂਦਾ ਹੈ।)

ਬਜ਼ੁਰਗ ਗੁੱਡ ਬਾਏ, ਬਾਏ. ਬਾਏ (ਹੈਟ ਸਿਰ ਤੋਂ ਚੁੱਕ ਕੇ ਸਭ ਨੂੰ ਸਲਾਮ ਕਰਦਾ ਹੋਇਆ ਜਾਂਦਾ ਹੈ।)

ਦੁਕਾਨਦਾਰ : ਠੀਕ ਹੈ, ਇਹ ਤਰਕਪੂਰਨ ਹੋ ਸਕਦੈ।

(ਉਹ ਘਰੇਲੂ-ਔਰਤ ਇਕ ਬਕਸਾ ਬਾਹਾਂ 'ਚ ਲਈ ਕੈਫੇ 'ਚੋਂ ਬਾਹਰ ਆਉਂਦੀ ਹੈ; ਉਹ ਡੂੰਘੇ ਮਾਤਮ 'ਚ ਹੈ। ਡੇਜ਼ੀ ਤੇ ਵੇਟਰ ਉਸਦੇ ਪਿੱਛੇ ਪਿੱਛੇ ਆਉਂਦੇ ਹਨ, ਜਿਵੇਂ ਕਿਸੇ ਜਨਾਜ਼ੇ 'ਚ ਸ਼ਾਮਿਲ ਹੋਣ। ਉਹ ਸਾਰੇ ਸੱਜੇ ਪਾਸੇ ਮੰਚ ਤੋਂ ਬਾਹਰ ਵੱਲ ਨੂੰ ਜਾਂਦੇ ਹਨ।)

ਦੁਕਾਨਦਾਰ .. ਤਰਕਪੂਰਨ ਹੋ ਸਕਦੈ, ਪਰ ਮਤਲਬ ਕੀ, ਕੀ ਅਸੀਂ ਇਉਂ ਖੜ੍ਹੇ ਖੜ੍ਹੇ ਦੇਖਦੇ ਰਹੀਏ, ਆਪਣੀਆ ਬਿੱਲੀਆਂ ਨੂੰ ਗੈਂਡਿਆਂ ਦੇ ਪੈਰਾਂ ਹੇਠ ਮਿੱਧੇ ਜਾਂਦੇ, ਉਹ ਭਾਵੇਂ ਇੱਕ-ਸਿੰਗੇ ਹਣ ਜਾਂ ਦੋ-ਸਿੰਗੇ, ਅਫ਼ਰੀਕਨ ਹੋਣ ਜਾਂ ਏਸਿਆਈ? (ਬੜੇ ਨਾਟਕੀ ਢੰਗ ਨਾਲ ਬਾਹਰ ਜਾਂਦੇ ਲੋਕਾਂ ਵੱਲ ਜੈਸਚਰ ਕਰਦਾ ਹੈ।)

| | |
|---|---|
| ਕੈਫੇ-ਵਾਲਾ | ਉਹ ਬਿਲਕੁਲ ਸਹੀ ਹੈ! ਅਸੀ ਆਪਣੀਆਂ ਬਿੱਲੀਆ ਨੂੰ ਇਉਂ ਗੈਂਡਿਆਂ ਜਾਂ ਕਿਸੇ ਦੇ ਵੀ ਪੈਰਾਂ ਹੇਠ ਮਿੱਧੇ ਜਾਂਦੇ ਨਹੀਂ ਦੇਖ ਸਕਦੇ! |
| ਦੁਕਾਨਵਾਲਾ | ਇਹ ਤਾਂ ਬਰਦਾਸ਼ਤ ਨਹੀਂ ਹੋ ਸਕਦਾ! |
| ਮਾਲਕਣ | (ਦੁਕਾਨ 'ਚੋਂ ਸਿਰ ਬਾਹਰ ਕੱਢ ਕੇ ਆਪਣੇਂ ਪਤੀ ਵੱਲ) ਹੁਣ ਅੰਦਰ ਵੀ ਆਏਂਗਾ? ਗਾਹਕਾਂ ਦੇ ਆਉਣ ਦਾ ਟਾਈਮ ਹੋ ਗਿਆ। |
| ਦੁਕਾਨਦਾਰ | ਨਹੀ, ਇਹ ਅਸੀਂ ਨਹੀਂ ਸਹਾਰ ਸਕਦੇ। |
| ਬੇਰੰਜਰ | ਕਾਹਨੂੰ ਯਾਰ... ਨਹੀਂ ਸੀ ਲੜਨਾ ਚਾਹੀਦਾ ਮੈਨੂੰ ਜੋਨ ਨਾਲ। (ਕੈਫ਼ੇ-ਵਾਲੇ ਨੂੰ) ਇੱਕ ਬਰਾਡੀ ਮੇਰੇ ਲਈ। ਡਬਲ! |
| ਕੈਫ਼ੇ-ਵਾਲਾ | ਹੁਣੇ ਲਓ ਜੀ! (ਅੰਦਰ ਨੂੰ ਜਾਂਦਾ ਹੈ।) |
| ਬੇਰੰਜਰ | (ਇਕੱਲਾ) ਕੁਝ ਵੀ ਸੀ ਲੜਨਾ ਨਹੀਂ ਸੀ ਚਾਹੀਦਾ। ਏਡਾ ਗੁੱਸਾ ਕਰਨ ਦੀ ਵੀ ਭਲਾ ਕੀ ਲੋੜ ਸੀ ਮੈਨੂੰ (ਕੈਫੇ-ਵਾਲਾ ਬਰਾਂਡੀ ਦਾ ਵੱਡਾ ਗਿਲਾਸ ਲੈ ਕੇ ਆਉਂਦਾ ਹੈਂ।) ਮਿਊਜ਼ੀਅਮ ਜਾਣ ਦਾ ਤਾਂ ਹੁਣ ਕੋਈ ਮੂਡ ਹੀ ਨਹੀਂ ਰਿਹਾ। ਫੇਰ ਕਿਸੇ ਦਿਨ ਦੇਖਾਂਗਾ... ਜਿਹਨ ਦੀ ਖ਼ੁਰਾਕ ਬਾਰੇ। (ਚੁੱਪਚਾਪ ਬਰਾਂਡੀ ਪੀਣ ਲਗਦਾ ਹੈ।) |

ਪਰਦਾ

# ਐਕਟ ਦੂਜਾ

## ਦ੍ਰਿਸ਼ ਪਹਿਲਾ

ਕੋਈ ਵੱਡਾ ਸਰਕਾਰੀ ਦਫਤਰ, ਜਾਂ ਅਜਿਹਾ ਕੋਈ ਮਹਿਕਮਾ ਜਿਸਦਾ ਸੰਬੰਧ ਕਨੂੰਨੀ ਪਬਲੀਕੇਸ਼ਨ ਨਾਲ ਜੁੜਿਆ ਹੋਵੇ। ਅੱਪ-ਸਟੇਜ ਦੇ ਸੈਂਟਰ 'ਚ ਇੱਕ ਵੱਡਾ ਦਰਵਾਜ਼ਾ ਹੈ, ਜਿਸਦੇ ਉਪਰ ਮੋਟੇ ਸ਼ਬਦਾਂ 'ਚ ਲਿਖਿਆ ਪੜ੍ਹਿਆ ਜਾ ਸਕਦਾ ਹੈ : 'ਦਫਤਰ ਡਿਵੀਜ਼ਨ ਮੁਖੀ'। ਅੱਪ-ਸਟੇਜ ਦੇ ਖੱਬੇ ਪਾਸੇ ਮੁਖੀ ਦੇ ਦਫ਼ਤਰ ਦੇ ਦਰਵਾਜ਼ੇ ਦੇ ਨਾਲ ਹੀ ਡੇਜ਼ੀ ਦੀ ਛੋਟੀ ਜਿਹੀ ਮੇਜ਼ ਪਈ ਹੈਂ, ਜਿਸ ਉੱਪਰ ਟਾਈਪ-ਰਾਈਟਰ ਪਿਆ ਹੈਂ। ਖੱਬੇ ਪਾਸੇ ਦੀ ਕੰਧ ਦੇ ਨਾਲ ਦਰਵਾਜ਼ੇ ਅਤੇ ਡੇਜ਼ੀ ਦੀ ਮੇਜ਼ ਦੇ ਵਿਚਕਾਰ ਜਿਹੜਾ ਰਾਹ ਉੱਪਰ ਪੌੜੀਆਂ ਵੱਲ ਨੂੰ ਜਾਂਦਾ ਹੈ, ਉੱਥੇ ਇੱਕ ਹੋਰ ਮੇਜ਼ ਪਿਆ ਹੈਂ, ਜਿਸ ਉੱਪਰ ਹਾਜ਼ਰੀ ਰਜਿਸਟਰ ਪਿਆ ਹੈਂ, ਜਿਸ ਵਿੱਚ ਕਰਮਚਾਰੀ ਆਉਣ ਵੇਲੇ ਦਸਤਖ਼ਤ ਕਰਦੇ ਹਨ। ਪੌੜੀਆਂ ਵੱਲ ਨੂੰ ਜਾਂਦਾ ਦਰਵਾਜ਼ਾ ਡਾਊਨ-ਸਟੇਜ 'ਤੇ ਖੱਬੇ ਪਾਸੇ ਹੈ। ਉੱਪਰਲੀਆਂ ਕੁਝ ਪੌੜੀਆਂ, ਰੇਲਿੰਗ ਤੇ ਛੋਟਾ ਜਿਹਾ ਥੜ੍ਹਾ ਨਜ਼ਰ ਆਉਂਦਾ ਹੈ . ਵੜਦਿਆਂ ਸਾਰ ਇੱਕ ਮੇਜ਼

ਤੇ ਦੋ ਕੁਰਸੀਆ ਪਈਆਂ ਹਨ। ਮੇਜ਼ 'ਤੇ ਕੁਝ ਪ੍ਰਿੰਟਿੰਗ ਪਰੂਫ਼, ਸ਼ਿਆਹੀ ਦੀ ਦਵਾਤ ਤੇ ਪੈੱਨ ਪਏ ਹਨ। ਇਸੇ ਟੇਬਲ 'ਤੇ ਬੋਟਾਰਡ ਅਤੇ ਬੇਰੇਂਜਰ ਕੰਮ ਕਰਦੇ ਹਨ। ਬੇਰੇਂਜਰ ਖੱਬੀ ਕੁਰਸੀ 'ਤੇ ਬੈਠਦਾ ਹੈ ਤੇ ਬੋਟਾਰਡ ਸੱਜੇ ਪਾਸੇ। ਸੱਜੀ ਕੰਧ ਦੇ ਨੇੜੇ ਇੱਕ ਹੋਰ ਵੱਡਾ ਆਇਤਾਕਾਰ ਮੇਜ ਪਿਆ ਹੈ, ਉਹ ਵੀ ਫਾਇਲਾਂ ਤੇ ਕਾਗਜ਼ਾਂ ਨਾਲ ਭਰਿਆ ਹੈ।

ਦੋ ਹੋਰ ਕੁਰਸੀਆਂ ਇਸ ਮੇਜ ਦੇ ਦੋਹੇਂ ਸਿਰਿਆਂ 'ਤੇ ਪਈਆ ਹਨ, ਇਹ ਕੁਰਸੀਆਂ ਕਝ ਵਧੀਆ ਤੇ ਸਲੀਕੇਦਾਰ ਹਨ। ਇਹ ਡਯੂਡਾਰਡ ਤੇ ਮਿਸਟਰ ਬੋਏਫ ਦਾ ਟੇਬਲ ਹੈ। ਡਯੂਡਾਰਡ ਦੀ ਕੁਰਸੀ ਦੇ ਪਿੱਛੇ ਕੰਧ ਹੈ, ਬਾਕੀ ਕਰਮਚਾਰੀ ਉਸ ਵੱਲ ਨੂੰ ਮੂੰਹ ਕਰਕੇ ਬੈਠਦੇ ਹਨ। ਉਹ ਡਿਪਟੀ-ਹੈਡ ਦੀ ਪੁਜੀਸ਼ਨ 'ਤੇ ਕੰਮ ਕਰਦਾ ਹੈ। ਅੱਪ-ਸਟੇਜ ਵਾਲੇ ਦਰਵਾਜ਼ੇ ਤੇ ਸੱਜੇ ਪਾਸੇ ਵਾਲੀ ਕੰਧ ਦੇ ਵਿਚਕਾਰ ਇੱਕ ਖਿੜਕੀ ਹੈ। ਜੇ ਥਿਏਟਰ 'ਚ ਔਰਕੈਸਟ੍ਰਾ-ਪਿਟ ਹੈ ਤਾਂ ਮੰਚ ਦੇ ਸਾਹਮਣੇ ਇੱਕ ਖਿੜਕੀ ਦਾ ਫਰੇਮ ਲਾਉਣਾ ਜ਼ਿਆਦਾ ਵਧੀਆ ਰਹੇਗਾ, ਜਿਸਦਾ ਬਾਹਰਲਾ ਪਾਸਾ ਲੋਕਾ ਵੱਲ ਨੂੰ ਹੋਏਗਾ। ਅੱਪ-ਸਟੇਜ ਦੇ ਸੱਜੇ ਕੋਨੇ 'ਚ ਕੋਟ ਟੰਗਣ ਵਾਲਾ ਇੱਕ ਸਟੈਂਡ ਹੈ, ਜਿਸ ਉੱਤੇ ਕਈ ਮਰਦਾਨਾ ਤੇ ਜ਼ਨਾਨਾ ਕੋਟ ਟੰਗੇ ਹੋਏ ਹਨ। ਇਸ ਸਟੈਂਡ ਨੂੰ ਸੱਜੇ ਪਾਸੇ ਕੰਧ ਦੇ ਨਾਲ ਡਾਊਨ-ਸਟੇਜ 'ਤੇ ਵੀ ਰੱਖਿਆ ਜਾ ਸਕਦਾ ਹੈ।

ਕੰਧਾ ਦੀਆਂ ਸ਼ੈਲਫਾਂ 'ਤੇ ਧੂੜ ਭਰੀਆਂ ਫਾਇਲਾਂ, ਦਸਤਾਵੇਜ਼ ਅਤੇ ਕਿਤਾਬਾਂ ਹੀ ਕਿਤਾਬਾਂ ਹਨ। ਪਿਛਲੀ ਕੰਧ 'ਤੇ ਖਬੇ ਪਾਸੇ ਸ਼ੈਲਫਾਂ ਦੇ ਉੱਪਰ ਨਿਸ਼ਾਨ ਬਣੇ ਹੋਏ ਹਨ : 'ਕਨੂੰਨੀ-ਦਸਤਾਵੇਜ਼', ਕੰਮ-ਕਾਜੀ ਨੇਮ'; ਸੱਜੇ ਪਾਸੇ ਵਾਲੀ ਕੰਧ, ਜਿਹੜੀ ਥੋੜ੍ਹੀ ਤਿਰਛੀ ਹੋ ਸਕਦੀ ਹੈ, 'ਤੇ ਕੁਝ ਇਸ ਤਰ੍ਹਾਂ ਦੇ ਸਾਈਨਬੋਰਡ ਹਨ : 'ਸਰਕਾਰੀ ਅਖਬਾਰ', 'ਟੈਕਸ-ਕਨੂੰਨ' . ਹੈਡ ਆਫ਼ ਦਾ ਡਿਪਾਰਟਮੈਂਟ ਦੇ ਦਰਵਾਜ਼ੇ ਦੇ ਠੀਕ ਉੱਪਰ ਇੱਕ ਕਲਾਕ ਲੱਗਿਆ ਹੈ ਜਿਸ ਉੱਪਰ ਨੌ ਵੱਜ ਕੇ ਤਿੰਨ ਮਿੰਟ ਹੋ ਚੁੱਕੇ ਹਨ।

ਪਰਦਾ ਉੱਠਦਾ ਹੈ ਤਾਂ ਡਯੂਡਾਰਡ ਆਪਣੀ ਕੁਰਸੀ ਲਾਗੇ ਖੜ੍ਹਾ ਹੈ, ਉਸਦਾ ਸੱਜਾ ਪਾਸਾ ਲੋਕਾਂ ਵੱਲ ਨੂੰ ਹੈ; ਦੂਜੇ ਪਾਸੇ ਬੋਟਾਰਡ ਖੜ੍ਹਾ ਹੈ, ਜਿਸਦਾ ਖੱਬਾ ਪਾਸਾ ਲੋਕਾਂ ਵੱਲ ਹੈ। ਉਨ੍ਹਾਂ ਦੇ ਵਿਚਾਲੇ ਡੈਸਕ ਦੇ ਪਿੱਛੇ ਵਿਭਾਗ ਦਾ ਮੁਖੀ ਖੜ੍ਹਾ ਹੈ, ਜਿਸਦਾ ਪੂਰਾ ਚਿਹਰਾ ਲੋਕਾਂ ਵੱਲ ਹੈ। ਡੇਜ਼ੀ ਵੀ ਉਸਦੇ ਨੇੜੇ ਹੀ ਖੜ੍ਹੀ ਹੈ, ਥੜ੍ਹਾ ਜਿਹਾ ਅਪ-ਸਟੇਜ ਵੱਲ ਨੂੰ, ਉਸਦੇ ਹੱਥਾਂ 'ਚ ਕੁਝ ਟਾਈਪ ਵਾਲੇ ਪੇਪਰ ਹਨ। ਉਸ ਮੇਜ਼ 'ਤੇ ਪਏ ਪ੍ਰਿੰਟਿੰਗ ਪਰੂਫ਼ਾਂ ਉੱਪਰ ਇੱਕ ਵੱਡਾ ਅਖਬਾਰ

ਉਨ੍ਹਾਂ ਤਿੰਨਾਂ ਦੇ ਸਾਹਮਣੇ ਖੁੱਲ੍ਹਾ ਪਿਆ ਹੈ।

ਪਰਦਾ ਉੱਠਣ 'ਤੇ ਸਾਰੇ ਕਿਰਦਾਰ ਕੁਝ ਦੇਰ ਉਵੇਂ ਹੀ ਅਹਿੱਲ ਖੜ੍ਹੇ ਰਹਿੰਦੇ ਹਨ। ਪਹਿਲੇ ਐਕਟ ਦੀ ਸ਼ੁਰੂਆਤ ਵਾਂਗ ਇੱਥੇ ਵੀ ਇੱਕ ਮੂਕ ਸਥਿਰ ਝਾਕੀ ਦਾ ਪ੍ਰਭਾਵ ਸਿਰਜਿਆ ਗਿਆ ਹੈ। ਵਿਭਾਗ ਦਾ ਮੁਖੀ ਚਾਲੀਆ ਦੇ ਕਰੀਬ ਹੈ, ਇੱਕਦਮ ਟਿਪ-ਟਾਪ ਪਹਿਰਾਵਾ, ਗੂੜ੍ਹਾ ਨੀਲਾ ਸੂਟ, ਕੜਕ ਕਾਲਰ, ਇੱਕ ਛੋਟੀ ਸਨਮਾਨ ਚਿੰਨ, ਕਾਲੀ ਟਾਈ, ਲੰਮੀਆਂ ਭੂਰੀਆਂ ਮੁੱਛਾਂ। ਇਹ ਹੈ ਮਿਸਟਰ ਪੈਪਿਲੋਂ। ਡਯੂਡਾਰਡ, ਕੋਈ ਪੈਂਤੀ ਕੁ ਸਾਲ ਦਾ ਹੈ, ਸਲੇਟੀ ਰੰਗ ਦਾ ਸੂਟ, ਕੋਟ ਨੂੰ ਬਚਾਉਣ ਲਈ ਉਸਨੇ ਬਾਹਾਂ 'ਤੇ ਚਮਕੀਲੇ ਕਾਲੇ ਰੰਗ ਦੇ ਕਵਰ ਚੜ੍ਹਾਏ ਹੋਏ ਹਨ, ਐਨਕ ਵੀ ਲੱਗੀ ਹੋ ਸਕਦੀ ਹੈ। ਉਹ ਕਾਫ਼ੀ ਲੰਬਾ ਹੈ, ਰੌਸ਼ਨ ਭਵਿੱਖ ਵਾਲਾ ਨੌਜਵਾਨ ਕਰਮਚਾਰੀ। ਵਿਭਾਗ ਦਾ ਮੁਖੀ ਜੇ ਸਹਾਇਕ ਡਾਇਰੈਕਟਰ ਬਣ ਜਾਂਦਾ ਹੈ ਤਾਂ ਉਹ ਉਸਦੀ ਥਾਂ 'ਤੇ ਆ ਜਾਵੇਗਾ। ਬੋਟਾਰਡ ਨੂੰ ਉਹ ਪਸੰਦ ਨਹੀਂ ਹੈ। ਬੋਟਾਰਡ, ਜੋ ਕਿ ਪਹਿਲਾਂ ਸਕੂਲ ਮਾਸਟਰ ਸੀ, ਛੋਟੇ ਕੱਦ ਦਾ, ਥੋੜ੍ਹਾ ਆਕੜਖੋਰਾ ਬੰਦਾ ਹੈ, ਛੋਟੀਆ-ਛੋਟੀਆਂ ਚਿੱਟੀਆਂ ਮੱਛਾਂ ਨੇ, ਉਹ ਕੋਈ ਸੱਠ ਕੁ ਸਾਲਾ ਦਾ ਬੜਾ ਤੇਜ਼ ਤਰਾਰ ਆਦਮੀ ਹੈ (ਉਹ ਸਭ ਜਾਣਦਾ ਹੈ, ਸਭ ਸਮਝਦਾ-ਬੁੱਝਦਾ ਹੈ।) ਸਿਰ 'ਤੇ ਗੋਲ ਜਿਹੀ ਵੰਜੀਆਂ ਵਾਲੀ ਟੋਪੀ ਤੇ ਬਾਸਕਟ ਪਾ ਕੇ ਰੱਖਦਾ ਹੈ ਤੇ ਕੰਮ ਵੇਲੇ ਸਲੇਟੀ ਜਿਹਾ ਇੱਕ ਲੂਜ਼ਰ ਪਾ ਲੈਂਦਾ ਹੈ; ਲੰਬੀ ਨੱਕ 'ਤੇ ਚਸ਼ਮਾ ਟਿਕਿਆ ਰਹਿੰਦਾ ਹੈ, ਕੰਨ ਪਿੱਛੇ ਪੈਂਸਿਲ ਟੰਗੀ ਰਹਿੰਦੀ ਹੈ, ਕੰਮ ਵੇਲੇ ਉਹ ਵੀ ਬਾਹਾ 'ਤੇ ਕਵਰ ਚੜ੍ਹਾ ਕੇ ਰੱਖਦਾ ਹੈ।

ਡੇਜ਼ੀ ਸੁਨਹਿਰੇ ਵਾਲਾਂ ਵਾਲੀ ਜਵਾਨ ਕੁੜੀ ਹੈ। ਮਿਸੇਜ਼ ਬੋਇਫ਼, ਜੋ ਚਾਲੀ-ਪੰਜਾਹ ਸਾਲਾਂ ਦੀ ਹੈ, ਸਾਹੋ-ਸਾਹ ਹੋਈ, ਰੋਣਹਾਕੀ, ਸਾਅਦ 'ਚ ਦਾਖ਼ਿਲ ਹੁੰਦੀ ਹੈ।)

(ਪਰਦਾ ਉੱਠਣ 'ਤੇ ਸਾਰੇ ਕਿਰਦਾਰ ਮੇਜ ਦੁਆਲੇ ਅਹਿੱਲ ਖੜ੍ਹੇ ਹਨ। ਸੱਜੇ ਪਾਸੇ ਡਯੂਡਾਰਡ ਖੜ੍ਹਾ ਹੈ, ਚੀਫ਼ ਦੀ ਉਂਗਲ ਅਖ਼ਬਾਰ ਉੱਤੇ ਹੈ ਤੇ ਡਯੂਡਾਰਡ ਦਾ ਹੱਥ ਬੋਟਾਰਡ ਵੱਲ ਨੂੰ ਉੱਠਿਆ ਹੋਇਆ ਹੈ, ਜਿਵੇਂ ਕਹਿ ਰਿਹਾ ਹੋਵੇ 'ਸਮਝ ਗਏ ਨਾ'। ਬੋਟਾਰਡ ਦੇ ਹੱਥ ਲੂਜ਼ਰ ਦੀਆਂ ਜੇਬਾਂ 'ਚ ਹਨ, ਬੁੱਲਾਂ ਤੇ ਇੱਕ ਖਚਰੀ ਜਿਹੀ ਮੁਸਕਾਨ ਹੈ, ਜੋ ਕਹਿ ਰਹੀ ਹੈ : 'ਤੂੰ ਕੀ ਸਮਝਾਏਂਗਾ ਮੈਨੂੰ' ਡੇਜ਼ੀ ਟਾਈਪਿੰਗ ਪੇਪਰ ਫੜੀ ਖੜ੍ਹੀ ਬੋਟਾਰਡ ਦੀ ਮਦਦ ਕਰ ਰਹੀ ਲੱਗਦੀ ਹੈ। ਕੁਝ ਪਲਾਂ ਬਾਅਦ, ਬੋਟਾਰਡ ਭੜਕ ਕੇ ਬੋਲਦਾ ਹੈ।)

**ਬੋਟਾਰਡ** ਸਭ ਬਕਵਾਸ ਹੈ ਇਹ, ਮਨਘੜ੍ਹਤ।

**ਡੇਜ਼ੀ** ਪਰ ਮੈਂ ਦੇਖਿਆ, ਹਾਂ. ਗੈਂਡਾ ਇਨ੍ਹਾਂ ਅੱਖਾਂ ਨਾਲ।

ਡਯੂਡਾਰਡ — ਕਿਵੇਂ ਮੁੱਕਰ ਸਕਦੇ ਓ... ਅਖ਼ਬਾਰ 'ਚ ਆ ਗਿਆ, ਫੋਟੋ ਦੇਖੋ, ਬਲੈਕ ਐਂਡ ਵਾਈਟ।

ਬੋਟਾਰਡ — (ਨੱਕ ਚੜ੍ਹਾਉਂਦਾ ਹੋਇਆ) ਓਫ ਫ ਫ ਯਾਰ!

ਡਯੂਡਾਰਡ — ਸਾਰਾ ਕੁਝ ਛਪਿਆ ਪਿਆ, ਸਾਹਮਣੇ... ਏਸ ਕਾਲਮ 'ਚ ਦਖੋ, ਸਪੈਸ਼ਲ ਕਾਲਮ ਏ, 'ਮਰੀਆ ਬਿੱਲੀਆ' ਲਓ ਸਰ! ਤੁਸੀਂ ਖ਼ੁਦ ਈ ਦੇਖ ਲਓ।

ਪੈਪਿਲੋਂ — ਕੱਲ੍ਹ ਦੀ ਗੱਲ ਹੈ, ਲੰਚ-ਟਾਈਮ ਤੋਂ ਥੋੜ੍ਹਾ ਚਿਰ ਪਹਿਲਾਂ .. ਚਰਚ ਗੇਟ ਵਾਲੇ ਚੌਂਕ 'ਚ.. ਮੋਟੀ ਖਲੜੀ ਵਾਲੇ ਕਿਸੇ ਜਾਨਵਰ ਨੇ ਬਿੱਲੀ ਮਿੱਧ ਕੇ ਮਾਰ ਦਿੱਤੀ।

ਡੇਜ਼ੀ — ਬਿਲਕੁਲ ਚਰਚ ਗੇਟ ਲਾਗੇ ਤਾਂ ਨਹੀਂ

ਪੈਪਿਲੋਂ — ਇਸ 'ਚ ਤਾਂ ਇੰਨਾ ਹੀ ਹੈ। ਵਿਸਥਾਰ ਨਾਲ ਤਾਂ ਕੁਝ ਵੀ ਨਹੀਂ।

ਬੋਟਾਰਡ — ਉਫ.. ਓ...

ਡਯੂਡਾਰਡ — ਸਾਫ਼ ਤਾਂ ਹੈ।

ਬੋਟਾਰਡ — ਮੈਂ ਪੱਤਰਕਾਰਾਂ 'ਤੇ ਭਰੋਸਾ ਨਹੀਂ ਕਰਦਾ। ਝੂਠੇ ਨੇ ਸਾਰੇ ਇੱਕ ਨੰਬਰ ਦੇ। ਹਣ ਓਹ ਥੋੜ੍ਹੇ .. ਮੈਨੂੰ ਦੱਸਣਗੇ ਭਲਾ ਮੈਂ ਕੀ ਸੋਚਣਾ ਹੈ, ਮੈਂ ਸਿਰਫ਼ ਅੱਖੀਂ ਦੇਖੀ ਚੀਜ਼ 'ਤੇ ਭਰੋਸਾ ਕਰਦਾਂ। ਸਾਬਕਾ ਅਧਿਆਪਕ ਹੋਣ ਦੇ ਨਾਤੇ ਮੈਨੂੰ ਤਾਂ ਠੋਸ ਵਿਗਿਆਨਕ ਗੱਲਾਂ ਪਸੰਦ ਨੇ, ਫਾਲਤੂ ਨਹੀਂ; ਮੇਰਾ ਦਿਮਾਗ਼ ਇੱਕ ...ਸਿਸਟਮ 'ਚ ਸੋਚਦਾ ਹੈ।

ਡਯੂਡਾਰਡ — ਸਿਸਟਮ 'ਚ ਸੋਚਣ ਦਾ ਇਹਦੇ ਨਾਲ ਕੀ ਲੈਣਾ?

ਡੇਜ਼ੀ — ਮਿਸਟਰ ਬੋਟਾਰਡ ਮੇਰੇ ਖ਼ਿਆਲ 'ਚ ਬੜੀ ਸਾਫ਼ ਗੱਲ ਕੀਤੀ ਗਈ ਹੈ।

ਬੋਟਾਰਡ — ਤੁਹਾਨੂੰ ਸਾਫ਼ ਲੱਗ ਸਕਦੀ ਹੈ? ਇਹ ਹੁਣ.. ਇਹਦਾ ਕੀ ਮਤਲਬ ਹੈ.. ਮੋਟੀ ਖਲੜੀ ਵਾਲਾ, ਹੰਅ? ਇਹ ਮੋਈਆਂ ਬਿੱਲੀਆਂ ਦੇ ਕਾਲਮ ਦਾ ਜੋ ਐਡੀਟਰ ਹੈ. , ਨਾ ਕੀ ਮੁਰਾਦ ਕੀ ਹੈ ਉਹਦੀ, ਮੋਟੀ ਖਲੜੀ ਵਾਲਾ? ਕੁਝ ਸਾਫ਼ ਨਹੀਂ ਕੀਤਾ ਉਹਨੇ। ਬਿੱਲੀ ਤੋਂ ਉਸਦਾ ਕੀ ਮਤਲਬ ਹੈ?

ਡਯੂਡਾਰਡ — ਸਭ ਨੂੰ ਪਤਾ ਹੈ ਕਿ ਬਿੱਲੀ ਕੀ ਹੁੰਦੀ ਹੈ।

ਬੋਟਾਰਡ — ਕੀ ਇਹ ਬਿੱਲੀ, ਬਿੱਲੀ ਸੀ ਜਾਂ ਬਿੱਲਾ ਸੀ? ਨਸਲ ਕੀ ਸੀ? ਰੰਗ ਕੀ ਸੀ? ਇਹ ਕਾਲੇ ਗੋਰੇ ਦਾ ਮਾਮਲੈ, ਮੈਂ ਇਹਦੇ ਬਾਰੇ ਬਹੁਤ ਸੰਜੀਦਾ ਹਾਂ, ਨਫ਼ਰਤ ਹੈ ਮੈਨੂੰ ਇਹਦੇ ਨਾਲ।

ਪੈਪਿਲੋਂ — ਹੁਣ ਕਾਲਾ ਗੋਰਾ ਇਹਦੇ 'ਚ ਕਿੱਥੋਂ ਆ ਗਿਆ, ਮਿਸਟਰ ਬੋਟਾਰਡ ਇਹ ਤਾਂ ਕੋਈ ਮੁੱਦਾ ਈ ਨਹੀਂ।

ਬੋਟਾਰਡ : ਮਾਫ਼ ਕਰਨਾ, ਮਿਸਟਰ ਪੈਪਿਲੋਂ। ਪਰ ਤੁਸੀਂ ਇਨਕਾਰ ਨਹੀਂ ਕਰ ਸਕਦੇ ਕਿ ਕਾਲੇ ਗੋਰੇ ਦਾ ਮਾਮਲਾ ਸਾਡੇ ਸਮਿਆਂ ਦਾ ਇੱਕ ਵੱਡਾ

ਮੁੱਦਾ ਹੈ।

**ਡਯੂਡਾਰਡ** ਮੈਨੂੰ ਪਤਾ ਹੈ, ਸਭ ਨੂੰ ਪਤਾ ਹੈ, ਪਰ ਉਸ ਗੱਲ ਦਾ ਇਸ ਨਾਲ ਕੋਈ ਸੰਬੰਧ ਨਹੀਂ।

**ਬੋਟਾਰਡ** ਇਹ ਕੋਈ ਐਨੀ ਆਸਾਨੀ ਨਾਲ ਰਫਾ-ਦਫ਼ਾ ਕਰਨ ਵਾਲੀ ਗੱਲ ਨਹੀਂ, ਮਿਸਟਰ ਡਯੂਡਾਰਡ। ਇਤਿਹਾਸ ਗਵਾਹ ਹੈ ਕਿ ਨਸਲੀ ਵਿਤਕਰੇ...

**ਡਯੂਡਾਰਡ** ਪਰ ਉਸਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ।

**ਬੋਟਾਰਡ** ਮੈਂ ਤਾਂ ਇੰਨੇ ਯਕੀਨ ਨਾਲ ਨਹੀਂ ਕਹਿ ਸਕਦਾ।

**ਪੈਪਿਲੋਂ** ਪਰ ਕਾਲੇ ਗੋਰੇ ਦੀ ਤਾਂ ਗੱਲ ਹੀ ਨਹੀਂ ਹੋ ਰਹੀ।

**ਬੋਟਾਰਡ** ਪਰ ਸਾਨੂੰ ਇਸਨੂੰ ਨਿੰਦਣ ਦਾ ਕੋਈ ਮੌਕਾ ਹੱਥੋਂ ਨੀ ਜਾਣ ਦੇਣਾ ਚਾਹੀਦਾ।

**ਡੇਜ਼ੀ** ਪਰ ਸਾਡੇ 'ਚੋਂ ਕੋਈ ਵੀ ਇਸ ਨਸਲੀ ਵਿਤਕਰੇ ਦੇ ਹੱਕ 'ਚ ਨਹੀਂ, ਇਹੋ ਕਹਿ ਰਹੇ ਹਾਂ ਅਸੀ। ਤੁਸੀਂ ਐਵੇਂ ਮਸਲੇ ਨੂੰ ਉਲਝਾ ਰਹੇ ਹੋ। ਸਵਾਲ ਸਿਰਫ਼ ਇੰਨਾ ਹੈ ਕਿ ਮੋਟੀ ਚਮੜੀ ਵਾਲੇ ਇੱਕ ਚੌਪਾਏ ਨੇ ਇੱਕ ਬਿੱਲੀ ਨੂੰ ਰੌਂਦ ਦਿੱਤਾ, ਤੇ ਉਹ ਚੌਪਾਇਆ ਇੱਕ ਗੈਂਡਾ ਸੀ।

**ਬੋਟਾਰਡ** ਮੈਂ ਤਾਂ ਭਾਈ ਪਹਾੜੀ ਹਾਂ, ਇੱਥੇ ਮੈਦਾਨਾਂ 'ਚ ਲੋਕ ਪਤਾ ਨਹੀਂ ਕੀ ਦੇ ਕੀ ਹਵਾਈ ਕਿਲੇ ਬਣਾ ਲੈਂਦੇ। ਭਾਵੇਂ ਕੋਈ ਚੂਹਾ ਕਿਸੇ ਪਿੱਸੂ ਨੂੰ ਮਿੱਧ ਗਿਆ ਹੋਵੇ। ਲੋਕ ਐਵੇਂ ਰਾਈ ਦਾ ਪਹਾੜ ਬਣਾ ਲੈਂਦੇ।

**ਪੈਪਿਲੋਂ** (ਡਯੂਡਾਰਡ ਨੂੰ) ਸਾਰੇ ਮਾਮਲੇ ਨੂੰ ਸਾਫ਼-ਸਾਫ਼ ਦੇਖਣ ਦੀ ਕੋਸ਼ਿਸ਼ ਕਰਦੇ ਹਾਂ। ਕੀ ਤੁਸੀ ਖ਼ੁਦ, ਆਪਣੀਆਂ ਅੱਖਾਂ ਨਾਲ ਕਿਸੇ ਗੈਂਡੇ ਨੂੰ ਸ਼ਹਿਰ 'ਚ ਟਹਿਲਦੇ ਦੇਖਿਆ।

**ਡੇਜ਼ੀ** ਉਹ ਟਹਿਲ ਥੋੜ੍ਹੇ ਰਿਹਾ ਸੀ, ਦੌੜ ਰਿਹਾ ਸੀ . ਅੰਨ੍ਹੇਵਾਹ।

**ਡਯੂਡਾਰਡ** ਨਹੀਂ, ਮੈਂ ਖ਼ੁਦ ਨਹੀਂ ਦੇਖਿਆ। ਪਰ ਕਈ ਭਰੋਸੇਮੰਦ ਲੋਕ ..

**ਬੋਟਾਰਡ** (ਟੋਕਦੇ ਹੋਏ) ਐਵੇਂ ਹਵਾ 'ਚ ਗੱਲਾਂ ਬਣਾ ਰਹੇ ਨੇ ਸਾਰੇ। ਪੱਤਰਕਾਰਾਂ 'ਚ ਤੁਹਾਡਾ ਕੁਝ ਜਿਆਦਾ ਈ ਯਕੀਨ ਲਗਦੈ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਕਿ ਕੀ ਲਿਖਿਆ, ਉਨ੍ਹਾਂ ਨੇ ਬੱਸ ਅਖ਼ਬਾਰ ਵੇਚਣੀ ਆਪਣੀ ਤੇ ਮਾਲਕਾਂ ਨੂੰ ਖੁਸ਼ ਰੱਖਣਾ! ਤੇ ਤੁਸੀਂ ਉਨ੍ਹਾਂ 'ਤੇ ਭਰੋਸਾ ਕਰੀ ਬੈਠੇ ਹੋ, ਤੁਸੀਂ ਐਡੇ ਪੜ੍ਹੇ-ਲਿਖੇ...ਵਕੀਲ ਹੋ ਕੇ। ਮਾਫ਼ ਕਰਨਾ... ਹਾਸਾ ਆਉਂਦਾ... ਮੈਨੂੰ ਤੇ... ਹ ਹ ਹ... ਕਮਾਲ!

**ਡੇਜ਼ੀ** ਪਰ ਮੈਂ ਦੇਖਿਆ, ਗੈਂਡਾ, ਮੈਂ ਸੌਂਹ ਖਾ ਸਕਦੀ ਹਾਂ।

**ਬੋਟਾਰਡ** ਓ ਛੱਡੋ ਵੀ ਤੁਸੀਂ। ਮੈਂ ਸਮਝਦਾ ਸੀ ਤੁਸੀਂ ਚੰਗੇ ਭਲੇ ਸਿਆਣੇ..

**ਡੇਜ਼ੀ** ਮਿਸਟਰ ਬੋਟਾਰਡ, ਮੈਂ ਕੋਈ ਕਮਲੀ ਨਹੀਂ ਹਾਂ, ਮੈਨੂੰ ਨਜ਼ਰ ਆਉਂਦਾ.., ਨਾਲੇ ਮੈਂ ਇਕੱਲੀ ਨਹੀਂ ਸੀ ਉੱਥੇ, ਕਿੰਨੇ ਸਾਰੇ ਹੋਰ ਲੋਕ ਵੀ ਦੇਖ ਰਹੇ ਸੀ।

ਬੋਟਾਰਡ: ਹੜ .! ਉਹ ਪਤਾ ਨਹੀਂ ਕੀ ਦੇਖ ਰਹੇ ਸੀ। ਵਿਹਲੜ ਸਾਰੇ, ਕਰਨ ਕਰਾਉਣ ਨੂੰ ਹੈ ਕੁਝ ਨਹੀ, ਨਿਕੰਮੇ ਲੋਫ਼ਰ।

ਡਯੂਡਾਰਡ: ਕੱਲ ਦੀ ਗੱਲ ਹੈ, ਐਤਵਾਰ ਦੀ।

ਬੋਟਾਰਡ: ਮੈਂ ਐਤਵਾਰ ਵੀ ਵਿਹਲਾ ਨੀ ਬੈਠਦਾ। ਇਨ੍ਹਾਂ ਪਾਦਰੀਆਂ ਲਈ ਕੋਈ ਟਾਈਮ ਨਹੀ ਮੇਰੇ ਕੋਲ, ਜਿਨ੍ਹਾਂ ਦਾ ਸਾਰਾ ਜੋਰ ਇਸ ਗੱਲ 'ਤੇ ਲੱਗਿਆ ਕਿ ਸਭ ਕੰਮ-ਕਾਰ ਛੱਡ ਕੇ ਤੁਸੀਂ ਬੱਸ ਚਰਚ ਪਹੁੰਚ ਜਾਓਂ, ਖ਼ੂਨ ਪਸੀਨੇ ਦੀ ਕਮਾ ਕੇ ਨਾ ਖਾਓ।

ਪੈਪਿਲੋਂ: (ਖਿਝ ਕੇ) ਓਹ!

ਬੋਟਾਰਡ: ਗੁਸਤਾਖੀ ਮਾਫ਼, ਮੇਰਾ ਇਰਾਦਾ ਤੁਹਾਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ। ਸੱਚਾਈ ਤਾਂ ਇਹ ਹੈ ਕਿ ਧਰਮ ਤੋਂ ਮੈਨੂੰ ਕੋਫ਼ਤ ਹੁੰਦੀ ਹੈ ਇਸਦਾ ਮਤਲਬ ਇਹ ਨਹੀਂ ਕਿ ਮੇਰੀਆਂ ਨਜ਼ਰਾਂ 'ਚ ਉਸਦਾ ਕੋਈ ਸਤਿਕਾਰ ਨਹੀ। (ਡੇਜ਼ੀ ਨੂੰ) ਵੈਸੇ, ਤੁਹਾਨੂੰ ਪਤਾ ਗੈਂਡਾ ਦਿਖਦਾ ਕਿੱਦਾਂ ਦਾ ਹੈ?

ਡੇਜ਼ੀ: ਇਹ ਇੱਕ ਵੱਡਾ ਜਿਹਾ ਜਾਨਵਰ ਹੁੰਦੈ ..ਗੰਦਾ.. ਭੱਦਾ।

ਬੋਟਾਰਡ: ਤੇ ਤੁਹਾਨੂੰ ਬੜਾ ਮਾਣ ਏ ਕਿ ਤੁਸੀਂ ਸਭ ਕੁਝ ਦੇਖ ਸਮਝ ਸਕਦੇ ਹੋ। ਗੈਂਡਾ..., ਮੇਰੀ ਪਿਆਰੀ ਬੱਚੀ।

ਪੈਪਿਲੋਂ: ਹੁਣ ਗੈਂਡੇ 'ਤੇ ਲੈਕਚਰ ਦੇਣ ਦੀ ਲੋੜ ਨਹੀਂ। ਅਸੀਂ ਕੋਈ ਸਕੂਲ 'ਚ ਨਹੀ ਹਾਂ।

ਬੋਟਾਰਡ: ਇਹੋ ਤਾਂ ਰੋਣਾ ਹੈ।

(ਇਸ ਗੱਲਬਾਤ ਦੇ ਦੌਰਾਨ ਆਖ਼ਰੀ ਪੌੜੀਆ 'ਤੇ ਬੇਰੰਜਰ ਚੜ੍ਹਦਾ ਦਿਖਾਈ ਦਿੰਦਾ ਹੈ; ਉਹ ਡਰਦੇ ਡਰਦੇ ਦਫ਼ਤਰ ਦਾ ਦਰਵਾਜ਼ਾ ਖੋਲ੍ਹਦਾ ਹੈ, ਜਿਸ 'ਤੇ ਬਾਹਰਲੇ ਪਾਸੇ ਤਖ਼ਤੀ ਲੱਗੀ ਹੈ : 'ਕਾਨੂੰਨ : ਪਰਕਾਸ਼ਨ ਵਿਭਾਗ।')

ਪੈਪਿਲੋਂ: ਠੀਕ ਹੈ ਮਿਸ ਡੇਜ਼ੀ, ਨੌਂ ਵੱਜ ਚੁੱਕੇ ਨੇ, ਟਾਈਮ ਰਜਿਸਟਰ ਜ਼ਰਾ ਇੱਥੇ ਲੈ ਆਓ। ਇਨ੍ਹਾ ਲੇਟ-ਲਤੀਫ਼ਾਂ ਦਾ ਤਾਂ ਬੁਰਾ ਹਾਲ ਹੈ।

(ਡੇਜ਼ੀ ਛੋਟੇ ਮੇਜ ਵੱਲ ਜਾਂਦੀ ਹੈ, ਜਿੱਥੇ ਖੱਬੇ ਪਾਸੇ ਟਾਈਮਿੰਗ-ਰਜਿਸਟਰ ਪਿਆ ਹੈ। ਉਸੇ ਵੇਲੇ ਬੇਰੰਜਰ ਅੰਦਰ ਦਾਖ਼ਿਲ ਹੁੰਦਾ ਹੈ।)

ਬੇਰੰਜਰ: ਗੁੱਡ ਮਾਰਨਿੰਗ ਮਿਸ ਡੇਜ਼ੀ। (ਬਾਕੀ ਸਭ ਲੋਕ ਗੱਲਾਂ 'ਚ ਰੁੱਝੇ ਹਨ।) ਲੇਟ ਤਾਂ ਨਹੀਂ ਮੈਂ, ਲੇਟ ਹਾਂ..?

ਬੋਟਾਰਡ: (ਡਯੂਡਾਰਡ ਤੇ ਪੈਪਿਲੋਂ ਨੂੰ) ਮੇਰੀ ਲੜਾਈ ਤਾਂ ਬੱਸ ਅਗਿਆਨ ਦੇ ਖਿਲਾਫ਼ ਐ, ਜਿੱਥੇ ਵੀ ਨਜਰ ਆਵੇ।

ਡੇਜ਼ੀ: ਛੇਤੀ ਕਰੋ ਮਿਸਟਰ ਬੇਰੰਜਰ।

ਬੋਟਾਰਡ: ਮਹਿਲ 'ਚ ਹੋਵੇ ਭਾਵੇਂ ਝੋਂਪੜੀ 'ਚ।

ਡੇਜ਼ੀ — ਛੇਤੀ। ਸਾਈਨ ਕਰੋ ਫਟਾਫਟ ਏਥੇ!

ਬੇਰੰਜਰ — ਓ ਥੈਂਕ ਯੂ! ਬਾਸ ਆ ਗਿਆ ?

ਡੇਜ਼ੀ — (ਮੂੰਹ 'ਤੇ ਉਂਗਲ ਰੱਖ ਕੇ) ਸ਼ੀ ਅੰਦਰ ਹੈ।

ਬੇਰੰਜਰ — ਆ ਵੀ ਗਿਆ ? (ਫਟਾਫਟ ਸਾਇਨ ਕਰਦਾ ਹੈ।)

ਬੋਟਾਰਡ — (ਜਾਰੀ ਰੱਖਦੇ ਹੋਏ) ਕਿਤੇ ਹੋਵੇ! ਭਾਵੇਂ ਪ੍ਰਿੰਟਿੰਗ ਪਰੈਸ ਦਾ ਦਫਤਰ ਹੀ ਕਿਉਂ ਨਾ ਹੋਵੇ।

ਪੈਪਿਲੋਂ — ਮਿਸਟਰ ਬੋਟਾਰਡ, ਮੈਨੂੰ ਲਗਦੈ...

ਬੇਰੰਜਰ — (ਰਜਿਸਟਰ ਵੱਲ ਦੇਖਦੇ ਹੋਏ) ਪਰ ਦੱਸ ਤਾ ਹਾਲੇ ਵੱਜੇ ਨਹੀਂ...

ਪੈਪਿਲੋਂ — (ਬੋਟਾਰਡ ਨੂੰ) ਮੈਨੂੰ ਲਗਦੈ ਕਿ ਤੁਸੀਂ ਜ਼ਿਆਦਤੀ ਕਰ ਰਹੇ ਹੋ।

ਡਯੂਡਾਰਡ — ਸ਼ਰੇਆਮ ਲਗਦੈ ਸਰ।

ਪੈਪਿਲੋਂ — (ਬੋਟਾਰਡ) ਕੀ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਮਿਸਟਰ ਬੋਟਾਰਡ, ਕਿ ਮੇਰੇ ਕੁਲੀਗ ਤੇ ਤੁਹਾਡੇ ਵੀ, ਜੋ ਲਾਅ ਗ੍ਰੈਜੂਏਟ ਨੇ . ਵਕੀਲ, ਤੇ ਗਜ਼ਟਿਡ ਅਫ਼ਸਰ, ਬੇਵਕੂਫ ਨੇ ?

ਬੋਟਾਰਡ — ਮੈਂ ਇੰਨੀ ਜੁਰਅਤ ਨਹੀਂ ਕਰ ਸਕਦਾ, ਤੁਹਾਡੇ ਸ਼ਬਦਾਂ 'ਚ ਜ਼ਿਆਦਤੀ। ਪਰ ਯੂਨੀਵਰਸਿਟੀਆਂ 'ਚ ਜੋ ਪੜ੍ਹਾਇਆ ਜਾਂਦਾ ਹੈ ਉਹ ਤਾਂ ਆਮ ਸਕੂਲਾਂ ਦੇ ਬਰਾਬਰ ਵੀ ਨਹੀਂ ਖੜ੍ਹਦਾ।

ਪੈਪਿਲੋਂ — (ਡੇਜ਼ੀ ਨੂੰ) ਕੀ ਹੋਇਆ, ਰਜਿਸਟਰ ਕਿੱਥੇ ਐ ?

ਡੇਜ਼ੀ — (ਰਜਿਸਟਰ ਲੈ ਕੇ ਜਾਂਦੀ ਹੈ।) ਇਹ ਰਿਹਾ ਸਰ। (ਉਸਦੇ ਸਾਹਮਣੇ ਰੱਖਦੀ ਹੈ।)

ਡਯੂਡਾਰਡ — (ਬੋਟਾਰਡ ਨੂੰ) ਅਹ. ਛੱਡੋ ਵੀ!

ਬੇਰੰਜਰ — (ਪੈਪਿਲੋਂ) ਗੁੱਡ-ਮਾਰਨਿੰਗ, ਮਿਸਟਰ ਪੈਪਿਲੋਂ।(ਉਹ ਬਾਸ ਦੇ ਪਿਛਲੇ ਪਾਸੇ ਕੋਟ ਟੰਗਣ ਵਾਲੇ ਸਟੈਂਡ ਵੱਲ ਜਾਂਦਾ ਹੈ ਤੇ ਤਿੰਨਾਂ ਦੇ ਉਸ ਗਰੁੱਪ ਦੇ ਪਿੱਛੋਂ ਦੀ ਲੰਘਦਾ ਹੈ। ਉੱਥੇ ਉਹ ਆਪਣੇ ਕੰਮ ਵਾਲੇ ਕੱਪੜੇ ਉਤਾਰਦਾ ਹੈ ਤੇ ਬਾਹਰ ਵਾਲਾ ਕੋਟ ਉਸ ਥਾਂ 'ਤੇ ਟੰਗ ਦਿੰਦਾ ਹੈ, ਤੇ ਵਾਪਿਸ ਆਪਣੇ ਮੇਜ਼ 'ਤੇ ਆਉਂਦਾ ਹੈ ਤੇ ਦਰਾਜ 'ਚੋਂ ਆਪਣੇ ਕਾਲੇ ਬਾਜ਼ੂ-ਕਵਰ ਬਾਹਰ ਕੱਢਦਾ ਹੈ। ਮਾਰਨਿੰਗ ਮਿਸਟਰ ਪੈਪਿਲੋਂ ਸੌਰੀ. . ਥੋੜ੍ਹਾ ਲੇਟ ਹੀ ਹੋ ਗਿਆ। ਮਾਰਨਿੰਗ ਡਯੂਡਾਰਡ ਮਾਰਨਿੰਗ ਬੋਟਾਰਡ।

ਪੈਪਿਲੋਂ — ਅੱਛਾ ਮਿਸਟਰ ਬੇਰੰਜਰ, ਤੁਹਾਨੂੰ ਕੋਈ ਗੈਂਡਾ ਤਾਂ ਨਜ਼ਰ ਨਹੀਂ ਆਇਆ...ਕਿਤੇ ?

ਬੋਟਾਰਡ — ਯੂਨੀਵਰਸਿਟੀ ਤੋਂ ਤਾਂ ਬੱਸ ਥੋਥਾ ਦਿਮਾਗੀ ਕਬਾੜ ਹਾਸਿਲ ਹੁੰਦਾ, ਜ਼ਿੰਦਗੀ ਦਾ ਅਮਲੀ ਗਿਆਨ ਨਹੀਂ।

ਡਯੂਡਾਰਡ — (ਬੋਟਾਰਡ) ਫ਼ਾਲਤੂ ਦੀ ਗੱਲ!

ਬੇਰੰਜਰ — (ਆਪਣੀ ਮੇਜ਼ ਦਾ ਸਮਾਨ ਕੰਮ ਦੇ ਲਿਹਾਜ਼ ਨਾਲ ਫਟਾਫਟ ਠੀਕ

ਕਰ ਰਿਹਾ ਹੈ, ਜਿਵੇਂ ਲੇਟ ਹੋਣ ਦੀ ਕਮੀ ਪੂਰੀ ਕਰ ਰਿਹਾ ਹੋਵੇ; ਬੜੇ ਸੁਭਾਵਿਕ ਅੰਦਾਜ਼ 'ਚ, ਪੈਪਿਲੋਂ ਨੂੰ) ਓ ਹਾਂ, ਮੈਂ ਦੇਖਿਆ ਸੀ, ਯਾਦ ਆਇਆ।

**ਬੋਟਾਰਡ** (ਮਜ਼ਾਕ ਉਡਾਉਂਦਾ ਹੈ) ਲਓ!

**ਡੇਜ਼ੀ** ਲਓ ਦੇਖ ਲਓ, ਮੈਂ ਕੋਈ ਪਾਗਲ ਥੋੜ੍ਹ ਹਾਂ।

**ਬੋਟਾਰਡ** (ਵਿਅੰਗ 'ਚ) ਓ! ਮਿਸਟਰ ਬੇਰੰਜਰ ਤਾਂ ਊਂ ਈ ਸੰਗਦੇ ਈ ਕਹੀ ਜਾ ਰਹੇ ਨੇ; ਬਹੁਤ ਸ਼ਰਮਾਕਲ ਨੇ, ਹਾਲਾਂਕਿ ਲੱਗਦੇ ਨਹੀਂ।

**ਡਯੂਡਾਰਡ** ਤੁਸੀਂ ਗੈਂਡਾ ਦੇਖਿਆ, ਇਹਦੇ 'ਚ ਸ਼ਰਮਾਕਲ ਹੋਣਾ ਕਿੱਥੋਂ ਆ ਗਿਆ?

**ਬੋਟਾਰਡ** ਸਿੱਧਾ ਸੰਬੰਧ ਹੈ; ਮਾਮਲਾ ਜਦੋਂ ਮਿਸ ਡੇਜ਼ੀ ਦੀ ਖ਼ੁਸ਼ਾਮਦ ਦਾ ਹੋਵੇ, ਉਨ੍ਹਾਂ ਦੀ ਫੰਟਾਸਟਿਕ ਗੱਲ ਨਾਲ ਹਾਂ 'ਚ ਹਾ ਮਿਲਾਉਣ ਦਾ। ਤਾਂ ਕੌਣ ਖ਼ੁਸ਼ਾਮਦੀ ਨਹੀਂ ਹੋਣਾ ਚਾਹੇਗਾ। ਇਹ ਤਾਂ ਬਿਲਕੁਲ ਸਾਫ਼ ਹੈ।

**ਪੈਪਿਲੋਂ** ਘੁਮਾਓ ਨਾ ਹੁਣ ਗੱਲ ਨੂੰ। ਬੇਰੰਜਰ ਨੂੰ ਤਾਂ ਪਤਾ ਵੀ ਨਹੀ ਕੀ ਬਹਿਸ ਚਲ ਰਹੀ ਹੈ; ਉਹ ਤਾਂ ਹੁਣੇ ਆਇਆ।

**ਬੇਰੰਜਰ** (ਡੇਜ਼ੀ ਨੂੰ) ਪਰ ਤੁਸੀਂ ਤਾਂ ਦੇਖਿਆ ਸੀ, ਨਹੀਂ। ਅਸੀਂ ਦੋਹਾਂ ਨੇ ਦੇਖਿਆ।

**ਬੋਟਾਰਡ** ਫੂ...! ਮੁਮਕਿਨ ਹੈ ਕਿ ਮਿਸਟਰ ਬੇਰੰਜਰ ਨੂੰ ਲੱਗਦਾ ਹੋਵੇ ਕਿ ਉਨ੍ਹਾਂ ਨੇ ਗੈਂਡਾ ਦੇਖਿਆ। (ਉਹ ਬੇਰੰਜਰ ਦੀ ਪਿੱਠ ਪਿੱਛੇ ਇਸ਼ਾਰਾ ਕਰਦਾ ਹੈ ਕਿ ਇਹ ਤਾਂ ਸ਼ਰਾਬੀ ਹੈ।) ਇਨ੍ਹਾਂ ਦੀ ਕਲਪਨਾ ਸ਼ਕਤੀ ਤਾ ਗ਼ਜ਼ਬ ਹੈ... ਜੀ। ਇਹ ਤਾ ਕੁਝ ਵੀ ਦੇਖ ਸਕਦੇ ਨੇ।

**ਬੇਰੰਜਰ** ਮੈਂ ਕੋਈ ਇਕੱਲਾ ਥੋੜ੍ਹੇ ਸੀ ਉੱਥੇ ਜਦੋਂ ਉਹ ਗੈਂਡਾ ਲੰਘਿਆ! ਸ਼ਾਇਦ ਇੱਕ ਨਹੀਂ ਦੋ ਸੀ, ਦੋ ਗੈਂਡੇ।

**ਬੋਟਾਰਡ** ਲਓ, ਇਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ, ਕਿ ਕਿੰਨ ਸੀ।

**ਬੇਰੰਜਰ** ਮੇਰੇ ਮਿੱਤਰ ਜੋਨ ਵੀ ਮੇਰੇ ਨਾਲ ਸਨ। ਤੇ ਹੋਰ ਵੀ ਬਹੁਤ ਲੋਕ ਸਨ ਉੱਥੇ।

**ਬੋਟਾਰਡ** (ਬੇਰੰਜਰ ਨੂੰ) ਮੈਨੂੰ ਲੱਗਦਾ ਤੁਹਾਨੂੰ ਕੁਝ ਪਤਾ ਹੀ ਨਹੀਂ ਕਿ ਤੁਸੀਂ ਕਹਿ ਕੀ ਰਹੇ ਹੋ।

**ਡੇਜ਼ੀ** ਇੱਕ ਸਿੰਗ ਵਾਲਾ ਗੈਂਡਾ ਸੀ ਉਹ।

**ਬੋਟਾਰਡ** ਫੂ! ਇਹ ਤਾਂ ਦੋਵੇਂ ਇਕੱਠੇ ਨੇ, ਸਮਝੌਤਾ ਕੀਤਾ ਲਗਦੈ ਕਿ ਸਾਨੂੰ ਬੇਵਕੂਫ਼ ਬਣਾਉਣਾ।

**ਡਯੂਡਾਰਡ** ਮੈਨੂੰ ਲਗਦੈ ਦੋ ਸਿੰਗ ਸੀ, ਜੋ ਮੈਂ ਸੁਣਿਆ ਆਲੇ ਦੁਆਲਿਓਂ।

**ਬੋਟਾਰਡ** ਪਹਿਲੋਂ ਤੁਸੀਂ ਪੱਕਾ ਮਨ ਬਣਾ ਲਓ।

**ਪੈਪਿਲੋਂ** (ਟਾਈਮ ਦੇਖਦੇ ਹੋਏ) ਚਲੋ ਛੱਡੋ ਹੁਣ, ਦਫ਼ਾ ਕਰੋ, ਟਾਈਮ ਬਹੁਤ ਹੋ ਗਿਆ।

**ਬੋਟਾਰਡ** ਤੁਸੀਂ ਇੱਕ ਗੈਂਡਾ ਦੇਖਿਆ ਸੀ, ਮਿਸਟਰ ਬੇਰੰਜਰ ਜਾਂ ਦੋ ?

**ਬੇਰੰਜਰ** ਪੱਕਾ ਤਾਂ ਕਝ ਨਹੀਂ

**ਬੋਟਾਰਡ** ਮਿਸ ਡੇਜ਼ੀ ਦੇ ਗੈਂਡੇ ਦਾ ਇੱਕ ਸਿੰਗ ਸੀ, ਜੋ ਉਨ੍ਹਾ ਨੇ ਦੇਖਿਆ। ਤੁਹਾਡਾ ਗੈਂਡਾ ਕਿਹੋ ਜਿਹਾ ਸੀ, ਜੇ ਕੋਈ ਸੀ ਤਾਂ, ਇੱਕ ਸਿੰਗ ਸੀ ਉਸਦੇ ਜਾਂ ਦੋ।

**ਬੇਰੰਜਰ** ਬਿਲਕੁਲ, ਸਾਰਾ ਮਸਲਾ ਤਾਂ ਇਹੀ ਹੈ।

**ਬੋਟਾਰਡ** ਬੜਾ ਸ਼ੱਕੀ ਐ ਸਾਰਾ ਕੁਝ।

**ਡੇਜ਼ੀ** ਓਹ!

**ਬੋਟਾਰਡ** ਮੈਂ ਕੋਈ ਵਿਰੋਧ ਨਹੀਂ ਕਰ ਰਿਹਾ। ਪਰ ਮੈਨੂੰ ਉੱਕਾ ਈ ਯਕੀਨ ਨਹੀਂ। ਏਸ ਦੇਸ਼ 'ਚ ਕਿਸੇ ਨੇ ਵੀ ਕਦੇ, ਕੋਈ ਗੈਂਡਾ ਨਹੀਂ ਦੇਖਿਆ।

**ਡੇਜ਼ੀ** ਹਰ ਚੀਜ਼ ਕਦੇ ਨਾ ਕਦੇ ਪਹਿਲੀ ਵਾਰ ਹੁੰਦੀ ਹੈ।

**ਬੋਟਾਰਡ** ਉਹ ਕਦੇ ਦੇਖਿਆ ਨਹੀਂ ਗਿਆ, ਸਿਵਾਏ ਸਕੂਲੀ ਕਿਤਾਬਾਂ ਦੀਆਂ ਤਸਵੀਰਾਂ 'ਚ। ਤੁਹਾਡੇ ਇਹ ਗੈਂਡੇ ਕਿਸੇ ਖ਼ਬਤੀ ਦੇ ਹਵਾਈ ਘੋੜੇ ਨੇ, ਹੋਰ ਕੁਝ ਨਹੀਂ।

**ਬੇਰੰਜਰ** 'ਹਵਾਈ' ਸ਼ਬਦ ਗੈਂਡੇ ਲਈ ਕੋਈ ਖ਼ਾਸ ਢੁਕਵਾਂ ਨਹੀਂ।

**ਡਯੂਡਾਰਡ** ਹਾਂ, ਹੋਰ ਕੀ।

**ਬੋਟਾਰਡ** ਤੁਹਾਡਾ ਗੈਂਡਾ ਬਸ ਇੱਕ ਮਿੱਥ ਹੈ!

**ਡੇਜ਼ੀ** ਮਿੱਥ ?

**ਪੈਪਿਲੋਂ** ਭਦਰ-ਪਰਸ਼ੋ, ਹੁਣ ਕੰਮ ਕੁੰਮ ਸ਼ੁਰੂ ਕਰ ਲਓ ਕੋਈ।

**ਬੋਟਾਰਡ** (ਡੇਜ਼ੀ ਨੂੰ) ਜੀ ਹਾਂ, ਮਿੱਥ.. ਜਿਵੇਂ ਉੜਨਤਸ਼ਤਰੀਆਂ।

**ਡਯੂਡਾਰਡ** ਪਰ ਜਿਹੜੀ ਬਿੱਲੀ ਖੁਰਾਂ ਥੱਲੇ ਕੁਚਲੀ ਗਈ.. ਉਹ ਤਾਂ ਸੱਚ ਹੈ ਜਾਂ ਉਹ ਵੀ ਕੋਈ...

**ਬੇਰੰਜਰ** ਮੈਂ ਖ਼ੁਦ ਗਵਾਹ ਹਾਂ, ਮੇਰੇ ਸਾਹਮਣੇ ਹੋਇਆ।

**ਡਯੂਡਾਰਡ** (ਬੇਰੰਜਰ ਵੱਲ ਇਸ਼ਾਰਾ ਕਰ ਕੇ) ਗਵਾਹ ਸਾਹਮਣੇ ਬੈਠਾ।

**ਬੋਟਾਰਡ** ਵਾਹ! ਕਿਆ ਗਵਾਹ ਹੈ!

**ਪੈਪਿਲੋਂ** ਓ ਬਸ ਕਰੋ ਯਾਰ! ਕੰਮ ਕਰ ਲਓ ਕੋਈ!

**ਬੋਟਾਰਡ** (ਡਯੂਡਾਰਡ ਨੂੰ) ਇੱਕ ਸਮੂਹਿਕ ਸ਼ੁਦਾਅ ਨੀ ਹੋ ਜਾਂਦਾ ਪੂਰੀ ਦੀ ਪੂਰੀ ਭੀੜ ਨੂੰ, ਬਸ ਉਹੋ ਸਮਝੋ। ਮਸਲਨ ਜਿਵੇਂ .. ਧਰਮ;.. ਲੋਕਾਈ ਦੀ ਅਫ਼ੀਮ!

**ਡੇਜ਼ੀ** ਤਾਂ ਫੇਰ ਠੀਕ ਹੈ, ਉੜਨਤਸ਼ਤਰੀਆਂ ਹੈਗੀਆਂ ਨੇ ਫੇਰ!

**ਬੋਟਾਰਡ** ਫੂ (ਫੂਕ ਜਿਹੀ ਕੱਢਦਾ ਹੈ)

**ਪੈਪਿਲੋਂ** (ਰੋਹਬ ਨਾਲ) ਬਹੁਤ ਹੋ ਗਿਆ ਹੁਣ। ਗੱਪਾਂ ਬਹੁਤ ਹੋ ਗਈਆਂ। ਗੈਂਡੇ ਹੋਣ ਜਾਂ ਨਾ ਹੋਣ, ਉੜਨ-ਤਸ਼ਤਰੀ ਉੜੇ ਭਾਵੇਂ ਨਾ ਉੜੇ, ਕੰਮ ਰੁਕਣਾ ਨਹੀਂ ਚਾਹੀਦਾ। ਤੁਹਾਨੂੰ ਇਸ ਗੱਲ ਦੀ ਤਨਖ਼ਾਹ ਨਹੀਂ

ਮਿਲਦੀ ਕਿ ਸਾਰਾ ਟਾਈਮ ਇਸ 'ਤੇ ਬਰਬਾਦ ਕਰ ਦਿਉਂ ਕਿ ਕਿਹੜਾ ਜਾਨਵਰ ਹੈ ਤੇ ਕਿਹੜਾ ਨਹੀਂ ਹੈ।

**ਬੋਟਾਰਡ** ਹਵਾਈ।

**ਡਯੂਡਾਰਡ** ਠੋਸ!

**ਡੇਜ਼ੀ** ਇੱਕਦਮ ਠੋਸ!

**ਪੈਪਿਲੋਂ** ਬਸ ਕਰੋ ਹੁਣ, ਖ਼ਤਮ ਕਰੋ ਇਹ ਫ਼ਾਲਤੂ ਦੀ ਬਹਿਸ। ਇੱਥੇ ਕੰਮ ਕਰਨ ਆਏ ਆਂ ਅਸੀਂ।

**ਬੋਟਾਰਡ** (ਵਿਅੰਗ ਭਰੇ ਸੁਰ 'ਚ) ਠੀਕ ਹੈ, ਮਿਸਟਰ ਪੈਪਿਲ।

**ਪੈਪਿਲੋਂ** ਮੈਂ ਤੁਹਾਨੂੰ ਦੱਸ ਦਿਆਂ..

**ਬੋਟਾਰਡ** ਓ ਕੇ ਬਾਸ! ਤੁਸੀਂ ਬਾਸ ਹੋ, ਜਿਵੇਂ ਤੁਸੀਂ ਕਹੋ, ਸਿਰਮੱਥੇ।

**ਪੈਪਿਲੋਂ** ਸਮਝਿਆ ਕਰੋ! ਮੈਂ ਨਹੀਂ ਚਾਹੁੰਦਾ ਕਿ ਮੈਂ ਤੁਹਾਡੀਆਂ ਤਨਖ਼ਾਹਾਂ 'ਚੋਂ ਕੱਟ ਲਾਉਂਦਾ ਫਿਰਾਂ ਮਿਸਟਰ ਡਯੂਡਾਰਡ, ਸ਼ਰਾਬਬੰਦੀ ਬਾਰੇ ਜਿਹੜਾ ਨਵਾਂ ਕਾਨੂੰਨ ਆ ਰਿਹੈ, ਉਹਦੀ ਰਿਪੋਰਟ ਤਿਆਰ ਹੋ ਗਈ?

**ਡਯੂਡਾਰਡ** ਬਸ ਹੋ ਹੀ ਗਈ ਸਰ!

**ਪੈਪਿਲੋਂ** ਧਿਆਨ ਦਿਓ ਜ਼ਰਾ, ਜ਼ਰੂਰੀ ਕੇਸ ਹੈ, ਅਰਜੇਂਟ। ਮਿਸਟਰ ਬੇਰੰਜਰ ਤੇ ਮਿਸਟਰ ਬੋਟਾਰਡ ਵਾਈਨ ਟਰੇਡ ਕੰਟਰੋਲ ਨਿਯਮਾਂ ਦੇ ਸਾਰੇ ਪਰੂਫ਼ ਦੇਖ ਲਏ ਤੁਸੀਂ?

**ਬੇਰੰਜਰ** ਬਸ ਉਹੀ ਕਰ ਰਿਹਾਂ ਸਰ; ਥੋੜ੍ਹੇ ਰਹਿ ਗਏ।

**ਪੈਪਿਲੋਂ** ਮਿਲ ਕੇ ਕਰ ਲਓ ਨਾ ਦੋਵੇਂ; ਖ਼ਤਮ ਕਰੋ। ਪ੍ਰਿੰਟਰ ਉਡੀਕ ਰਹੇ ਹਨ, ਭਾਈ। ਤੇ ਤੁਸੀਂ ਮਿਸ ਡੇਜ਼ੀ, ਸਾਰੇ ਲੈਟਰ ਲੈ ਆਓ, ਜਿਹੜੇ ਹੈੱਡ-ਆਫ਼ਿਸ ਭੇਜਣੇ, ਟਾਈਪ ਕਰੋ ਫਟਾਫਟ ਤੇ ਸਾਇਨ ਕਰਾਓ ਮੇਰੇ।

**ਡੇਜ਼ੀ** ਜੀ ਸਰ, ਹੁਣੇ ਲਿਆਈ।

**ਡੇਜ਼ੀ** (ਆਪਣੇ ਡੈਸਕ 'ਤੇ ਜਾ ਕੇ ਫਟਾਫਟ ਟਾਈਪ ਕਰਨ ਲੱਗਦੀ ਹੈ। ਡਯੂਡਾਰਡ ਵੀ ਆਪਣੇ ਕੰਮ 'ਚ ਲੱਗ ਜਾਂਦਾ ਹੈ। ਬੇਰੰਜਰ ਤੇ ਬੋਟਾਰਡ ਆਪਣੀ ਥਾਂ ਜਾ ਕੇ ਆਹਮਣੇ-ਸਾਹਮਣੇ ਬੈਠ ਜਾਂਦੇ ਹਨ। ਬੋਟਾਰਡ ਦੀ ਪਿੱਠ ਪੌੜੀਆਂ ਵੱਲ ਨੂੰ ਹੈ, ਉਸਦਾ ਮੂਡ ਥੋੜ੍ਹਾ ਖ਼ਰਾਬ ਲੱਗਦਾ ਹੈ। ਬੇਰੰਜਰ ਵੀ ਢਿੱਲਾ ਤੇ ਬੁਝਿਆ ਜਿਹਾ ਹੈ, ਉਹ ਸਾਰੇ ਪਰੂਫ਼ ਟੇਬਲ 'ਤੇ ਫੈਲਾ ਦਿੰਦਾ ਹੈ। ਬੋਟਾਰਡ ਨੂੰ ਅਸਲ ਦਾ ਖਰੜਾ ਫੜਾਉਂਦਾ ਹੈ। ਬੋਟਾਰਡ ਬੁੜਬੁੜ ਕਰਦਾ ਬੈਠਾ ਹੈ। ਪੈਪਿਲੋਂ ਉੱਠ ਕੇ ਬਾਹਰ ਵੱਲ ਆਉਂਦਾ ਹੈ। ਦਰਵਾਜ਼ਾ ਖੜਾਕ ਕਰਦਾ ਬੰਦ ਹੁੰਦਾ ਹੈ।)

**ਪੈਪਿਲੋਂ** ਮੈਂ ਬਸ ਹੁਣੇ ਆਇਆਂ।

**ਬੇਰੰਜਰ** (ਪੜ੍ਹਦਾ ਹੈ ਤੇ ਠੀਕ ਕਰੀ ਜਾਂਦਾ ਹੈ, ਬੋਟਾਰਡ ਪੈਂਸਿਲ ਨਾਲ ਅਸਲ 'ਚ ਚੈੱਕ ਕਰੀ ਜਾਂਦਾ ਹੈ।) ਲਾਜ਼ ਰਿਲੇਟਿੰਗ ਟੂ ਦਾ ਕੰਟਰੋਲ ਆਫ਼

ਪਰਾਪ੍ਰੇਟਰੀ ਵਾਈਨ ਪਰਡਯੂਸ (ਠੀਕ ਕਰਦਾ ਹੈ।) ਕੰਟਰੋਲ 'ਚ 'ਐੱਲ' ਇੱਕੋ ਹੈ(ਠੀਕ ਕਰਦਾ ਹੈ) ਪਰਾਪ੍ਰੇਟਰੀ ਦਾ 'ਪੀ'.. ; ਹੂੰ; ਦਾ ਕੰਟਰੋਲਡ ਵਾਈਨਜ਼ ਆਫ਼ ਦਾ ਬੋਰਡਏਕਸ ਰਿਜਨ, ਦਾ ਲੋਅਰ ਸੈਕਸ਼ਨ ਆਫ਼ ਦਾ ਅਪਰ ਸਲੋਪਜ

**ਬੋਟਾਰਡ** ਇਹ ਤਾਂ ਹੈ ਨੀ ਏਥੇ। ਲਾਈਨ ਛੱਡ ਗਏ ਤੁਸੀਂ।

**ਬੇਰੰਜਰ** ਫੇਰ ਦੇਖ ਲੈਂਦੇ ਆ। ਦਾ ਵਾਈਨ ਕੰਟਰੋਲ।

**ਡਯੂਡਾਰਡ** (ਬੇਰੰਜਰ ਤੇ ਬੋਟਾਰਡ ਨੂੰ) ਥੋੜ੍ਹਾ ਹੌਲੀ ਬੋਲੋ, ਤੁਹਾਡੇ ਰੌਲੇ 'ਚ ਮੇਰੀ ਗੜਬੜ ਹੋਈ ਜਾਂਦੀ, ਕਿਵੇਂ ਗਲ਼ਾ ਫਾੜਦੇ ਪਏ।

**ਬੋਟਾਰਡ** (ਬੇਰੰਜਰ ਮੂੰਹ 'ਚ ਬੜਬੜ ਕਰਦਾ ਆਪ ਹੀ ਪੜ੍ਹਦਾ ਹੈ ਤੇ ਠੀਕ ਕਰੀ ਜਾਂਦਾ ਹੈ; ਬੋਟਾਰਡ ਉਸਦੇ ਉੱਪਰੋ ਦੀ ਮੂੰਹ ਕਰਕੇ ਬੋਲਦਾ ਹੈ।) ਕੋਰਾ ਝੂਠ ਹੈ ਸਭ।

**ਡਯੂਡਾਰਡ** ਕੀ ਕੋਰਾ ਝੂਠ ਹੈ?

**ਬੋਟਾਰਡ** ਇਹ ਤੁਹਾਡਾ ਗੈਂਡਾ, ਹੋਰ ਕੀ। ਤੁਸੀਂ ਐਵੇਂ ਬਸ ਅਫਵਾਹਾਂ ਫੈਲਾ ਰਹੇ ਹੋ, ਪ੍ਰਾਪੇਗੰਡਾ ਸਾਰਾ ਫ਼ਾਲਤੂ ਦਾ।

**ਡਯੂਡਾਰਡ** ਕਾਹਦਾ ਪ੍ਰਾਪੇਗੰਡਾ? (ਕੰਮ ਵਿੱਚੇ ਛੱਡ ਦਿੰਦਾ ਹੈ।)

**ਬੇਰੰਜਰ** (ਸ਼ਾਮਿਲ ਹੁੰਦਾ ਹੈ) ਪ੍ਰਾਪੇਗੰਡੇ ਦਾ ਤਾਂ ਕੋਈ ਸਵਾਲ ਹੀ ਨਹੀਂ।

**ਡੇਜ਼ੀ** (ਟਾਈਪ ਰੋਕ ਕੇ) ਤੁਹਾਨੂੰ ਸ਼ਾਇਦ ਦੁਬਾਰਾ ਦੱਸਣਾ ਪਵੇਗਾ ਕਿ ਮੈਂ ਖ਼ੁਦ ਦੇਖਿਆ...ਖੁੱਲ੍ਹੀਆਂ ਅੱਖਾਂ ਨਾਲ, ਤੇ ਹੋਰਨਾ ਨੇ ਵੀ।

**ਡਯੂਡਾਰਡ** ਹਾਸਾ ਆਉਂਦਾ ਮੈਨੂੰ ਤੇ। ਪ੍ਰਾਪੇਗੰਡਾ! ਕਾਹਦਾ ਪ੍ਰਾਪੇਗੰਡਾ?

**ਬੋਟਾਰਡ** (ਡਯੂਡਾਰਡ ਨੂੰ) ਤੁਹਾਨੂੰ ਮੇਰੇ ਨਾਲੋਂ ਜ਼ਿਆਦਾ ਪਤਾ ਏ ਏਸ ਬਾਰੇ, ਭੋਲ਼ਾ ਬਣਨ ਦੀ ਲੋੜ ਨਹੀਂ ਹੁਣ।

**ਡਯੂਡਾਰਡ** ਹਰ ਹਾਲ 'ਚ, ਮਿਸਟਰ ਬੋਟਾਰਡ, ਮੈਂ ਕਿਸੇ ਗੁਪਤ ਸੰਸਥਾ ਦੇ ਭਾੜੇ 'ਤੇ ਨਹੀਂ।

**ਬੋਟਾਰਡ** ਇਹ ਤਾਂ ਬੇਜਤੀ ਕਰ ਰਹੇ ਹੋ . ਸ਼ਰੇਆਮ। ਮੈਂ ਤਾਂ ਇਹ ਗੱਲ ਨਹੀਂ ਕੀਤੀ...(ਖੜ੍ਹਾ ਹੁੰਦਾ ਹੈ।)

**ਬੇਰੰਜਰ** ਇੱਕ ਮਿੰਟ.. ਇੱਕ ਮਿੰਟ, ਮਿਸਟਰ ਬੋਟਾਰਡ

**ਡੇਜ਼ੀ** (ਡਯੂਡਾਰਡ ਨੂੰ) ਕੀ ਕਰ ਰਹੇ ਹੋ ਤੁਸੀਂ, ਮਿਸਟਰ ਡਯੂਡਾਰਡ

**ਬੋਟਾਰਡ** ਮੈਂ ਕਹਿੰਦਾਂ .. ਸਰਾਸਰ ਬੇਜਤੀ ਕਰ ਰਿਹੈ

(ਪੈਪਿਲੋਂ ਅਚਾਨਕ ਅੰਦਰ ਆਉਂਦਾ ਹੈ। ਬੋਟਾਰਡ ਤੇ ਡਯੂਡਾਰਡ ਛੇਤੀ ਨਾਲ ਬੈਠਦੇ ਹਨ; ਪੈਪਿਲੋਂ ਕੋਲ ਟਾਈਮ ਰਜਿਸਟਰ ਹੈ। ਉਸਦੇ ਆਉਂਦੇ ਸਾਰ ਚੁੱਪੀ ਛਾ ਜਾਂਦੀ ਹੈ।)

**ਪੈਪਿਲੋਂ** ਮਿਸਟਰ ਬਿਊਫ ਨਹੀਂ ਆਏ ਅੱਜ?

**ਬੇਰੰਜਰ** (ਚੁਫੇਰੇ ਦੇਖ ਕੇ) ਨਹੀਂ, ਆਏ ਨਹੀਂ। ਲਗਦੈ ਛੁੱਟੀ 'ਤੇ ਨੇ।

**ਪੈਪਿਲੋਂ** ਜਦੋਂ ਲੋੜ ਹੋਏ, ਉਦੋਂ ਗੈਰਹਾਜ਼ਰ। (ਡੇਜ਼ੀ ਨੂੰ) ਕੀ ਕਿਸੇ ਨੂੰ ਦੱਸਿਆ

ਉਸਨੇ, ਬੀਮਾਰ ਹੈ ਜਾਂ ਆ ਨਹੀਂ ਰਿਹਾ?

**ਡੇਜ਼ੀ** : ਨਹੀਂ.., ਮੈਨੂੰ ਤਾਂ ਕੁਝ ਨਹੀਂ ਕਿਹਾ।

**ਪੈਪਿਲੋਂ** : (ਆਪਣਾ ਦਰਵਾਜ਼ਾ ਖੋਲ੍ਹ ਕੇ ਅੰਦਰ ਜਾਂਦਾ ਹੈ।) ਇਹੋ ਹਾਲ ਰਿਹਾ ਤਾਂ ਮੈਨੂੰ ਕੱਢਣਾ ਪੈ ਜਾਣਾ ਇਹਨੂੰ। ਪਹਿਲਾ ਵੀ ਇਉਂ ਈ ਕੀਤਾ ਸੀ ਇਹਨੇ, ਗੇਮ ਖੇਡਦਾ.. ਗੇਮ, ਮੇਰੇ ਨਾਲ। ਹੁਣ ਤੱਕ ਮੈਂ ਚੁੱਪ ਰਿਹਾ, ਪਰ ਇੰਝ ਤਾਂ ਚੱਲਣਾ ਨਹੀਂ। ਕਿਸੇ ਕੋਲ ਚਾਬੀ ਹੈ ਉਹਦੇ ਡੈਸਕ ਦੀ?

(ਉਸੇ ਵੇਲੇ ਮਿਸੇਜ਼ ਬਿਊਫ ਅੰਦਰ ਆਉਂਦੀ ਹੈ। ਜਦ ਪੈਪਿਲੋਂ ਬੋਲ ਰਿਹਾ ਹੈ, ਉਸ ਸਮੇਂ ਉਸਨੂੰ ਪੌੜੀਆਂ ਚੜ੍ਹਦੇ ਦੇਖਿਆ ਜਾ ਸਕਦਾ ਹੈ। ਉਹ ਕਾਹਲੀ ਨਾਲ ਅੰਦਰ ਦਾਖ਼ਿਲ ਹੁੰਦੀ ਹੈ, ਉਸਨੂੰ ਸਾਹ ਚੜ੍ਹਿਆ ਹੋਇਆ ਹੈ, ਉਹ ਬਹੁਤ ਘਬਰਾਈ ਹੋਈ ਹੈ।)

**ਬੇਰੰਜਰ** : ਮਿਸੇਜ਼ ਬਿਊਫ.. ਤੁਸੀਂ!

**ਡੇਜ਼ੀ** : ਗੁੱਡ-ਮਾਰਨਿੰਗ ਮਿਸੇਜ਼ ਬਿਊਫ।

**ਮਿਸੇਜ਼ ਬਿਊਫ** : ਗੁੱਡ-ਮਾਰਨਿੰਗ, ਮਿਸਟਰ ਪੈਪਿਲੋਂ। (ਸਾਰਿਆਂ ਵੱਲ) ਗੁੱਡ-ਮਾਰਨਿੰਗ।

**ਪੈਪਿਲੋਂ** : ਓ.., ਤੁਹਾਡੇ ਹਸਬੈਂਡ ਕਿੱਥੇ ਨੇ? ਕੀ ਹੋਇਆ ਉਨ੍ਹਾਂ ਨੂੰ? ਕੁਝ ਜ਼ਿਆਦਾ ਹੀ ਮੁਸ਼ਕਿਲ ਆ ਰਹੀ ਹੈ ਉਨ੍ਹਾਂ ਨੂੰ, ਦਫ਼ਤਰ ਆਉਣ 'ਚ?

**ਮਿਸੇਜ਼ ਬਿਊਫ** : (ਸਾਹ ਉੱਖੜਿਆ ਹੋਇਆ) ਪਲੀਜ਼ ਤੁਸੀਂ...ਮਾਫ਼ ਕਰ ਦਿਓ.. ਉਨ੍ਹਾਂ ਨੂੰ। ਮੇਰਾ ਮਤਲਬ.. ਮੇਰੇ ਪਤੀ.. ਉਹ ਵੀਕਐਂਡ.. 'ਤੇ ਮਾਮ-ਡੈਡ ਵੱਲ ਗਏ ਸੀ। ਉੱਥੇ ਫਲੂ..

**ਪੈਪਿਲੋਂ** : ਫਲੂ ਹੋ ਗਿਆ.. ਸੱਚਮੁੱਚ?

**ਮਿਸੇਜ਼ ਬਿਊਫ** : (ਇੱਕ ਕਾਗ਼ਜ਼ ਪੈਪਿਲੋਂ ਨੂੰ ਦਿੰਦੀ ਹੈ) ਟੈਲੀਗ੍ਰਾਮ 'ਚ ਇਹੋ ਲਿਖਿਆ ਬੁੱਧਵਾਰ ਤੱਕ ਸ਼ਾਇਦ, ਮੁੜ ਆਉਣਗੇ। (ਉਸਦਾ ਰੰਗ ਉੱਡਿਆ ਹੋਇਆ ਹੈ।) ਮੈਂ.. ਬੈਠ ਸਕਦੀ ਹਾਂ.., ਥੋੜ੍ਹਾ ਪਾਣੀ..

(ਬੇਰੰਜਰ ਆਪਣੀ ਕੁਰਸੀ ਸੈਂਟਰ ਸਟੇਜ ਵੱਲ ਘੜੀਸ ਕੇ ਲੈ ਜਾਂਦਾ ਹੈ। ਉਹ ਧੜੰਮ ਕਰਕੇ ਉਸਤੇ ਬੈਠ ਜਾਂਦੀ ਹੈ।)

**ਪੈਪਿਲੋਂ** : (ਡੇਜ਼ੀ ਨੂੰ) ਪਾਣੀ ਪਿਆਓ ਇਨ੍ਹਾਂ ਨੂੰ।

**ਡੇਜ਼ੀ** : ਜੀ, ਹੁਣੇ ਲਿਆਈ!

(ਡਯੂਡਾਰਡ ਤੇ ਪੈਪਿਲੋਂ ਗੱਲਾਂ ਕਰਦੇ ਹਨ। ਇਸ ਦੌਰਾਨ ਡੇਜ਼ੀ ਉਸਨੂੰ ਪਾਣੀ ਲਿਆ ਕੇ ਪਿਲਾਂਦੀ ਹੈ।)

**ਡਯੂਡਾਰਡ** : (ਪੈਪਿਲੋਂ ਨੂੰ) ਦਿਲ ਥੋੜ੍ਹਾ ਕਮਜ਼ੋਰ ਲੱਗਦਾ...

**ਪੈਪਿਲੋਂ** : ਪਰੇਸ਼ਾਨੀ ਤਾਂ ਹੈ, ਹੁਣ ਮਿਸਟਰ ਬਿਊਫ ਆ ਨਹੀਂ ਸਕਦੇ। ਪਰ ਤੁਹਾਨੂੰ ਏਨਾ ਪਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ।

**ਮਿਸੇਜ਼ ਬਿਊਫ** : ਨਹੀਂ.. ਓ.. ਇਹ ਗੱਲ ਨਹੀਂ.., ਅਸਲ.. 'ਚ ਘਰ ਤੋਂ ਹੀ.. ਇੱਕ

ਗੈਂਡਾ ਮੇਰੇ ਪਿੱਛੇ ਪੈ ਗਿਆ।

ਬੇਰੰਜਰ : ਕਿੰਨੇ ਸਿੰਗ ਸੀ ਉਸਦੇ ?

ਬੋਟਾਰਡ : (ਹਾਸਾ ਨਿਕਲ ਜਾਂਦਾ ਹੈ) ਕਿਉਂ ਹਸਾ ਰਹੇ ਓ!

ਡਯੂਡਾਰਡ : (ਖਿਝ ਕੇ) ਬੋਲਣ ਤਾਂ ਦਿਓ ਉਸਨੂੰ!

ਮਿਸੇਜ ਬਿਊਫ : (ਸੰਭਲਣ ਦੀ ਪੂਰੀ ਕੋਸ਼ਿਸ਼ ਕਰਦੀ ਹੈ, ਪੌੜੀਆਂ ਵੱਲ ਇਸ਼ਾਰਾ ਕਰ ਕੇ) ਉਹ ਉੱਥੇ ਹੈ, ਹੇਠਾਂ, ਗੇਟ 'ਤੇ...। ਲੱਗਦਾ... ਉੱਪਰ ਆਉਣ ਦੀ ਕੋਸ਼ਿਸ਼ ਕਰ ਰਿਹਾ ਸੀ।

(ਉਸੇ ਵੇਲੇ ਇੱਕ ਖੜਕਾ ਸੁਣਾਈ ਦਿੰਦਾ ਹੈ। ਕਿਸੇ ਦੇ ਭਾਰੀ ਪੈਰਾਂ ਹੇਠ ਪੌੜੀਆਂ ਚਰ-ਮਰਾਉਂਦੀਆਂ ਦਿਖਦੀਆ ਹਨ। ਥੱਲਿਓਂ ਗੁਸੈਲੀ ਚਿੰਘਾੜ ਸੁਣਾਈ ਪੈਂਦੀ ਹੈ। ਪੌੜੀਆਂ ਦੇ ਢੇਰੀ ਹੋ ਜਾਣ ਤੋਂ ਬਾਅਦ ਜਦੋਂ ਧੂੜ ਛੱਟਦੀ ਹੈ, ਤਾਂ ਪੌੜੀ ਦੇ ਕੁਝ ਡੰਡੇ ਹਵਾ 'ਚ ਝੂਲਦੇ ਦਿਖਦੇ ਹਨ।)

ਡੇਜ਼ੀ : ਹੇ...ਮੇਰੇ ਈਸ਼ਵਰ!

ਮਿਸੇਜ ਬਿਊਫ : ਹਓ.. ਹਓ। (ਹੱਥ ਛਾਤੀ 'ਤੇ ਧਰ ਲੈਂਦੀ ਹੈ। ਕਦੇ ਗੱਲ੍ਹਾਂ ਥਪ-ਥਪਾਉਂਦੀ ਹੈ, ਕਦੇ ਜ਼ਬਰਦਸਤੀ ਪਾਣੀ ਪੀਂਦੀ ਹੈ।)

ਬੇਰੰਜਰ : ਸ਼ਾਂਤ ਰਹੋ!

(ਪੈਪਿਲੋਂ, ਡਯੂਡਾਰਡ ਤੇ ਬੋਟਾਰਡ ਖੱਬੇ ਪਾਸੇ ਭੱਜਦੇ ਹਨ, ਧੂੜ-ਘੱਟੇ 'ਚ ਇੱਕ-ਦੂਜੇ ਨਾਲ ਵੱਜਦੇ ਦਰਵਾਜ਼ਾ ਖੋਲ੍ਹਣ ਲਈ ਭਿੜਦੇ ਹਨ। ਚਿੰਘਾੜਣ ਦੀ ਅਵਾਜ਼ ਲਗਾਤਾਰ ਆ ਰਹੀ ਹੈ।)

ਡੇਜ਼ੀ : (ਮਿਸੇਜ਼ ਬਿਊਫ ਨੂੰ) ਮਿਸੇਜ਼ ਬਿਊਫ... ਠੀਕ ਤਾਂ ਹੋ ਨਾ ਤੁਸੀਂ ?

ਪੈਪਿਲੋਂ : (ਥੱਲੇ ਇਸ਼ਾਰਾ ਕਰਕੇ) ਉਹ.. ਉਹ ਰਿਹਾ... ਓਧਰ. ਹੇਠਾਂ। ਇੱਕੋ ਹੈ।

ਬੋਟਾਰਡ : ਮੈਨੂੰ ਤਾਂ ਕੁਝ ਨੀ ਦਿਖਦਾ। ਵਹਿਮ ਹੈ।

ਡਯੂਡਾਰਡ : ਹਾਂ ..ਉਹ ਰਿਹੈ...ਸਾਹਮਣੇ. , ਇਹ ਤਾਂ ਗੋਲ-ਗੋਲ ਘੁੰਮੀ ਜਾ ਰਿਹਾ।

ਪੈਪਿਲੋਂ : ਹਾਂ, ਉਹ ਤਾਂ ਦਿਖਦਾ ਪਿਆ...ਇੱਕੋ ਥਾਏਂ ਗੇੜੇ ਮਾਰੀ ਜਾ ਰਿਹਾ।

ਡਯੂਡਾਰਡ : ਸ਼ੁਕਰ ਐ ਉੱਪਰ ਨਹੀਂ ਆ ਸਕਦਾ, ਪੌੜੀਆਂ ਹੈ ਨਹੀਂ।

ਬੋਟਾਰਡ : ਕਮਾਲ ਦੀ ਗੱਲ ਹੈ। ਮਤਲਬ ਕੀ ਹੈ ?

ਡਯੂਡਾਰਡ : (ਪਿੱਛੇ ਮੁੜ ਕੇ) ਆ ਕੇ ਦੇਖ ਲੈ ਨਾ। (ਬੇਰੰਜਰ ਨੂੰ) ਦੇਖ ਲੈ ਗੈਂਡਾ .. ਆਪਣਾ

ਬੇਰੰਜਰ : ਆ ਰਿਹਾਂ।

(ਬੇਰੰਜਰ ਉਨ੍ਹਾਂ ਵੱਲ ਜਾਂਦਾ ਹੈ, ਉਸਦੇ ਪਿੱਛੇ ਹੀ ਡੇਜ਼ੀ ਹੈ, ਜਿਹੜੀ ਮਿਸਜ਼ ਬਿਊਫ ਨੂੰ ਛੱਡ ਜਾਂਦੀ ਹੈ।)

ਪੈਪਿਲੋਂ : (ਬੇਰੰਜਰ ਨੂੰ) ਤੂੰ ਮਾਹਿਰ ਹੈਂ ਗੈਂਡਿਆਂ ਦਾ..., ਧਿਆਨ ਨਾਲ ਦੇਖ।

ਬੇਰੰਜਰ : ਮੈਂ ਕੋਈ ਮਾਹਿਰ ਨਹੀਂ ਹਾਂ...

**ਡੇਜ਼ੀ** ਦੇਖੋ ਕਿਵੇਂ ਇੱਕੋ ਜਗ੍ਹਾ ਘੁੰਮੀ ਜਾ ਰਿਹਾ...। ਲੱਗਦਾ ਹੈ ਕੋਈ ਦਰਦ ਹੈ ਉਸਨੂੰ, ਕੀ ਹੋ ਸਕਦਾ?

**ਡਯੂਡਾਰਡ** ਲੱਗਦਾ ਹੈ ਕਿਸੇ ਨੂੰ ਲੱਭ ਰਿਹਾ..। (ਬੋਟਾਰਡ ਨੂੰ) ਦਿਖਿਆ ਕਿ ਨਹੀਂ?

**ਬੋਟਾਰਡ** (ਢਿੱਲਾ ਪੈਂਦਾ ਹੈ) ਹਾਂ....ਦਿਖ ਤਾਂ... ਰਿਹਾ।

**ਡੇਜ਼ੀ** (ਪੈਪਿਲੋਂ ਨੂੰ) ਸ਼ਾਇਦ ਸਾਨੂੰ ਸਾਰਿਆਂ ਨੂੰ ਪ੍ਰੇਤ ਨਜ਼ਰ ਆ ਰਹੇ। ਤੁਹਾਨੂੰ ਵੀ।

**ਬੋਟਾਰਡ** ਮੈਨੂੰ ਕਦੇ ਨੀ ਆਉਂਦੇ। ਕੁਝ ਹੈ ਤਾਂ ਸਹੀ ਉੱਥੇ।

**ਡਯੂਡਾਰਡ** ਕੁਝ ਤੋਂ, ਕੀ ਮਤਲਬ?

**ਪੈਪਿਲੋਂ** ਸ਼ਰੇਆਮ ਗੈਂਡਾ ਏ।(ਬੇਰੰਜਰ ਨੂੰ) ਇਸੇ ਨੂੰ ਦੇਖਿਆ ਸੀ ਤੁਸੀਂ ਪਹਿਲਾਂ ਵੀ...ਜਾਂ ਕੋਈ ਹੋਰ ਸੀ। (ਡੇਜ਼ੀ ਨੂੰ) ਤੁਸੀ ਦੇਖੋ ਜ਼ਰਾ

**ਡੇਜ਼ੀ** ਪੱਕਾ ਉਹੀ ਹੈ।

**ਬੇਰੰਜਰ** ਦੋ ਸਿੰਗ ਨੇ ਇਸਦੇ। ਅਫ਼ਰੀਕਾ ਦਾ ਗੈਂਡਾ ਹੈ ਜਾਂ ਫੇਰ ਸ਼ਾਇਦ ਏਸ਼ਿਆਈ। ਉਫ਼! ਪਤਾ ਨਹੀਂ ਕਿਸਦੇ ਦੋ ਸਿੰਗ ਹੁੰਦੇ ਨੇ... ਕਿਸਦਾ ਇੱਕ .., ਅਫ਼ਰੀਕਾ ਵਾਲੇ ਦੇ ਜਾਂ ਏਸ਼ਿਆਈ ਦੇ

**ਪੈਪਿਲੋਂ** ਪੌੜੀਆਂ ਢਾਹ ਤੀਆਂ, ਇੱਕ ਗੱਲ ਤਾਂ ਚੰਗਾ ਹੀ ਹੋਇਆ। ਕਦੋਂ ਦਾ ਮੈਨੇਜਮੈਂਟ ਦੇ ਤਰਲੇ ਕੱਢ ਰਿਹਾ ਸੀ, ਭਈ ਬਦਲ ਦਿਓ . ਘੁਣ ਨੇ ਖਾ ਲਈਆਂ .. ਪੱਥਰ ਦੀਆਂ ਬਣਵਾ ਦਿਓ

**ਡਯੂਡਾਰਡ** ਹਾਂ, ਹਾਲੇ ਪਿਛਲੇ ਹਫਤੇ ਈ ਤਾਂ ਮੈਂ ਰਿਪੋਰਟ ਭੇਜੀ ਹੈ।

**ਪੈਪਿਲੋਂ** ਇਹ ਤਾ ਹੋਣਾ ਈ ਸੀ, ਪਤਾ ਸੀ ਮੈਨੂੰ, ਦਿਖ ਰਿਹਾ ਸੀ ਆਉਂਦਾ, ਤੇ ਮੈਂ ਸਹੀ ਸੀ.

**ਡੇਜ਼ੀ** (ਵਿਅੰਗ 'ਚ) ਹਮੇਸ਼ਾ ਵਾਂਗ।

**ਬੇਰੰਜਰ** ਹੁਣ ਪਤਾ ਨਹੀਂ, ਦੋ ਸਿੰਗ ਵਾਲਾ ਅਫਰੀਕਨ ਹੁੰਦਾ ਹੈ ਜਾਂ ਏਸ਼ਿਆਈ? ਕੀ ਅਫ਼ਰੀਕੀ ਗੈਂਡੇ ਦਾ ਇੱਕ ਸਿੰਗ ਨੀ ਹੁੰਦਾ...ਜਾਂ ਏਸ਼ਿਆਈ ਦਾ ਇੱਕ ਹੁੰਦਾ...?

**ਡੇਜ਼ੀ** ਵਿਚਾਰਾ, ਕਿਵੇਂ ਘੁੰਮੀ ਜਾ ਰਿਹੈ... ਲਗਾਤਾਰ... ਗਲ਼ਾ ਫਾੜ ਰਿਹਾ। ਚਾਹੁੰਦਾ ਕੀ ਹੈ? ਓ.. ਉਹ ਤਾਂ ਸਾਡੇ ਵੱਲ ਦੇਖ ਰਿਹਾ! (ਗੈਂਡੇ ਨੂੰ ਪੁਚਕਾਰਦੀ ਹੈ) ਪੂ.. ਪੂ . ਪੂ।

**ਡਯੂਡਾਰਡ** ਮੈਂ ਤਾਂ ਇਹਦੇ ਨਾਲ ਪੰਗਾ ਨਹੀਂ ਲੈਂਦਾ, ਮੁੜ... ਸਾਂਭਣਾ ਔਖਾ ਹੋ ਜਾਣੈ।

**ਪੈਪਿਲੋਂ** ਹਾਲੇ ਤਾਂ ਦੂਰ ਹੈ ਪਹੁੰਚ ਤੋਂ . .

(ਗੈਂਡਾ ਬੁਰੀ ਤਰ੍ਹਾਂ ਚਿੰਘਾੜਦਾ ਹੈ।)

**ਡੇਜ਼ੀ** ਵਿਚਾਰਾ

**ਬੇਰੰਜਰ** (ਬੋਟਾਰਡ ਨੂੰ) ਤੁਸੀਂ ਇੰਨਾ ਕੁਝ ਜਾਣਦੇ ਹੋ, ਤੁਹਾਨੂੰ ਨਹੀਂ ਲੱਗਦਾ

ਕਿ ਦੋ ਸਿੰਗਾਂ ਵਾਲਾ...

ਪੈਪਿਲੋਂ — ਬੇਰੇਂਜਰ. ., ਤੂੰ ਕੀ ਫ਼ਾਲਤੂ ਦੀ ਬਕਵਾਸ ਮਾਰੀ ਜਾ ਰਿਹਾਂ ? ਹਾਲੇ ਖ਼ੁਮਾਰੀ ਉੱਤਰੀ ਨਹੀਂ, ਸਹੀ ਕਹਿੰਦਾ ਸੀ ਬੋਟਾਰਡ।

ਬਟਾਰਡ — ਕਿਵੇਂ. ਮੁਮਕਿਨ ਕਿਵੇਂ ਹੈ... ਇੱਕ ਸੱਭਿਅਕ ਸਮਾਜ ਅੰਦਰ . ?

ਡੇਜ਼ੀ — (ਬੋਟਾਰਡ ਨੂੰ) ਹਾਂ ਉਹ ਠੀਕ ਹੈ। ਪਰ ਇਹ ਹੈ ਜਾ ਮੰਨਦੇ ਨਹੀਂ ਹਾਲੇ ਵੀ ?

ਬੋਟਾਰਡ — ਕੋਈ ਡੂੰਘੀ ਸਾਜਿਸ ਹੈ! ( ਕਿਸੇ ਸਿਆਸਤਦਾਨ ਵਾਂਗ ਸੋਚਦਾ ਹੋਇਆ ਡਯੂਡਾਰਡ ਵੱਲ ਇਸ਼ਾਰਾ ਕਰਦਾ ਹੈ।) ਸਭ ਤੁਹਾਡੀ ਗ਼ਲਤੀ ਹੈ।

ਡਯੂਡਾਰਡ — ਕਿਉਂ.. ਮੇਰੀ ਕਿਉਂ, ਤੁਹਾਡੀ ਕਿਉਂ ਨਹੀਂ ?

ਬੋਟਾਰਡ — (ਗੁੱਸੇ 'ਚ) ਮੇਰੀ ? ਹਾ, ਦੋਸ਼ ਤਾਂ ਹਮੇਸ਼ਾਂ ਹੇਠਲੇ ਤਬਕੇ 'ਤੇ ਹੀ ਆਉਂਦਾ। ਜੇ ਮੈਨੂੰ ਮੌਕਾ ਮਿਲਦਾ...

ਪੈਪਿਲੋਂ — ਪੌੜੀਆਂ ਤੋਂ ਬਿਨਾ ਤਾਂ ਬੜੀ ਮੁਸੀਬਤ ਹੈ।

ਡੇਜ਼ੀ — (ਦੋਹਾਂ ਨੂੰ) ਸ਼ਾਂਤ ਹੋ ਜਾਓ, ਇਹ ਕੋਈ ਝਗੜਣ ਦਾ ਵੇਲਾ!

ਪੈਪਿਲੋਂ — ਸਾਰੀ ਗ਼ਲਤੀ ਮੈਨਜਮੈਂਟ ਦੀ ਹੈ।

ਡੇਜ਼ੀ — ਹੋ ਸਕਦਾ, ਪਰ ਹੁਣ ਹੇਠਾਂ ਕਿਵੇਂ ਜਾਵਾਂਗੇ ?

ਪੈਪਿਲੋਂ — (ਮਜ਼ਾਕ ਮਜ਼ਾਕ 'ਚ ਉਸਦੀਆਂ ਗੱਲ੍ਹਾਂ ਨੂੰ ਥਾਪੜਦਾ ਹੋਇਆ ਸਵਾਦ ਲੈਂਦਾ ਹੈ) ਤੁਹਾਨੂੰ ਤਾਂ ਕੁੱਛੜ ਚੱਕ ਲਾਂਗਾ ਮੈਂ, ਤੇ ਫੇਰ ਆਪਾ ਦੋਹੇਂ ਹਵਾ 'ਚ ਤੈਰਦੇ ਹੋਏ ਜਾਵਾਂਗੇ।

ਡੇਜ਼ੀ — (ਝਾੜਦੀ ਹਈ) ਪਰਾਂ ਕਰੋ ਆਪਣਾ ਕੰਡਿਆ ਵਾਲਾ ਹੱਥ, ਮੋਟੀ ਚਮੜੀ ਵਾਲਾ ਖ਼ੁਸੜ।

ਪੈਪਿਲੋਂ — ਮਜ਼ਾਕ ਕਰ ਰਿਹਾ ਸੀ!

(ਗੈਂਡਾ ਸਾਰਾ ਸਮਾ ਚਿੰਘਾੜਦਾ ਰਹਿੰਦਾ ਹੈ। ਮਿਸੇਜ਼ ਬਿਊਫ਼ ਉੱਠ ਕੇ ਉਨ੍ਹਾ ਕਲ ਆ ਜਾਂਦੀ ਹੈ। ਥੋੜ੍ਹੀ ਦੇਰ ਉਹ ਅੱਖਾਂ ਗੱਡ ਕੇ ਹੇਠਾਂ ਚੱਕਰ ਕੱਢਦੇ ਹੋਏ ਗੈਂਡੇ ਵੱਲ ਦੇਖਦੀ ਹੈ ਤੇ ਫੇਰ ਉਸਦੀ ਚੀਖ਼ ਨਿਕਲ ਜਾਂਦੀ ਹੈ।)

ਮਿਸੇਜ਼ ਬਿਊਫ਼ : — ਓ ਮੇਰੇ ਪਰਮਾਤਮਾ! ਇਹ ਨਹੀਂ ਹੋ ਸਕਦਾ।

ਬੇਰੇਂਜਰ — ਕੀ ਹੋਇਆ ?

ਮਿਸੇਜ਼ — ਇਹ ਤਾਂ ਬਿਊਫ਼.... ਏ, ਮੇਰੇ ਪਤੀ। ਓ ਮੇਰਾ ਵਿਚਾਰਾ ਬਿਊਫ਼, ਕੀ ਹੋਇਆ ਤੈਨੂੰ !

ਡੇਜ਼ੀ — ਕੀ...? ਠੀਕ ਤਾਂ ਓ ਤੁਸੀਂ ?

ਮਿਸੇਜ਼ ਬਿਊਫ਼ — ਮੈਂ ਪਛਾਣ ਲਿਆ, ਪਛਾਣ ਲਿਆ ਮੈਂ ਉਸਨੂੰ!

(ਗੈਂਡਾ ਜ਼ੋਰਦਾਰ ਪਰ ਨਰਮ ਸੁਰ 'ਚ ਚਿੰਘਾੜ ਕੇ ਜਵਾਬ ਦਿੰਦਾ ਹੈ।)

ਪੈਪਿਲੋਂ — ਚਲੋ। ਇਸੇ ਦੀ ਕਸਰ ਸੀ ਬਸ। ਇਹ ਤਾਂ ਕੱਢਣਾ ਦਾ ਵਧੀਆ ਮੌਕਾ

ਹੈ।

ਡਯੂਡਾਰਡ — ਇੰਸ਼ਿਓਰੈਂਸ ਹੈਗੀ ਉਸਦੀ?

ਬੋਸਟਾਰਡ — (ਸਾਈਡ 'ਤੇ) ਹੁਣ ਸਮਝ 'ਚ ਆਈ... ਸਾਰੀ ਗੱਲ

ਡੇਜ਼ੀ — ਇਹੋ ਜਿਹ ਕੰਸ 'ਚ ਇੰਸ਼ਿਓਰੈਂਸ ਕਿਵੇਂ ਹੋ ਸਕਦੀ ਹੈ?

ਮਿਸੇਜ਼ ਬਿਊਫ਼ — (ਬੇਹੋਸ਼ ਹੋ ਕੇ ਬੇਰੰਜਰ ਉੱਤੇ ਡਿੱਗਦੀ ਹੈ।) ਓ ਮੇਰੇ ਪਰਮਾਤਮਾ!

ਬੇਰੰਜਰ — ਓਫ਼!

ਡੇਜ਼ੀ — ਇੱਧਰ ਲਿਆਓ.. ਇੱਧਰ!

(ਡਯੂਡਾਰਡ ਤੇ ਡੇਜ਼ੀ ਦੀ ਮਦਦ ਨਾਲ ਬੇਰੰਜਰ ਉਸਨੂੰ ਕੁਰਸੀ 'ਤੇ ਬਿਠਾਉਂਦਾ ਹੈ।)

ਡਯੂਡਾਰਡ — ਇਉਂ ਹੌਸਲਾ ਨਾ ਛੱਡੋ, ਮਿਸੇਜ਼ ਬਿਊਫ਼।

ਮਿਸੇਜ਼ ਬਿਊਫ਼ — ਆਹ! ਓਹ!

ਡੇਜ਼ੀ — ਆਸ ਨਾ ਛੱਡੋ... ਸਭ ਠੀਕ ਹੋ ਜਾਂਦਾ।

ਪੈਪਿਲੋਂ — (ਡਯੂਡਾਰਡ ਨੂੰ) ਕਾਨੂੰਨੀ ਤੌਰ 'ਤੇ, ਕੀ ਹੋ ਸਕਦਾ...?

ਡਯੂਡਾਰਡ — ਕਿਸੇ ਵੱਡੇ ਵਕੀਲ ਦੀ ਸਲਾਹ ਲੈਣੀ ਪਵੇਗੀ ਤੁਹਾਨੂੰ।

ਬੋਟਾਰਡ — (ਪਿੱਛੇ ਪਿੱਛੇ ਆਉਂਦਾ ਹੈ, ਆਸਮਾਨ ਵੱਲ ਹੱਥ ਚੁੱਕ ਕੇ) ਨਿਰਾ ਪਾਗਲਪਣ ਹੈ ਇਹ! ਕਿਹ ਜਿਹਾ ਸਮਾਜ ਹੈ!

(ਮਿਸੇਜ਼ ਬਿਊਫ਼ ਦੇ ਦੁਆਲੇ ਜੁੜੇ ਲੋਕ ਉਸਨੂੰ ਹੋਸ਼ 'ਚ ਲਿਆਉਣ ਦੀ ਕੋਸ਼ਿਸ਼ ਕਰਦੇ ਹਨ; ਗੱਲ੍ਹਾਂ ਥਾਪੜਦੇ ਹਨ, ਅੱਖਾਂ ਖੋਲ੍ਹਦੇ ਹਨ, ਉਹ ਹੌਕਾ ਭਰ ਕੇ ਮੂੰਹ ਬੰਦ ਕਰ ਲੈਂਦੀ ਹੈ। ਇਸੇ ਦੌਰਾਨ ਬੋਟਾਰਡ ਬੋਲਦਾ ਰਹਿੰਦਾ ਹੈ।)

ਬੋਟਾਰਡ — ਇੱਕ ਗੱਲ ਤਾਂ ਪੱਕੀ; ਮੈਂ ਯੂਨੀਅਨ 'ਚ ਰਿਪੋਰਟ ਕਰਾਂਗਾ। ਮੁਸੀਬਤ ਦੀ ਇਸ ਘੜੀ 'ਚ ਮੈਂ ਆਪਣੇ ਸਾਥੀ ਦਾ ਸਾਥ ਨਹੀਂ ਛੱਡਾਂਗਾ। ਗੱਲ ਦੱਬੀ ਨਹੀਂ ਰਹਿਣੀ ਚਾਹੀਦੀ।

ਮਿਸੇਜ਼ ਬਿਊਫ਼ — (ਹੋਸ਼ 'ਚ ਆਉਂਦੀ) ਓ ..ਮੇਰੇ ਪਿਆਰੇ, ਮੈਂ ਉਹਨੂੰ ਇਸ ਹਾਲਤ 'ਚ ਨਹੀਂ ਛੱਡ ਸਕਦੀ। ਓ... ਵਿਚਾਰਾ ..ਮੈਨੂੰ ਬੁਲਾ ਰਿਹਾ.. (ਚਿੰਘਾੜਣ ਦੀ ਅਵਾਜ਼ ਆਉਂਦੀ ਹੈ।) ਬੁਲਾ ਰਿਹਾ ਮੈਨੂੰ...।

ਡੇਜ਼ੀ — ਮਿਸੇਜ਼ ਬਿਊਫ਼.. ਠੀਕ ਹੋ ਹੁਣ ਤੁਸੀਂ...?

ਡਯੂਡਾਰਡ — ਥੋੜ੍ਹਾ ਠੀਕ ਲੱਗ ਰਹੇ ਨੇ ਹੁਣ।

ਬੋਟਾਰਡ — (ਮਿਸੇਜ਼ ਬਿਊਫ਼ ਨੂੰ) ਤੁਸੀਂ ਯੂਨੀਅਨ 'ਤੇ ਭਰੋਸਾ ਕਰ ਸਕਦੇ ਹੋ। ਤੁਸੀਂ ਮੈਂਬਰ ਬਣਨਾ ਚਾਹੋਗੇ?

ਪੈਪਿਲੋਂ — ਸਾਰਾ ਕੰਮ ਵਿੱਚ ਈ ਰਹਿ ਗਿਆ। ਮਿਸ ਡੇਜ਼ੀ, ਡਾਕ ਦਾ ਕੀ ਬਣਿਆ?

ਡੇਜ਼ੀ — ਪਹਿਲੋਂ ਤੁਸੀਂ ਇਹ ਦੱਸੋ ਕਿ ਅਸੀਂ ਇੱਥੋਂ ਨਿਕਲਾਂਗੇ ਕਿਵੇਂ।

ਪੈਪਿਲੋਂ — ਮਸਲਾ ਤਾਂ ਹੈ। ਖਿੜਕੀ ਰਾਹੀਂ ।

(ਉਹ ਸਾਰੇ ਖਿੜਕੀ ਵੱਲ ਜਾਂਦੇ ਹਨ। ਸਿਰਫ਼ ਮਿਸੇਜ਼ ਬਿਊਫ਼ ਕੁਰਸੀ 'ਤੇ ਬੈਠੀ ਰਹਿ ਜਾਂਦੀ ਹੈ ਤੇ ਬੋਟਾਰਡ, ਜੋ ਸੈਂਟਰ ਸਟੇਜ 'ਤੇ ਖੜ੍ਹਾ ਹੈ।)

ਬੋਟਾਰਡ　ਮੈਨੂੰ ਪਤਾ ਇਸਦੀ ਜੜ੍ਹ ਕਿੱਥੇ ਹੈ।

ਡੇਜ਼ੀ　(ਖਿੜਕੀ ਕੋਲੋਂ) ਇਹ ਤਾਂ ਬਹੁਤ ਉੱਚੀ ਹੈ।

ਬੇਰੰਜਰ　ਸਾਨੂੰ ਫਾਇਰਬ੍ਰਿਗੇਡ ਵਾਲਿਆਂ ਨੂੰ ਫੋਨ ਕਰਨਾ ਚਾਹੀਦਾ ਹੈ, ਉਹ ਆਪੇ ਪੌੜੀ ਲੈ ਕੇ ਆਉਣਗੇ।

ਪੈਪਿਲੋਂ　ਮਿਸ ਡੇਜ਼ੀ, ਤੁਸੀਂ ਮੇਰੇ ਆਫਿਸ 'ਚੋਂ ਫਾਇਰਬ੍ਰਿਗੇਡ ਨੂੰ ਫੋਨ ਕਰੋ। (ਉਹ ਉਸਨੂੰ ਪਿੱਛੇ ਆਉਣ ਦਾ ਇਸ਼ਾਰਾ ਕਰਦਾ ਹੈ।)

(ਡੇਜ਼ੀ ਅਪ-ਸਟੇਜ ਵੱਲ ਜਾਂਦੀ ਹੈ ਤੇ ਟੈਲੀਫੋਨ 'ਤੇ ਗੱਲ ਕਰਨ ਦੀ ਉਸਦੀ ਆਵਾਜ਼ ਸੁਣਾਈ ਪੈਂਦੀ ਹੈ: 'ਹੈਲੋ ਹੈਲੋ.. ਫਾਇਰਬ੍ਰਿਗੇਡ ਦਾ ਆਫ਼ਿਸ ਹੈ? ਫੋਨ 'ਤੇ ਹੁੰਦੀ ਵਾਰਤਾ ਦੀ ਅਵਾਜ਼ ਆਉਂਦੀ ਰਹਿੰਦੀ ਹੈ।)

ਮਿਸੇਜ਼ ਬਿਊਫ਼ :　(ਅਚਾਨਕ ਉੱਠ ਖੜ੍ਹੀ ਹੁੰਦੀ ਹੈ) ਮੈਂ ਉਸਨੂੰ ਨਹੀਂ ਛੱਡ ਸਕਦੀ। ਨਹੀਂ ਛੱਡ ਸਕਦੀ.. ।

ਪੈਪਿਲੋਂ　ਜੇ ਤੁਸੀਂ ਤਲਾਕ ਲੈਣਾ ਚਾਹੋਂ.. ਤਾਂ ਤੁਹਾਡਾ ਕੇਸ ਬਿਲਕੁਲ ਵਾਜਿਬ ਹੈ।

ਡਯੂਡਾਰਡ　ਨੁਕਸਾਨ ਤਾਂ ਤੁਹਾਡਾ ਈ ਹੋਇਆ।

ਮਿਸੇਜ ਬਿਊਫ਼ :　ਨਹੀਂ। ਇਹ ਸਮਾ ਨਹੀਂ.. ਅਜਿਹੀਆਂ ਗੱਲਾਂ ਦਾ। ਮੈਂ ਆਪਣੇ ਪਤੀ ਨੂੰ ਏਸ ਹਾਲਤ 'ਚ ਨਹੀਂ ਛੱਡ ਸਕਦੀ।

ਬੋਟਾਰਡ　ਤੁਸੀਂ ਬਹੁਤ ਨੇਕ ਔਰਤ ਹੋ।

ਡਯੂਡਾਰਡ　(ਮਿਸੇਜ਼ ਬਿਊਫ਼ ਨੂੰ) ਪਰ ਤੁਸੀਂ ਕਰੋਗੇ ਕੀ?

(ਉਹ ਬਾਹਰ ਵੱਲ ਨੂੰ ਦੌੜਦੀ ਹੈ।)

ਬੇਰੰਜਰ　ਵੇਖ ਕੇ!

ਮਿਜ਼ੇਜ਼ ਬਿਊਫ਼ :　ਮੈਂ ਉਹਨੂੰ ਨਹੀਂ ਛੱਡ ਸਕਦੀ, ਇਸ ਹਾਲਤ 'ਚ ਤਾਂ ਉੱਕਾ ਈ ਨਹੀਂ!

ਡਯੂਡਾਰਡ　ਫੜੋ ਉਹਨੂੰ!

ਮਿਸੇਜ਼ ਬਿਊਫ਼　ਘਰ ਲੈ ਕੇ ਜਾਵਾਂਗੀ ਉਸਨੂੰ!

ਪੈਪਿਲੋਂ　ਉਹ ਕਰ ਕੀ ਰਹੀ ਹੈ?

ਮਿਸੇਜ ਬਿਊਫ਼ :　(ਛਾਲ ਮਾਰਨ ਲੱਗਦੀ ਹੈ) ਮੈਂ ਆ ਰਹੀ ਹਾਂ, ਆ ਰਹੀ ਹਾਂ. ਮੇਰੇ ਪਿਆਰੇ।

ਬੇਰੰਜਰ　ਛਾਲ ਮਾਰਨ ਲੱਗੀ..

ਬੋਟਾਰਡ　ਫਰਜ਼ ਨਿਭਾ ਰਹੀ ਏ ਆਪਣਾ...

ਡਯੂਡਾਰਡ　ਏਦਾਂ ਨਹੀਂ ਕਰ ਸਕਦੀ ਉਹ ..

(ਡੇਜ਼ੀ ਨੂੰ ਛੱਡ ਕੇ, ਜੋ ਹਾਲੇ ਵੀ ਫੋਨ ਕਰ ਰਹੀ ਹੈ, ਬਾਕੀ ਸਾਰੇ ਉਸ ਵੱਲ ਜਾਂਦੇ ਹਨ। ਉਹ ਛਾਲ ਮਾਰ ਦਿੰਦੀ ਹੈ। ਬੇਰੰਜਰ, ਜੋ ਉਸਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ, ਦੇ ਹੱਥ 'ਚ ਸਕਰਟ ਰਹਿ ਜਾਂਦੀ ਹੈ।)

**ਬੇਰੰਜਰ** ਫੜ ਨਹੀਂ ਹੋਇਆ ਮੈਥੋਂ।

(ਥੱਲਿਓਂ ਗੈਂਡੇ ਦੀ ਅਵਾਜ਼ ਆਉਂਦੀ ਹੈ, ਅਵਾਜ਼ 'ਚ ਨਰਮੀ ਹੈ।)

**ਮਿਸੇਜ਼ ਬਿਊਫ ਦੀ ਅਵਾਜ਼** ਮੈਂ ਆ ਗਈ... ਮੇਰੇ ਪਿਆਰੇ.. ਆ ਗਈ ਮੈਂ

**ਡਯੂਡਾਰਡ** ਉਹ ਤਾਂ ਸਿੱਧੀ ਉਸਦੀ ਪਿੱਠ 'ਤੇ ਸਵਾਰ ਹੋ ਗਈ।

**ਬੋਟਾਰਡ** ਕਮਾਲ ਦੀ ਸਵਾਰ ਹੈ।

**ਮਿਸੇਜ ਬਿਊਫ** ਘਰ ਚੱਲ ਮੇਰੇ ਪਿਆਰੇ! ਚੱਲ... ਘਰ ਚੱਲੀਏ।

**ਡਯੂਡਾਰਡ** ਦੜੰਗੇ ਮਾਰਦੇ ਜਾ ਰਹੇ ਉਹ।

(ਸਾਰੇ ਖਿੜਕੀ 'ਚੋਂ ਦੀ ਦੇਖਦੇ ਹਨ।)

**ਬੇਰੰਜਰ** ਬਹੁਤ ਤੇਜ਼ ਜਾ ਰਹੇ ਨੇ।

**ਡਯੂਡਾਰਡ** (ਪੈਪਿਲੋਂ ਨੂੰ) ਸਵਾਰੀ ਕੀਤੀ ਕਦੇ ?

**ਪੈਪਿਲੋਂ** ਥੋੜ੍ਹੀ ਜਿਹੀ . ਬਹੁਤ ਸਮਾਂ ਹੋਇਆ। (ਔਂਪ-ਸਟੇਜ ਵੱਲ ਦੇਖਦੇ ਹੋਏ, ਡਯੂਡਾਰਡ ਨੂੰ) ਹਾਲੇ ਤਾਈਂ ਫੋਨ 'ਤੇ ਈ ਐ ..?

**ਬੇਰੰਜਰ** (ਉਸੇ ਪਾਸੇ ਦੇਖ ਰਿਹਾ ਹੈ) ਬਹੁਤ ਦੂਰ ਨਿਕਲ ਗਏ ਉਹ। ਦਿਖਣੋਂ ਹਟ ਗਏ।

**ਡੇਜ਼ੀ** (ਮੰਚ 'ਤੇ ਆਉਂਦੀ ਹੈ) ਫਾਇਰਬ੍ਰਿਗੇਡ 'ਚ ਕੋਈ ਨਹੀਂ ਸੁਣਦਾ, ਵਿਹਲ ਹੀ ਨਹੀਂ ਕਿਸੇ ਕੋਲ!

**ਪੈਪਿਲੋਂ** ਮਤਲਬ ਸਾਰੇ ਸ਼ਹਿਰ 'ਚ ਅੱਗ ਲੱਗ ਗਈ ਫੇਰ ?

**ਬੇਰੰਜਰ** ਤੁਸੀਂ ਸਹੀ ਹੋ ਮਿਸਟਰ ਬੋਟਾਰਡ। ਮਿਸੇਜ਼ ਬਿਊਫ . ਕਮਾਲ ਦੀ ਔਰਤ ਏ. ਜਜ਼ਬਾਤੀ.., ਭਾਵੁਕ ਕਰ ਦਿਤਾ. .

**ਪੈਪਿਲੋਂ** ਯਾਨੀ ਇੱਕ ਕਰਮਚਾਰੀ ਗਿਆ, ਕੌਣ ਆਏਗਾ ਉਹਦੀ ਥਾਂ .

**ਬੇਰੰਜਰ** ਕੀ ਤੁਹਾਨੂੰ ਸੱਚੀਂ ਲਗਦੈ ਕਿ ਉਹ. ਕਿਸੇ ਕੰਮ ਦਾ ਨੀ ਹੁਣ ?

**ਡੇਜ਼ੀ** ਨਹੀ, ਅੱਗ ਨਹੀਂ ਲੱਗੀ ਕਿਤੇ. ਪਰ ਸਾਰੇ ਗਏ ਹੋਏ ਨੇ .. ਦੂਜੇ ਗੈਂਡਿਆਂ

**ਬੇਰੰਜਰ** ਦੂਜੇ ਗੈਂਡੇ ?

**ਡੇਜ਼ੀ** ਜੀ, ਦੂਜੇ ਗੈਂਡੇ। ਸਾਰੇ ਸ਼ਹਿਰ 'ਚੋਂ ਉਨ੍ਹਾ ਦੀਆਂ ਖ਼ਬਰਾਂ ਆ ਰਹੀਆਂ। ਸਵੇਰ ਵੇਲੇ ਸੱਤ ਸਨ, ਹੁਣ ਸਤਾਰਾਂ ਹੋ ਗਏ।

**ਬੋਟਾਰਡ** ਮੈਂ ਕੀ ਕਿਹਾ ਸੀ ਤੁਹਾਨੂੰ ?

**ਡੇਜ਼ੀ** ਕੁਝ ਲੋਕ ਤਾਂ ਬੱਤੀ ਕਹਿੰਦੇ ਨੇ। ਪਰ ਹਾਲ ਇਹ ਆਫ਼ਿਸ਼ੀਅਲ ਨਹੀਂ, ਪਰ ਛੇਤੀ ਹੀ ਪੱਕਾ ਹੋ ਜਾਏਗਾ।

**ਬੋਟਾਰਡ** (ਅਨਿਸ਼ਚਿਤ) ਡੂ..! ਹਮੇਸ਼ਾ ਵਧਾ-ਚੜ੍ਹਾ ਕੇ ਦੱਸਣਗੇ।

ਪੈਪਿਲੋਂ ਸਾਨੂੰ ਇੱਥੋਂ ਕੱਢਣ ਲਈ ਆ ਰਹੇ ਨੇ ਕਿ ਨਹੀਂ ?

ਬੇਰੰਜਰ ਮੈਨੂੰ ਤਾਂ ਭੁੱਖ ਲੱਗ ਗਈ...!

ਡੇਜ਼ੀ ਆ ਰਹੇ ਨੇ; ਉਨ੍ਹਾਂ ਦੇ ਕਰਮਚਾਰੀ ਨਿਕਲੇ ਹੋਏ ਨੇ।

ਪੈਪਿਲੋਂ ਕੰਮ ਦਾ ਕੀ ਕਰਨਾ ?

ਡਯੂਡਾਰਡ ਲਗਦੈ ਗੱਲ ਹੱਥੋਂ ਨਿਕਲ ਗਈ

ਪੈਪਿਲੋਂ ਇੰਨਾ ਸਮਾ ਜਿਹੜਾ ਬਰਬਾਦ ਹੋਇਆ... ਭਰਪਾਈ ਤਾਂ ਕਰਨੀ ਪਊ।

ਡਯੂਡਾਰਡ ਹਾਂ ਜੀ, (ਬੋਟਾਰਡ ਨੂੰ) ਕੀ ਤੁਹਾਨੂੰ ਹਾਲੇ ਵੀ ਇਨਕਾਰ ਏ ਇਨ੍ਹਾਂ ਗੈਂਡਿਆਂ ਤੋਂ... ?

ਬੋਟਾਰਡ ਸਾਡੀ ਯੂਨੀਅਨ ਇਸ ਤਰ੍ਹਾਂ ਮਿਸਟਰ ਬਿਊਫ ਨੂੰ ਬਿਨਾ ਨੋਟਿਸ ਤੋਂ ਕੱਢਣ ਦੇ ਖ਼ਿਲਾਫ਼ ਹੈ।

ਪੈਪਿਲੋਂ ਇਹ ਮੇਰੇ ਹੱਥ 'ਚ ਥੋੜ੍ਹੇ ਹੈ; ਅਸੀ ਦੇਖਾਂਗੇ ਇਨਕੁਆਰੀ ਦੇ ਜੋ ਵੀ ਨਤੀਜੇ ਨਿਕਲਦੇ।

ਬੋਟਾਰਡ (ਡਯੂਡਾਰਡ ਨੂੰ) : ਨਹੀਂ ਮਿਸਟਰ ਡਯੂਡਾਰਡ, ਮੈਨੂੰ ਗੈਂਡਿਆਂ ਦੇ ਹੋਣ ਤੋਂ ਉੱਕਾ ਹੀ ਇਨਕਾਰ ਨਹੀਂ, ਕਦੇ ਵੀ ਨਹੀਂ ਸੀ।

ਡਯੂਡਾਰਡ ਸੱਚਾਈ ਤਾਂ ਇਹ ਨਹੀਂ।

ਡੇਜ਼ੀ ਓਹ ਨੋ, ਇਹ ਤਾਂ ਸਰਾਸਰ ਝੂਠ ਹੈ।

ਬੋਟਾਰਡ ਮੈਂ ਸੱਚਮੁੱਚ ਕਦੇ ਇਨਕਾਰ ਨਹੀਂ ਕੀਤਾ। ਮੈਂ ਤਾਂ ਬਸ ਇਹ ਪੱਕਾ ਕਰਨਾ ਚਾਹੁੰਦਾ ਸੀ ਕਿ ਇਹ ਸਾਰੀ ਗੱਲ ਜਾ ਕਿਧਰ ਨੂੰ ਰਹੀ ਹੈ। ਕਿਉਂਕਿ ਮੈਨੂੰ ਆਪਣੇ ਮਨ ਦਾ ਪਤਾ ਹੈ। ਮੇਰੀ ਇੰਨੇ ਨਾਲ ਤਸੱਲੀ ਨਹੀਂ ਹੁੰਦੀ ਕਿ ਕੋਈ ਚੀਜ਼ . ਫਿਨੋਮਿਨਾ .. ਬਸ ਹੈ। ਮੇਰਾ ਕੰਮ ਉਸਨੂੰ ਸਮਝਣਾ.. ਤੇ ਉਸਦੀ ਵਿਆਖਿਆ ਕਰਨਾ ਹੈ। ਮੈਂ ਘੱਟੋ-ਘੱਟ ਇਸਦੀ ਵਿਆਖਿਆ ਕਰ ਸਕਦਾ ਜੇ...

ਡਯੂਡਰਡ ਤਾਂ ਕਰੋ ਨਾ, ਸਮਝਾਓ ਸਾਨੂੰ।

ਡੇਜ਼ੀ ਹਾਂ, ਸਮਝਾਓ ., ਮਿਸਟਰ ਬੋਟਾਰਡ।

ਪੈਪਿਲੋਂ ਹਾਂ, ਸਮਝਾਓ.. ਜੋ ਤੁਹਾਡੇ ਨਾਲਦੇ ਇੰਨਾ ਜ਼ੋਰ ਪਾ ਰਹੇ ਤੇ...

ਬੋਟਾਰਡ ਮੈਂ ਸਮਝਾ ਦਿਆਂ. .

ਡਯੂਡਾਰਡ ਸਭ ਸੁਣ ਰਹੇ ਨੇ।

ਡੇਜ਼ੀ ਮੈਂ ਤਾ ਸਭ ਤੋ ਵੱਧ...

ਬੋਟਾਰਡ ਸਮਝਾ ਦਿਆਂਗਾ, ਇੱਕ ਦਿਨ.., ਪੱਕਾ।

ਡਯੂਡਾਰਡ ਹੁਣੇ ਕਿਉਂ ਨਹੀਂ ?

ਬੋਟਾਰਡ (ਪੈਪਿਲੋਂ ਵੱਲ, ਖਚਰੇ ਢੰਗ ਨਾਲ) ਅਸੀਂ ਸਾਰੀ ਚਰਚਾ ਕਰਾਂਗੇ... ਵਿਸਥਾਰ 'ਚ...; ਪ੍ਰਾਈਵੇਟ...। (ਸਾਰਿਆਂ ਨੂੰ) ਮੈਨੂੰ ਪਤਾ ਹੈ ਕਿਉਂ ਹੋ ਰਿਹੈ ਇਹ ਸਾਰਾ ਕੁਝ ਤੇ ਕਾਹਦੇ ਲਈ।

ਡੇਜ਼ੀ ਕਿਉਂ ਹੋ ਰਿਹੈ... ਮਤਲਬ ?

**ਬੇਰੇਂਜਰ** ਕਾਹਦੇ ਲਈ?

**ਡਯੂਡਾਰਡ** ਕਿਉਂ ਤੇ ਕਾਹਦੇ ਲਈ ਇਹ ਸਭ ਹੋ ਰਿਹੈ, ਇਹ ਜਾਣਨ ਲਈ ਮੈਂ ਹਰ ਖ਼ਿਦਮਤ ਲਈ ਤਿਆਰ ਹਾਂ।

**ਬੋਟਾਰਡ** (ਉਸੇ ਭੁਕਰੇ ਅੰਦਾਜ਼ 'ਚ) ਤੇ ਮੈਨੂੰ ਉਨ੍ਹਾਂ ਦਾ ਵੀ ਪਤਾ ਹੈ ਜੋ ਇਸਦੇ ਪਿੱਛੇ ਨੇ। ਗ਼ੱਦਾਰਾਂ ਦੇ ਨਾਂ... ਮੈਂ ਜਾਣਦਾਂ। ਮੈਨੂੰ ਬੇਵਕੂਫ਼ ਨਹੀਂ ਬਣਾ ਸਕਦੇ ਤੁਸੀਂ। ਇਸ ਸਾਜ਼ਸ਼ ਦਾ ਮਤਲਬ ਕੀ ਹੈ ਤੇ ਮਕਸਦ ਕੀ, ਮੈਂ ਸਭ ਕੁਝ ਉਘਾੜ ਕੇ ਰੱਖਾਂਗਾ ਤਹਾਡੇ ਸਾਹਮਣੇ। ਨੰਗਾ ਕਰਾਂਗਾ ਸਭ ਮੁਜਰਿਮਾਂ ਨੂੰ!

**ਬੇਰੇਂਜਰ** ਪਰ ਕੌਣ ਹੈ ਜੋ ਇਹ ਸਭ ਚਾਹੁੰਦੈ..

**ਡਯੂਡਾਰਡ** (ਬੋਟਾਰਡ ਨੂੰ) ਤੁਸੀਂ ਮੁੱਦੇ ਤੋਂ ਭੱਜ ਰਹੇ ਹੋ।

**ਪੈਪਿਲੋਂ** ਹਾਂ, ਸਾਨੂੰ ਲੁਕਾਅ ਕਾਹਦਾ..।

**ਬੋਟਾਰਡ** ਕੀ,.. ਭੱਜ ਰਿਹਾਂ? ਮੈਂ...?

**ਡੇਜ਼ੀ** ਹੁਣੇ ਤੁਸੀਂ ਸਾਡੇ 'ਤੇ ਇਲਜ਼ਾਮ ਲਾ ਰਹੇ ਸੀ ਕਿ ਅਸੀਂ ਸਾਰੇ ਵਹਿਮ ਦੇ ਸ਼ਿਕਾਰ ਹਾਂ।

**ਬੋਟਾਰਡ** ਹੁਣੇ, ਹਾਂ। ਤੇ ਹੁਣ ਇਹ ਵਹਿਮ ਭੜਕਾਹਟ ਬਣ ਗਿਆ ਹੈ।

**ਡਯੂਡਾਰਡ** ਤੇ ਇਸ ਤਬਦੀਲੀ ਦਾ ਤੁਹਾਨੂ ਕਿਵੇਂ ਪਤਾ ਲੱਗਾ?

**ਬੋਟਾਰਡ** ਜਨਾਬ, ਇਹ ਤਾਂ ਸਭ ਖੁੱਲ੍ਹੀ ਖੇਡ ਹੈ। ਕੋਈ ਵੀ ਜਣਾ-ਖਣਾ ਇਸ ਬਾਰੇ ਦਸ ਸਕਦਾ, ਕੋਈ ਰਹੱਸ ਨਹੀਂ। ਸਿਰਫ਼ ਦੋਗਲੇ ਲੋਕ ਇਹ ਦਿਖਾਵਾ ਕਰ ਸਕਦੇ ਨੇ ਕਿ ਉਨ੍ਹਾਂ ਨੂੰ ਤਾਂ ਕੁਝ ਪਤਾ ਈ ਨਹੀਂ। (ਫਾਇਰ-ਬ੍ਰਿਗੇਡ ਦਾ ਹਾਰਨ ਸੁਣਦਾ ਹੈ। ਖਿੜਕੀ ਦੇ ਹੇਠਾਂ ਆ ਕੇ ਬਰੇਕਾਂ ਲੱਗਦੀਆਂ ਹਨ।)

**ਡੇਜ਼ੀ** ਫਾਇਰ-ਬ੍ਰਿਗੇਡ ਵਾਲੇ ਆ ਗਏ।

**ਬੋਟਾਰਡ** ਕੋਈ ਵੱਡੀ ਫੇਰਬਦਲ ਹੋਣ ਵਾਲੀ ਹੈ; ਪਰ ਇੰਨੀ ਆਸਾਨੀ ਨਾਲ ਬੱਚ ਕੇ ਨਹੀਂ ਨਿਕਲ ਸਕਦੇ ਉਹ।

**ਡਯੂਡਾਰਡ** ਕੋਈ ਮਤਲਬ ਨਹੀਂ ਇਸ ਸਭ ਦਾ। ਗੈਂਡੇ ਮੌਜੂਦ ਨੇ, ਸਾਹਮਣੇ... ਤੇ ਬਸ। ਬਸ ਇੰਨੀ ਓ ਗੱਲ ਹੈ।

**ਡੇਜ਼ੀ** (ਖਿੜਕੀ 'ਚੋਂ ਹੇਠਾਂ ਦੇਖਦੀ ਹੋਈ) ਏਧਰ! ਏਧਰ! (ਹੇਠਾਂ ਤੋਂ ਇੱਕ ਸ਼ੋਰ ਉੱਭਰਦਾ ਹੈ। ਇੰਜਣ ਦੀਆ ਅਵਾਜ਼ਾਂ।)

**ਫਾਇਰ-ਬ੍ਰਿਗੇਡ ਵਾਲੇ ਦੀ ਅਵਾਜ਼ :** ਪੌੜੀ ਲਿਆਓ, ਏਧਰ!

**ਬੋਟਾਰਡ** (ਡਯੂਡਾਰਡ ਨੂੰ) ਜੋ ਵੀ ਹੋ ਰਿਹਾ. ਸਭ ਕੁਝ ਦੀ ਚਾਬੀ ਹੈ ਮੇਰੇ ਕੋਲ, ਗ਼ਲਤੀ ਦੀ ਗੁੰਜਾਇਸ਼ ਹੀ ਕੋਈ ਨਹੀਂ।

**ਪੈਪਿਲੋਂ** ਸ਼ਾਮ ਨੂੰ ਤੁਹਾਨੂੰ ਸਾਰਿਆਂ ਨੂੰ ਆਫ਼ਿਸ ਆਉਣਾ ਪਵੇਗਾ। (ਖਿੜਕੀ 'ਚੋਂ ਇੱਕ ਪੌੜੀ ਦਿਖਾਈ ਦਿੰਦੀ ਹੈ।)

ਬੋਟਾਰਡ — ਮਿਸਟਰ ਪੈਪਿਲੋਂ..., ਕੀ ਗੱਲ ਕਰ ਰਹੇ ਹੋ ਤੁਸੀਂ .. ਆਫਿਸ।

ਪੈਪਿਲੋਂ — ਮੈਨੇਜਮੈਂਟ ਕੀ ਕਹੇਗੀ.., ਮੈਂ ਕੁਝ ਨਹੀਂ ਕਹਿ ਸਕਦਾ!

ਡਯੂਡਾਰਡ — ਇਹ ਕੋਈ ਆਮ ਹਾਲਤ ਨਹੀਂ

ਬਟਾਰਡ — (ਖਿੜਕੀ ਵੱਲ ਇਸ਼ਾਰਾ ਕਰਕੇ) ਏਸ ਰਸਤੇ ਥਾਣੀ ਆਉਣ ਲਈ ਉਹ ਸਾਨੂੰ ਮਜਬੂਰ ਨਹੀਂ ਕਰ ਸਕਦੇ। ਜਦ ਤੱਕ ਪੌੜੀਆਂ ਦੀ ਰਿਪੇਅਰ ਨਹੀ ਹੁੰਦੀ.. ਅਸੀਂ ਨਹੀਂ ਆ ਸਕਦੇ।

ਡਯੂਡਾਰਡ — ਜੇ ਕਿਸੇ ਦੀ ਟੰਗ ਟੁੱਟ ਜਾਂਦੀ ਹੈ ਤਾਂ ਮੈਂਨਜਮੈਂਟ ਦੀ ਜ਼ਿੰਮੇਦਾਰੀ ਹੋਏਗੀ।

ਪੈਪਿਲੋਂ — ਹਾਂ, ਉਹ ਤਾਂ ਹੈ।

(ਪਹਿਲੋਂ ਫ਼ਾਇਰਮੈਨ ਦਾ ਹੇਲਮਟ ਉੱਭਰਦਾ ਹੈ ਤੇ ਫੇਰ ਉਹ ਆਪ।)

ਬੇਰੰਜਰ — (ਖਿੜਕੀ ਵੱਲ ਇਸਾਰਾ ਕਰਕੇ) ਪਹਿਲੋ ਤੁਸੀਂ, ਮਿਸ ਡੇਜ਼ੀ।

ਫਾਇਰ-ਮੈਨ — ਛੇਤੀ ਕਰ ਮਿਸ।

(ਫ਼ਾਇਰਮੈਨ ਡੇਜ਼ੀ ਨੂੰ ਸਹਾਰਾ ਦਿੰਦਾ ਹੈ; ਉਹ ਖਿੜਕੀ 'ਚੋਂ ਬਾਹਰ ਨਿੱਕਲਦੀ ਹੈ ਤੇ ਉਹ ਦੋਹੇਂ ਹੇਠਾਂ ਨੂੰ ਗਾਇਬ ਹੋ ਜਾਂਦੇ ਹਨ।)

ਡਯੂਡਾਰਡ — ਗੁੱਡ-ਬਾਏ ਮਿਸ ਡੇਜ਼ੀ। ਛੇਤੀ ਮਿਲਾਂਗੇ।

ਡੇਜ਼ੀ — (ਜਾਂਦੇ ਜਾਂਦੇ) ਹਾਂ... ਛੇਤੀ ਮਿਲਾਂਗੇ। ਗੁੱਡ-ਬਾਏ।

ਪੈਪਿਲੋਂ — (ਖਿੜਕੀ 'ਚੋਂ) ਮਿਸ ਡੇਜ਼ੀ, ਸਵੇਰੇ ਫੋਨ ਕਰਨਾ ਮੈਨੂੰ। ਤੁਸੀਂ ਮੇਰੇ ਘਰ ਆ ਕੇ ਲੈਟਰ ਟਾਈਪ ਕਰ ਸਕਦੇ ਹੋ। (ਬੇਰੰਜਰ ਨੂੰ) ਹਾਂ, ਬੇਰੰਜਰ, ਮੈਂ ਤੁਹਾਨੂੰ ਦੱਸ ਦਿਆਂ ਕਿ ਅਸੀ ਕੋਈ ਛੁੱਟੀ 'ਤੇ ਨਹੀਂ ਹਾਂ, ਜਿੰਨੀ ਛੇਤੀ ਹੋ ਸਕੇ ਕੰਮ ਮੁੜ ਸ਼ੁਰੂ ਹੋਣਾ ਚਾਹੀਦਾ ਹੈ। (ਬਾਕੀ ਦੋਹਾਂ ਨੂੰ) ਤੁਸੀਂ ਸੁਣ ਲਿਆ, ਮੈਂ ਜੋ ਕਿਹਾ?

ਡਯੂਡਾਰਡ — ਬੇਸ਼ਕ, ਮਿਸਟਰ ਪੈਪਿਲੋਂ।

ਬੋਟਾਰਡ — ਨਿਚੋੜਦੇ ਰਹਿਣਗੇ ਇਹ ਸਾਨੂੰ, ਆਖਰੀ ਬੂੰਦ ਤਾਈਂ, ਹਅ।

ਫਾਇਰ-ਮੈਨ — ਹੁਣ ਕੌਣ ਏ?

ਪੈਪਿਲੋਂ — (ਤਿੰਨਾਂ ਨੂੰ) ਜਾਓ!

ਡਯੂਡਾਰਡ — ਤੁਹਾਥੋਂ ਬਾਅਦ, ਮਿਸਟਰ ਪੈਪਿਲੋਂ।

ਬੇਰੰਜਰ — ਤੁਹਾਥੋਂ ਬਾਅਦ, ਸਰ।

ਬੋਟਾਰਡ — ਜੀ, ਤੁਸੀਂ ਪਹਿਲੋਂ, ਪਲੀਜ਼।

ਪੈਪਿਲੋਂ — (ਬੇਰੰਜਰ ਨੂੰ) ਜ਼ਰਾ ਮਿਸ ਡੇਜ਼ੀ ਵਾਲੇ ਲੈਟਰ ਫੜਾਉਣਾ, ਉਹ.. ਮੇਜ਼ 'ਤੇ ਪਏ ਨੇ।

(ਬੇਰੰਜਰ ਲੈਟਰ ਲਿਆ ਕੇ ਪੈਪਿਲੋਂ ਨੂੰ ਫੜਾਉਂਦਾ ਹੈ।)

ਫਾਇਰ-ਮੈਨ — ਛੇਤੀ ਕਰੋ, ਜਲਦੀ। ਸਾਰਾ ਦਿਨ ਬੈਠੇ ਨਹੀਂ ਰਹਿਣਾ ਅਸੀਂ ਏਥੇ। ਚਾਰੇ ਪਾਸਿਓਂ ਫੋਨ ਤੇ ਫੋਨ ਆ ਰਹੇ।

ਬੋਟਾਰਡ — ਕੀ ਕਿਹਾ ਸੀ ਮੈਂ?

(ਪੈਂਪਿਲੋਂ ਫਟਾਫਟ ਲੈਟਰਜ਼ ਵਾਲੀ ਫ਼ਾਈਲ ਕੱਛ 'ਚ ਲੈਂਦਾ ਹੈ ਤੇ ਖਿੜਕੀ ਥਾਣੀਂ ਉੱਤਰਦਾ ਹੈ।)

ਪੈਂਪਿਲੋਂ — (ਫ਼ਾਇਰਮੈਨ ਨੂੰ) ਧਿਆਨ ਨਾਲ. . ਫਾਈਲ ਹੈ! (ਸਾਰਿਆ ਨੂੰ) ਗੁੱਡਬਾਏ ਜੈਂਟਲਮੈਨ।

ਡਯੂਡਾਰਡ — ਗੁੱਡਬਾਏ ਮਿਸਟਰ ਪੈਂਪਿਲੋਂ।

ਬੇਰੰਜਰ — ਗੁੱਡਬਾਏ ਮਿਸਟਰ ਪੈਂਪਿਲੋਂ।

ਪੈਂਪਿਲੋਂ — (ਸਿਰਫ਼ ਅਵਾਜ਼ ਆਉਂਦੀ ਹੈ) ਫ਼ਾਈਲ ਬਚਾ ਕੇ ..। ਡਯੂਡਾਰਡ ਆਫ਼ਿਸ ਦਾ ਤਾਲਾ ਮਾਰ ਦੇਣਾ!

ਡਯੂਡਾਰਡ — (ਚੀਖ਼ ਕੇ) ਤੁਸੀਂ ਫ਼ਿਕਰ ਨਾ ਕਰੋ ਸਰ।(ਬੋਟਾਰਡ ਨੂੰ) ਤੁਹਾਥੋਂ ਬਾਅਦ ਜਨਾਬ...

ਬੋਟਾਰਡ — ਠੀਕ ਐ ਮਿੱਤਰੋ, ਮੈਂ ਉਤਰਦਾਂ... ਪਹਿਲੋਂ। ਮੈਂ ਇਹ ਮਾਮਲਾ ਛੇਤੀ ਹੀ ਉਠਾਵਾਂਗਾ... ਸੱਤਾ ਦੇ ਗਲਿਆਰਿਆਂ ਤੱਕ.. । ਇਹ ਸਾਰਾ ਜੋ ਰਹੱਸ ਘੜਿਆ ਜਾ ਰਿਹੈ... ਤਹਿ ਤੱਕ ਜਾਵਾਂਗਾ ਇਸਦੀ।
(ਉਹ ਖਿੜਕੀ ਵੱਲ ਜਾਂਦਾ ਹੈ।)

ਡਯੂਡਾਰਡ — ਮੈਨੂੰ ਲੱਗਿਆ ਸੀ ਤੁਸੀਂ ਪਹਿਲਾਂ ਈ ਜਾਣਦੇ ਓ ਸਭ!

ਬੋਟਾਰਡ — (ਖਿੜਕੀ 'ਚੋਂ ਉੱਤਰਦੇ ਹੋਏ) ਤੁਹਾਡੇ ਵਿਅੰਗ ਦਾ ਕੋਈ ਫ਼ਰਕ ਨਹੀਂ ਪੈਂਦਾ ਮੈਨੂੰ। ਬਸ ਪਰੂਫ਼ ਚਾਹੀਦੇ ਨੇ ਮੈਨੂੰ... ਤੇ ਡਾਕੂਮੈਂਟਸ .. ਹਾਂ, ਦੇਸ਼ ਨਾਲ ਤੁਹਾਡੀ ਗ਼ੱਦਾਰੀ ਦਾ ਪੱਕਾ ਸਬੂਤ।

ਡਯੂਡਾਰਡ — ਫਾਲਤੂ ਬਕਵਾਸ

ਬੋਟਾਰਡ — ਤੁਸੀਂ ਜੋ ਬੇਜਤੀ...

ਡਯੂਡਾਰਡ — ਬੇਜ਼ਤੀ ਤੁਸੀਂ ਕਰ ਰਹੇ ਹੋ... ਮੇਰੀ!

ਬੋਟਾਰਡ — (ਗਾਇਬ ਹੋ ਜਾਂਦਾ ਹੈ) ਬੇਜ਼ਤੀ ਨਹੀਂ.., ਸਿਰਫ਼ ਸਬੂਤ ਦੇ ਰਿਹਾਂ ਮੈਂ।

ਫਾਇਰ-ਮੈਨ — ਛੇਤੀ ਕਰੋ...!

ਡਯੂਡਾਰਡ — (ਬੇਰੰਜਰ ਨੂੰ) ਸ਼ਾਮੀਂ ਕੀ ਕਰ ਰਹੇ ਹੋ ਅੱਜ? ਆ ਜਾਓ... ਦੋ ਦੋ ਪੈਗ..?

ਬੇਰੰਜਰ — ਗੁਸਤਾਖ਼ੀ ਮਾਫ਼, ਪਰ ਅੱਜ ਸ਼ਾਮ ਤਾਂ ਮੈਂ ਆਪਣੇ ਮਿੱਤਰ ਜੀਨ ਵੱਲ ਜਾ ਰਿਹਾਂ. ਹੁਣ ਮੌਕਾ ਹੈ.., ਥੋੜਾ ਮਨਮੁਟਾਵ ਜਿਹਾ ਹੋ ਗਿਆ ਸੀ, ਐਵੇਂ ਗੁੱਸੇ 'ਚ ਆ ਗਏ, ਗ਼ਲਤੀ ਮੇਰੀ ਓ ਸੀ ਸਾਰੀ, ਸੁਧਾਰ ਲੈਣੀ ਚਾਹੀਦੀ ਹੈ।
(ਫ਼ਾਇਰਮੈਨ ਮੁੜ ਖਿੜਕੀ 'ਤੇ ਆਉਂਦਾ ਹੈ।)

ਫਾਇਰ-ਮੈਨ — ਛੇਤੀ.. ਫਟਾਫਟ

ਬੇਰੰਜਰ — (ਇਸ਼ਾਰਾ) ਤੁਹਾਥੋਂ ਬਾਅਦ!

ਡਯੂਡਾਰਡ — ਨਹੀਂ, ਤੁਸੀਂ ਪਹਿਲੋਂ .

ਬੇਰੰਜਰ — ਓ ਨਹੀਂ... ਮੈਂ ਤੁਹਾਥੋਂ ਬਾਅਦ...

ਡਯੂਡਾਰਡ — ਹਰਗਿਜ਼ ਨਹੀਂ, ਮੈਂ ਬਾਅਦ.. 'ਚ...

ਬੇਰੰਜਰ — ਪਲੀਜ਼, ਤੁਸੀਂ...ਆਖ਼ਿਰ.., ਨਹੀਂ ਨਹੀਂ...

ਫਾਇਰ-ਮੈਨ — ਓ ਜਲਦੀ ਕਰੋ।

ਡਯੂਡਾਰਡ — ਨਹੀ ..ਚਲ ਚਲੋ. ਤੁਸੀਂ . ਮੈਂ . ਬਾਅਦ. .

ਬੇਰੰਜਰ — ਨਹੀਂ..ਮੈਂ.... ਬਾਅਦ.. 'ਚ।

(ਦੋਹੇਂ ਇਕੱਠੇ ਉੱਤਰਦੇ ਹਨ। ਫ਼ਾਇਰਮੈਨ ਉਨ੍ਹਾਂ ਦੀ ਮਦਦ ਕਰਦਾ ਹੈ। ਪਰਦਾ ਡਿੱਗਦਾ ਹੈ।)

ਪਰਦਾ

## ਦ੍ਰਿਸ਼ ਦੂਜਾ

(ਜੋਨ ਦਾ ਘਰ ਹੈ। ਦ੍ਰਿਸ਼ ਲਗਭਗ ਦੂਜੇ ਐਕਟ ਦੇ ਪਹਿਲੇ ਦ੍ਰਿਸ਼ ਵਰਗਾ ਹੀ ਹੈ। ਮੰਚ ਦੋ ਹਿੱਸਿਆਂ 'ਚ ਵੰਡਿਆ ਹੋਇਆ ਹੈ। ਮੰਚ ਦੇ ਸੱਜੇ ਪਾਸੇ ਜੋਨ ਦਾ ਬੈੱਡਰੂਮ ਹੈ, ਜਿਹੜਾ ਉਸ ਹਿੱਸੇ ਦੇ ਤਕਰੀਬਨ ਤਿੰਨ ਚੌਥਾਈ ਹਿੱਸੇ 'ਚ ਫੈਲਿਆ ਹੈ। ਅੱਪ-ਸਟੇਜ 'ਤੇ ਇੱਕ ਕੁਰਸੀ ਜਾਂ ਆਰਾਮ-ਕੁਰਸੀ ਪਈ ਹੈ, ਜਿਸ ਉੱਤੇ ਬੇਰੰਜਰ ਬੈਠਦਾ ਹੈ। ਵਿਚਕਾਰ ਇੱਕ ਦਰਵਾਜ਼ਾ ਹੈ ਜਿਹੜਾ ਜੋਨ ਦੇ ਬਾਥਰੂਮ ਵੱਲ ਜਾਂਦਾ ਹੈ। ਜੋਨ ਜਦੋਂ ਨਹਾਉਣ ਲਈ ਜਾਂਦਾ ਹੈ ਤਾਂ ਫ਼ਵਾਰੇ ਦੀ ਅਵਾਜ਼ ਬਾਹਰ ਤਾਈਂ ਆਉਂਦੀ ਹੈ। ਕਮਰੇ ਦੇ ਖੱਬੇ ਪਾਸੇ ਦੀ ਮੰਚ ਦੋ ਹਿੱਸਿਆਂ 'ਚ ਵੰਡਿਆ ਹੋਇਆ ਹੈ। ਸੈਂਟਰ ਸਟੇਜ 'ਤੇ ਇੱਕ ਦਰਵਾਜ਼ਾ ਹੈ ਜਿਹੜਾ ਪੌੜੀਆਂ ਵੱਲ ਨੂੰ ਜਾਂਦਾ ਹੈ। ਸਾਜ-ਸੱਜਾ ਜਿੰਨੀ ਸਟਾਇਲਿਸ਼ ਹੋਏ, ਬੇਹਤਰ ਹੈ। ਦਰਵਾਜ਼ਾ ਇੱਕੋ ਪੱਲੇ ਦਾ ਹੋ ਸਕਦਾ ਹੈ। ਖੱਬੇ ਪਾਸੇ ਪੌੜੀਆਂ ਹਨ; ਸਿਖਰਲੀਆ ਪੌੜੀਆ ਦਿਖਾਈ ਪੈਂਦੀਆਂ ਹਨ, ਅੱਗੇ ਰੇਲਿੰਗ ਤੇ ਥੋੜ੍ਹੀ ਜਿਹੀ ਥਾਂ ਹੈ, ਜਿਸਦੇ ਪਿੱਛਲੇ ਪਾਸੇ ਗੁਆਂਢੀ ਦਾ ਫਲੈਟ ਹੈ। ਉਸ ਫਲੈਟ ਦਾ ਸੀਸ਼ੇ ਦਾ ਦਰਵਾਜ਼ਾ ਦਿਖਦਾ ਹੈ, ਜਿਸ 'ਤੇ ਲਿਖਿਆ ਹੋਇਆ ਹੈ : 'ਕੇਅਰ-ਟੇਕਰ'।

(ਪਰਦਾ ਉੱਠਦਾ ਹੈ ਤਾਂ, ਜੋਨ ਕੰਬਲ ਲਈ ਬਿਸਤਰ 'ਤੇ ਪਿਆ ਹੈ, ਉਸਦੀ ਪਿੱਠ ਦਿਖਾਈ ਪੈਂਦੀ ਹੈ ਤੇ ਘੰਘਣ ਦੀ ਆਵਾਜ਼ ਆਉਂਦੀ ਹੈ। ਥੋੜ੍ਹੀ ਦੇਰ ਬਾਅਦ ਬੇਰੰਜਰ ਪੌੜੀਆਂ ਚੜ੍ਹਦਾ ਦਿਖਾਈ ਪੈਂਦਾ ਹੈ। ਉਹ ਉੱਪਰ ਆ ਕੇ ਦਰਵਾਜ਼ਾ ਖੜਕਾਉਂਦਾ ਹੈ। ਜੋਨ ਕੋਈ ਜਵਾਬ ਨਹੀਂ ਦਿੰਦਾ। ਬੇਰੰਜਰ ਮੁੜ ਦਰਵਾਜ਼ਾ ਖੜਕਾਉਂਦਾ ਹੈ।)

ਬੇਰੰਜਰ — ਜੋਨ : (ਫੇਰ ਖੜਕਾਉਂਦਾ ਹੈ) ਜੋਨ!

(ਦੂਜੇ ਪਾਸੇ ਦਾ ਦਰਵਾਜ਼ਾ ਹੌਲੀ ਜਿਹੇ ਖੁੱਲ੍ਹਦਾ ਹੈ ਤੇ ਛੋਟੇ ਜਿਹੇ

ਕੱਦ ਦਾ ਇੱਕ ਬੱਕਰਦਾੜ੍ਹੀਆ ਬੁੱਢਾ ਆਦਮੀ ਬਾਹਰ ਝਾਕਦਾ ਹੈ।)

ਬੁੱਢਾ ਹਾਂਜੀ ਦੱਸੋ ?

ਬੇਰੰਜਰ ਜੋਨ ਨੂੰ ਮਿਲਣਾ ਸੀ, ਮੇਰੇ ਮਿੱਤਰ ਨੇ।

ਬੁੱਢਾ ਮੈਨੂੰ ਲੱਗਿਆ ਮੈਨੂੰ ਮਿਲਣਾ...; ਮੇਰਾ ਵੀ ਨਾਮ ਜੋਨ ਹੈ, ਪਰ ਤੁਸੀਂ ਕਿਸੇ ਹੋਰ ਨੂੰ ਲਭ ਰਹੇ ਹੋ।

ਬੁੱਢੇ ਦੀ ਔਰਤ : (ਅੰਦਰੋਂ) ਕੋਈ ਮਿਲਣ ਆਇਆ ?

ਬੁੱਢਾ (ਪਿੱਛੇ ਮੁੜ ਕੇ) ਨਹੀਂ, ਉਹ ਕੋਈ ਦੂਜਾ ਜੋਨ ਹੈ..

ਬੇਰੰਜਰ (ਖੜਕਾਉਂਦਾ) ਜੋਨ

ਬੁੱਢਾ ਬਾਹਰ ਜਾਂਦੇ ਤਾਂ ਮੈਂ ਦੇਖਿਆ ਨਹੀਂ ਉਸਨੂੰ। ਹਾਂ, ਰਾਤ ਜ਼ਰੂਰ ਦੇਖਿਆ ਸੀ। ਬੜੇ ਖਰਾਬ ਮੂਡ 'ਚ ਸੀ।

ਬੇਰੰਜਰ ਪਤਾ ਮੈਨੂੰ, ਕਾਹਤੋਂ; ਗ਼ਲਤੀ ਮੇਰੀ ਸੀ ਸਾਰੀ।

ਬੁੱਢਾ ਸ਼ਾਇਦ ਉਹ ਦਰਵਾਜਾ ਖੋਲ੍ਹਣਾ ਨਹੀਂ ਚਾਹੁੰਦੇ ਤੁਹਾਨੂੰ। ਖੜਕਾਓ ਮੁੜ ਕੇ।

ਬੁੱਢੇ ਦੀ ਔਰਤ: ਜੋਨ! ਕਿਹਦੇ ਨਾਲ ਗੱਪਾਂ ਮਾਰੀ ਜਾਂਦਾ, ਜੋਨ!

ਬੇਰੰਜਰ (ਖੜਕਾਉਂਦਾ) ਜੋਨ!

ਬੁੱਢਾ (ਪਤਨੀ ਨੂੰ) ਇੱਕ ਮਿੰਟ। ਆ ਰਿਹਾਂ ਵਈ. . ਓ ਹੋ (ਦਰਵਾਜ਼ਾ ਬੰਦ ਕਰਦਾ ਹੈ।)

ਜੋਨ (ਉਸੇ ਤਰ੍ਹਾਂ ਲੇਟੇ ਲੇਟੇ ਹੀ, ਖੁਰਦਰੀ ਜਿਹੀ ਆਵਾਜ਼ 'ਚ) ਕੀ ਹੈ ?

ਬੇਰੰਜਰ ਮੈਂ ਹਾਂ ਜੋਨ! ਮੈਂ ਆਇਆਂ ...

ਜੋਨ ਕੌਣ ?

ਬੇਰੰਜਰ ਮੈਂ ਹਾਂ, ਬੇਰੰਜਰ। ਪਰੇਸ਼ਾਨ ਤਾਂ ਨਹੀਂ ਕਰ ਰਿਹਾ ਮੈਂ !

ਜੋਨ ਓਹ ਤੇ ਤੂੰ ਏਂ, ਹੂੰ। ਆ ਜਾ !

ਬੇਰੰਜਰ ਦਰਵਾਜ਼ਾ ਬੰਦ ਹੈ ਅੰਦਰੋਂ।

ਜੋਨ ਓ ਇੱਕ ਮਿੰਟ, ਰੁਕ। (ਕਾਫੀ ਖ਼ਰਾਬ ਮੂਡ 'ਚ ਉੱਠਦਾ ਹੈ। ਉਸਨੇ ਹਰੇ ਰੰਗ ਦਾ ਪਜਾਮਾ ਪਾਇਆ ਹੋਇਆ ਹੈ, ਵਾਲ ਖਿੱਲਰੇ ਨੇ) ਆ ਰਿਹਾਂ . ਬਸ . (ਦਰਵਾਜਾ ਖੋਲ੍ਹਦਾ ਹੈ ਤੇ ਮੁੜ ਕੰਬਲ 'ਚ ਜਾ ਵੜਦਾ ਹੈ।) ਆ ਜਾ।

ਬੇਰੰਜਰ (ਅੰਦਰ ਆਉਂਦੇ ਹੋਏ) ਹੈਲੋ ਜੋਨ!

ਜੋਨ ਕੀ ਟਾਈਮ ਹੋ ਗਿਆ ? ਦਫ਼ਤਰ ਨਹੀਂ ਗਿਆ ਤੂੰ ?

ਬੇਰੰਜਰ ਤੂੰ ਹਾਲੇ ਤਾਈਂ ਬਿਸਤਰੇ 'ਚ; ਤੂੰ ਦਫ਼ਤਰ ਨਹੀਂ ਆਇਆ ਇਸਲਈ ...। ਸੌਰੀ, ਜੇ ਮੈਂ ਤੈਨੂੰ ਪਰੇਸ਼ਾਨ ਕਰ ਰਿਹਾਂ।

ਜੋਨ (ਹਾਲੇ ਵੀ ਦੇਖ ਨਹੀਂ ਰਿਹਾ ਉਸ ਵੱਲ) ਨਹੀਂ, ਕੁਝ ਨਹੀਂ, ਬਸ ਤੇਰੀ ਅਵਾਜ ਨਹੀਂ ਪਛਾਣੀ ਮੈਂ।

ਬੇਰੰਜਰ ਮੈਨੂੰ ਵੀ ਤੇਰੀ ਅਵਾਜ਼ ਪਛਾਣ 'ਚ ਨਹੀਂ ਆਈ।

| | |
|---|---|
| ਜੋਨ | (ਬਿਨਾਂ ਦੇਖਿਆਂ) ਬਹਿ ਜਾ। |
| ਬੇਰੰਜਰ | ਠੀਕ ਨਹੀਂ ਤੂੰ ? |
| | (ਜੋਨ ਘੁਰ ਘੁਰ ਜਹੀ ਕਰਦਾ ਹੈ।) |
| ਬੇਰੰਜਰ | ਜੋਨ, ਤੂੰ ਤਾਂ ਸਮਝਦੈਂ .. ਐਵੇਂ ਬੇਵਕੂਫ਼ੀ ਸੀ ਮੇਰੀ, ਐਵੇਂ ਛੋਟੀ ਜਈ ਗੱਲ 'ਤੇ ਪਰੇਸ਼ਾਨ ਹੋ ਗਿਆ ਕੱਲ੍ਹ। |
| ਜੋਨ | ਕਿਹੜੀ ਛੋਟੀ ਜਿਹੀ ਗੱਲ ? |
| ਬੇਰੰਜਰ | ਕੱਲ੍ਹ। |
| ਜੋਨ | ਕੱਲ੍ਹ ਕਦੋਂ ? ਕੱਲ੍ਹ ਕਿੱਥੇ.. ? |
| ਬੇਰੰਜਰ | ਤੈਨੂੰ ਯਾਦ ਨਹੀਂ ? ਉਹ ਨਾਮੁਰਾਦ ਗੈਂਡੇ |
| ਜੋਨ | ਕਿਹੜੇ ਗੈਂਡੇ ? |
| ਬੇਰੰਜਰ | ਗੈਂਡਾ, ਪਤਾ ਨਹੀਂ. . ਸ਼ਾਇਦ ਦੋ ਗੈਂਡੇ ਸੀ  ਜਿਹੜੇ ਅਸੀਂ ਦੇਖੇ। |
| ਜੋਨ | ਓ ਹਾਂ, ਯਾਦ ਆਇਆ, ਤੈਨੂੰ ਕਿਵੇਂ ਪਤਾ ਓ ਨਾਮੁਰਾਦ ਸੀ ? |
| ਬੇਰੰਜਰ | ਓ, ਮੈਂ ਤਾਂ ਊਂ ਈ ਕਹਿ 'ਤਾ... |
| ਜੋਨ | ਅਸੀਂ ਉਹਦੇ ਬਾਰੇ ਕੋਈ ਗੱਲ ਨਹੀਂ ਕਰਾਂਗੇ ਉੱਕਾ ਈ। |
| ਬੇਰੰਜਰ | ਮਿਹਰਬਾਨੀ। |
| ਜੋਨ | ਠੀਕ ਹੈ ਬਸ। |
| ਬੇਰੰਜਰ | ਪਰ ਮੈਂ ਆਪਣੀ ਜਿੱਦ 'ਤੇ ਬਹੁਤ ਸ਼ਰਮਿੰਦਾ ਹਾਂ ਐਵੇਂ ਅੜ ਗਿਆ ਬਸ, ਫ਼ਾਲਤੂ ਦਾ ਗੁੱਸਾ ਸਰਾਸਰ ਮੂਰਖ਼ਤਾ ਸੀ ਮੇਰੀ। |
| ਜੋਨ | ਇਹੋ ਉਮੀਦ ਰਹਿੰਦੀ ਤੈਥੋਂ। |
| ਬੇਰੰਜਰ | ਮੈਂ ਗ਼ਲਤੀ ਮਹਿਸੂਸ... |
| ਜੋਨ | ਮੇਰੀ ਤਬੀਅਤ ਕੁਝ ਠੀਕ ਨਹੀਂ। (ਖੰਘਦਾ ਹੈ।) |
| ਬੇਰੰਜਰ | ਇਸੇ ਲਈ ਤੂੰ ਲੇਟ ਰਿਹਾ ਏਂ ਹੁਣ ਤੱਕ। (ਅਵਾਜ਼ ਬਦਲ ਜਾਂਦੀ ਹੈ) ਤੈਨੂੰ ਪਤਾ ਜੋਨ, ਜਿਵੇ ਹੁਣ ਸਾਹਮਣੇ ਆਇਆ, ਅਸਲ 'ਚ ਅਸੀਂ ਦੋਹੇਂ ਸਹੀ ਸੀ। |
| ਜੋਨ | ਕਾਹਦੇ ਬਾਰੇ ? |
| ਬੇਰੰਜਰ | ਕਾਹਦੇ, ਤੈਨੂੰ ਪਤਾ ਹੀ ਐ,... ਉਹੀ... ਓਹ। ਸੌਰੀ, ਮੈਂ ਫੇਰ ਛੇੜ ਲਈ, ਪਰ ਮੈਂ ਬਹੁਤ ਸੰਖੇਪ 'ਚ ਕਰਾਂਗਾ। ਮੈਂ ਸਿਰਫ਼ ਇਹੋ ਦੱਸਣਾ ਸੀ ਕਿ ਆਪੋ ਆਪਣੇ ਤਰੀਕੇ ਨਾਲ ਅਸੀਂ ਦੋਹੇਂ ਸਹੀ ਸੀ। ਹੁਣ ਤਾਂ ਸਾਬਤ ਹੋ ਗਿਆ ਸਭ। ਸ਼ਹਿਰ 'ਚ ਕੁਝ ਗੈਂਡਿਆਂ ਦੇ ਦੋ ਸਿੰਗ ਨੇ ਤੇ ਕੁਝ ਦੇ ਇੱਕ। |
| ਜੋਨ | ਇਹੋ ਤਾਂ ਮੈਂ ਕਿਹਾ ਸੀ ਤੈਨੂੰ! ਜੋ ਵੀ ਹੈ, ਹੈ ਤਾਂ ਮਾੜਾ ਈ। |
| ਬੇਰੰਜਰ | ਹਾਂ, ਹੈ ਤੇ ਮਾੜਾ। |
| ਜੋਨ | ਪਤਾ ਨਹੀਂ ਕੁਝ ਚੰਗਾ ਵੀ ਹੋ ਸਕਦੈ, ਨਿਰਭਰ ਕਰਦਾ ... |
| ਬੇਰੰਜਰ | (ਬੋਲੀ ਜਾਂਦਾ ਹੈ) ਦੇਸ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਕਿ |

|  |  |
|---|---|
|  | ਕੌਣ ਕਿੱਥੋਂ ਆਉਂਦਾ। ਅਸਲ ਗੱਲ ਤਾਂ ਇੰਨੀ ਓ ਹੈ, ਜਿਵੇਂ ਮੈਂ ਕਿਹਾ ਸੀ, ਕਿ ਉਹ ਉੱਥੇ ਹਨ, ਠੋਸ ਸੱਚਾਈ ਵਾਂਗ। |
| ਜੋਨ | (ਗੁੱਛਾ ਮੁੱਛਾ ਹੋਏ ਬਿਸਤਰੇ 'ਚ ਕਦੇ ਵੱਖ ਲੈਂਦਾ ਹੈ ਤੇ ਕਦੇ ਉੱਠਕੇ ਬੈਠ ਜਾਂਦਾ ਹੈ।) ਮੇਰੀ ਤਬੀਅਤ ਠੀਕ ਨਹੀਂ, ਉੱਕਾ ਹੀ ਮੈਂ ਕੁਝ... |
| ਬੇਰੰਜਰ | ਓਹ, ਸੌਰੀ। ਕੀ ਲੱਗ ਕੀ ਰਿਹੈ ? |
| ਜੋਨ | ਕੁਝ ਪਤਾ ਨਹੀਂ ਮੈਨੂੰ, ਕਿਤੇ ਕੁਝ ਗੜਬੜ ਹੈ. . |
| ਬੇਰੰਜਰ | ਕਮਜ਼ੋਰੀ ਲੱਗ ਰਹੀ... ? |
| ਜੋਨ | ਉੱਕਾ ਹੀ ਨਹੀਂ। ਸਗੋਂ ਉਲਟਾ, ਮੈਂ ਤਾਂ ਉੱਬਲ ਰਿਹਾਂ .. ਫੁੱਲ ਰਿਹਾਂ... |
| ਬੇਰੰਜਰ | ਮੇਰਾ ਮਤਲਬ... ਸੀ ਆਰਜ਼ੀ ਕਮਜ਼ੋਰੀ। ਜਿਹੜੀ ਸਭ ਨੂੰ ਹੋ ਜਾਂਦੀ। |
| ਜੋਨ | ਮੈਨੂੰ ਕਦੇ ਨੀ ਹੁੰਦੀ। |
| ਬੇਰੰਜਰ | ਫੇਰ ਸ਼ਾਇਦ ਤੂੰ ਜ਼ਿਆਦਾ ਈ ਤੰਦਰੁਸਤ ਹੈਂ। ਜਿਆਦਾ ਊਰਜਾ ਵੀ ਮਾੜੀ ਹੁੰਦੀ ਹੈ। ਨਾੜੀਆਂ 'ਚ ਸਭ ਪੁੱਠਾ-ਸਿੱਧਾ ਕਰ ਦਿੰਦੀ ਹੈ। |
| ਜੋਨ | ਮੇਰਾ ਨਰਵਸ ਸਿਸਟਮ ਬਿਲਕੁਲ ਫ਼ਿੱਟ ਹੈ। (ਉਸਦੀ ਅਵਾਜ਼ ਹੋਰ ਖੁਰਦਰੀ ਹਈ ਜਾਂਦੀ ਹੈ।) ਦਿਲ ਦਿਮਾਗ ਸਭ ਸਹੀ ਹੈ ਮੇਰਾ। ਮੇਰੇ ਖ਼ਾਨਦਾਨ 'ਚ ਕਦੇ ਕਿਸੇ ਨੂੰ. . |
| ਬੇਰੰਜਰ | ਮੈਨੂੰ ਪਤਾ .. ਮੈਨੂੰ ਪਤਾ ਤੂੰ ...। ਸ਼ਾਇਦ ਠੰਡ ਲੱਗ ਗਈ ਹੈ ਬਸ। ਕਿਤੇ ਬੁਖ਼ਾਰ ਤਾ ਨਹੀਂ ? |
| ਜੋਨ | ਪਤਾ ਨਹੀਂ ? ਹਾਂ, ਸ਼ਾਇਦ ਬੁਖ਼ਾਰ. . ਲਗਦੈ। ਸਿਰ ਦੁੱਖ ਰਿਹੈ। |
| ਬੇਰੰਜਰ | ਹਲਕਾ ਮਾਈਗ੍ਰੇਨ ਹੈ ਬਸ। ਕੀ ਤੂੰ ਇਕੱਲਾ ਆਰਾਮ ਕਰਨਾ ਚਾਹੇਗਾ। |
| ਜੋਨ | ਨਹੀਂ, ਤੂੰ ਬੈਠ। ਮੇਰੀ ਫ਼ਿਕਰ ਨਾ ਕਰ। |
| ਬੇਰੰਜਰ | ਤੇਰੀ ਅਵਾਜ਼ ਵੀ ਖੁਰਦਰੀ ਹੈ। |
| ਜੋਨ | ਖੁਰਦਰੀ ? |
| ਬੇਰੰਜਰ | ਹਾਂ, ਥੋੜ੍ਹੀ ਜਿਹੀ। ਇਸੇ ਲਈ ਮੈਂ ਪਛਾਣੀ ਨਹੀਂ। |
| ਜੋਨ | ...ਖੁਰਦਰੀ ਕਿਉਂ ਹੋਏਗੀ ? ਮੇਰੀ ਅਵਾਜ਼ ਬਿਲਕੁਲ ਨਹੀਂ ਬਦਲੀ; ਸਗੋਂ ਤੇਰੀ ਬਦਲੀ ਹੋਈ ਹੈ ! |
| ਬੇਰੰਜਰ | ਮੇਰੀ ? |
| ਜੋਨ | ਹਾਂ, ਕਿਉ ? |
| ਬੇਰੰਜਰ | ਹੋ ਸਕਦਾ ਹੈ। ਮੈਂ ਧਿਆਨ ਨਹੀਂ ਦਿੱਤਾ। |
| ਜੋਨ | ਕਦੇ ਤਾਂ ਮੈਨੂੰ ਲਗਦੈ ਕਿ ਤੂੰ ਕਿਸੇ ਚੀਜ਼ ਵੱਲ ਧਿਆਨ ਦੇ ਵੀ ਸਕਦੈਂ ? (ਮੱਥਾ ਫੜ ਲੈਂਦਾ ਹੈ।) ਅਸਲ 'ਚ ਮੱਥਾ ਫਟ ਰਿਹਾ ਮੇਰਾ। ਸ਼ਾਇਦ ਕਿਤੇ ਵੱਜਾ ਹੋਏਗਾ। (ਉਸਦੀ ਅਵਾਜ਼ ਹੋਰ ਖੁਰਦਰੀ ਹੋ ਜਾਂਦੀ ਹੈ।) |
| ਬੇਰੰਜਰ | ਕਦੋਂ ਦੀ ਗੱਲ ਹੈ ? |

| | |
|---|---|
| ਜੋਨ | ਪਤਾ ਨਹੀਂ। ਕੁਝ ਯਾਦ ਨਹੀਂ... ਕਦੋਂ ਹੋਇਆ। |
| ਬੇਰੰਜਰ | ਪਰ ਸੱਟ ਤਾਂ ਲੱਗੀ ਹੋਏਗੀ ਨਾ. |
| ਜੋਨ | ਸ਼ਾਇਦ ਸੁੱਤੇ ਸੁੱਤੇ ਈ ਕਿਤੇ ਮਾਰ ਬੈਠਾਂ। |
| ਬੇਰੰਜਰ | ਸੁੱਤ ਪਏ ਵੀ ਵੱਜਦਾ ਤਾਂ ਜਾਗ ਆ ਜਾਣੀ ਸੀ। ਸ਼ਾਇਦ ਸੁਫ਼ਨੇ 'ਚ ਈ ਕਿਤੇ ਢੂੰ ਮਾਰ ਬੈਠਾਂ। |
| ਜੋਨ | ਮੈਂ ਸੁਫ਼ਨੇ ਨਹੀਂ ਦੇਖਦਾ.. |
| ਬੇਰੰਜਰ | ਇਹ ਸਿਰਦਰਦ ਸੁੱਤੇ ਸੁੱਤੇ ਸ਼ੁਰੂ ਹੋਇਆ ਹੋਏਗਾ। ਸੁਫ਼ਨਾ ਤੂੰ ਭੁੱਲ ਗਿਆ ਹੋਏਂਗਾ, ਜਾਂ ਕਿਤੇ ਅਵਚੇਤਨ 'ਚ ਯਾਦ ਹੋਏਗਾ। |
| ਜੋਨ | ਅਵਚੇਤਨ.., ਮੈਂ ? ਮੈਂ ਆਪਣੀਆਂ ਸੋਚਾਂ ਦਾ ਆਪ ਮਾਲਕ ਹਾਂ, ਮੇਰਾ ਮਨ ਇਧਰ ਉਧਰ ਨਹੀਂ ਭਟਕਦਾ। ਮੈਂ ਹਮੇਸ਼ਾ ਸਾਫ਼ ਸਾਫ਼ ਸੋਚਦਾ, ਬਿਲਕੁਲ ਸਾਫ਼ ਤੇ ਸਿੱਧਾ। |
| ਬੇਰੰਜਰ | ਓ ਹਾਂ, ਹਾਂ। ਮੈਂ ਸਮਝਾ ਨਹੀਂ ਸਕਿਆ। |
| ਜੋਨ | ਤਾਂ ਸਮਝਾਓ; ਗੱਲ ਨੂੰ ਸਪਸ਼ਟ ਕਰੋ। ਵੈਸੇ ਤੈਨੂੰ ਲੋੜ ਨਹੀਂ ਮੇਰੇ ਬਾਰੇ ਸਿਰਖਪਾਈ ਕਰਨ ਦੀ, ਇਹ ਤੇਰੇ ਅੰਦਾਜ਼ੇ.. ਚੁੱਭਦੇ ਨੇ ਮੈਨੂੰ। |
| ਬੇਰੰਜਰ | ਸਿਰ ਦੁਖਦਾ ਹੋਏ ਤਾਂ ਬੰਦੇ ਨੂੰ ਲੱਗਦਾ ਹੀ ਹੈ ਕਿ ਸ਼ਾਇਦ ਕਿਤੇ ਵੱਜਿਆ ਹੋਏਗਾ। (ਨੇੜੇ ਹੁੰਦਾ ਹੈ।) ਜੇ ਸੱਚੀ ਕਿਤੇ ਵੱਜਿਆ ਹੋਏਗਾ ਤਾਂ ਰੋੜ ਪਿਆ ਹੋਵੇਗਾ। (ਜੋਨ ਵੱਲ ਦੇਖਦੇ ਹੋਏ) ਹੋਓ, ਤੇਰੇ ਤਾਂ ਹੈ, ਸੱਚਮੁੱਚ ਰੋੜ ਪਿਆ ਹੈ। |
| ਜੋਨ | ਰੋੜ ਪਿਆ ? |
| ਬੇਰੰਜਰ | ਹਾਂ, ਛੋਟਾ ਜਿਹਾ। |
| ਜੋਨ | ਕਿੱਥੇ ? |
| ਬੇਰੰਜਰ | (ਉਸਦੇ ਮੱਥੇ ਵੱਲ ਇਸ਼ਾਰਾ ਕਰਦੇ ਹੋਏ) ਓ ਓ ਓਥੇ, ਨੱਕ ਦੇ ਬਿਲਕੁਲ ਉੱਪਰ। |
| ਜੋਨ | ਕੋਈ ਰੜ ਨਹੀਂ ਹੈ ਮੇਰੇ। ਮੇਰੇ ਪੂਰੇ ਖ਼ਾਨਦਾਨ 'ਚ ਕਦੇ ਕਿਸੇ ਦੇ ਨਹੀਂ ਰਿਹਾ... ਰੋੜ। |
| ਬੇਰੰਜਰ | ਸ਼ੀਸ਼ਾ ਹੈ ? |
| ਜੋਨ | ਹੱਦ ਹੁੰਦੀ ਏ ਕੋਈ। (ਮੱਥੇ ਨੂੰ ਟੋਂਹਦਾ ਹੈ) ਕਝ ਹੈ ਤਾ ਹੈ। ਮੈਂ ਬਾਥਰੂਮ 'ਚ ਜਾ ਕੇ ਦੇਖਦਾਂ। (ਝਟਕੇ ਨਾਲ ਉੱਠ ਕੇ ਬਾਥਰੂਮ ਵੱਲ ਜਾਂਦਾ ਹੈ। ਬੇਰੰਜਰ ਉਸਨੂੰ ਗੌਰ ਨਾਲ ਦੇਖਦਾ ਹੈ। ਫੇਰ ਬਾਥਰੂਮ 'ਚੋ ਆਵਾਜ ਆਉਂਦੀ ਹੈ।) ਹਾਂ, ਹੈ ਤਾਂ ਸਹੀ, ਰੋੜ ਹੈ। (ਉਹ ਬਾਹਰ ਆਉਂਦਾ ਹੈ ਤਾਂ ਉਸਦੀ ਚਮੜੀ ਹਰੀ ਹੋ ਚੁੱਕੀ ਹੈ।) ਦੇਖਿਆ, ਮੈਂ ਸਹੀ ਸੀ, ਕਿਤੇ ਵੱਜਾ.. |
| ਬੇਰੰਜਰ | ਤੇਰੀ ਤਬੀਅਤ ਠੀਕ ਨਹੀਂ, ਚਮੜੀ ਵੀ ਹਰੀ ਹੋ ਰਹੀ। |
| ਜੋਨ | ਲੱਗਦਾ ਤੈਨੂੰ ਮਜ਼ਾ ਆਉਂਦੈ .. ਮੈਨੂੰ ਚਿੜਾ ਕੇ। ਕਦੇ ਆਪਣੇ 'ਤੇ |

ਡਾਤ ਮਾਰੀ ਐ।

ਬੇਰੰਜਰ ਨਹੀ, ਮੈਂ ਚਿੜਾ ਨਹੀਂ ਰਿਹਾ।

ਜੌਨ (ਖੁਰਦਰਾ) ਅੱਛਾ... ਲੱਗਦਾ ਤਾਂ ਨਹੀਂ।

ਬੇਰੰਜਰ ਸਾਹ ਵੀ ਬੋਝਲ ਹੋ ਰਹੀ ਏ। ਗਲ਼ਾ ਠੀਕ ਹੈ?

(ਜੌਨ ਮੁੜ ਆਪਣੇ ਬੈੱਡ 'ਤੇ ਜਾ ਕੇ ਬੈਠ ਜਾਂਦਾ ਹੈ।)

ਬੇਰੰਜਰ ਗਲ਼ਾ ਖ਼ਰਾਬ ਹੈ ਤਾਂ, ਟੌਂਸਲ ਵੀ ਹੋ ਸਕਦੇ।

ਜੌਨ ਕਿਉਂ... ਕਿਓਂ ਹੋ ਸਕਦੇ... ਟੌਂਸਲ।

ਬੇਰੰਜਰ ਇਹਦੇ 'ਚ ਸੰਗਣ ਵਾਲੀ ਕੀ ਗੱਲ ਹੈ, ਮੈਨੂੰ ਕਈ ਵਾਰ ਹੋ ਜਾਂਦੈ।

ਨਬਜ਼ ਵਿਖਾ ਜ਼ਰਾ।

(ਉੱਠ ਕੇ ਉਸਦੀ ਨਬਜ਼ ਦੇਖਦਾ ਹੈ।)

ਜੌਨ (ਹੋਰ ਵੀ ਖੁਰਦਰੀ ਅਵਾਜ਼ 'ਚ) ਓਹ, ਸਭ ਠੀਕ ਹੋ ਜਾਏਗਾ।

ਬੇਰੰਜਰ ਨਬਜ਼ ਤਾਂ ਨਾਰਮਲ ਹੈ। ਘਬਰਾਉਣ ਦੀ ਲੋੜ ਨਹੀਂ।

ਜੌਨ ਮੈਂ ਕੋਈ ਘਬਰਾਇਆ ਨਹੀ; ਮੈਂ ਕਿਉਂ ਘਬਰਾਵਾਂਗਾ?

ਬੇਰੰਜਰ ਹਾਂ, ਠੀਕ ਤਾਂ ਹੈ, ਥੋੜ੍ਹੇ ਆਰਾਮ ਕਰੋ. ਸਭ ਠੀਕ ਹੋ ਜਾਏਗਾ।

ਜੌਨ ਆਰਾਮ ਦਾ ਸਮਾ ਨਹੀ ਮੇਰੇ ਕੋਲ। ਕੁਝ ਖਾਣ ਨੂੰ ਲੈ ਕੇ ਆਉਣਾ।

ਬੇਰੰਜਰ ਜੇ ਭੁੱਖ ਠੀਕ ਹੈ ਤਾਂ ਬਸ ਸਭ ਠੀਕ ਹੈ। ਪਰ ਫੇਰ ਵੀ, ਕੁਝ ਦਿਨ ਤਾਂ

ਆਰਾਮ ਕਰਨਾ ਚਾਹੀਦਾ। ਪਰਹੇਜ਼ ਹਮੇਸ਼ਾ ਚੰਗਾ ਹੁੰਦਾ ਭਾਈ।

ਡਾਕਟਰ ਆਇਆ ਸੀ?

ਜੌਨ ਮੈਂ ਡਾਕਟਰ ਤੋਂ ਕੀ ਕਰਾਉਣੈ।

ਬੇਰੰਜਰ ਪਰ ਤੈਨੂੰ ਲੋੜ ਹੈ ਉਸਦੀ।

ਜੌਨ ਹੁਣ ਤੂੰ ਡਾਕਟਰ ਲੈਣ ਨਾ ਚਲਾ ਜਾਈਂ, ਮੈਂ ਬਿਲਕੁਲ ਨਹੀ ਚਾਹੁੰਦਾ

ਕਿ ਡਾਕਟਰ ਆਏ! ਮੈਂ ਆਪਣਾ ਖ਼ਿਆਲ ਰੱਖ ਸਕਦਾਂ।

ਬੇਰੰਜਰ ਪਰ ਡਾਕਟਰੀ ਸਲਾਹ ਨੂੰ ਇਉਂ ਰੱਦ ਨਹੀਂ ਕਰ ਸਕਦੇ।

ਜੌਨ ਡਾਕਟਰਾਂ ਦਾ ਕੀ ਹੈ, ਉਹ ਤਾਂ ਉਂ ਈ ਬੀਮਾਰੀਆਂ ਲੱਭ ਲੈਂਦੇ..

ਜਿਹੜੀਆਂ ਹੁੰਦੀਆਂ ਹੀ ਨਹੀਂ।

ਬੇਰੰਜਰ ਕਿਸੇ ਦੇ ਭਲੇ ਦੀ ਖ਼ਾਤਰ ਹੀ ਨਾ, ਲੋਕਾਂ ਦਾ ਖ਼ਿਆਲ ਰੱਖਣ ਲਈ,

ਹੋਰ ਉਨ੍ਹਾਂ ਕੀ ਲੈਣਾ।

ਜੌਨ ਮੈਂ ਤੈਨੂੰ ਦੱਸ ਰਿਹਾਂ, ਉਹ ਬਸ ਬੀਮਾਰੀਆਂ ਘੜਦੇ ਆ, ਲੱਭਦੇ...।

ਬੇਰੰਜਰ ਹੋ ਸਕਦਾ ਹੈ; ਪਰ ਲੱਭਣ ਤੋਂ ਬਾਅਦ ਠੀਕ ਵੀ ਤਾਂ ਕਰਦੇ..।

ਜੌਨ ਮੇਰਾ ਸਿਰਫ਼ ਡੰਗਰ ਡਾਕਟਰਾਂ 'ਚ ਯਕੀਨ ਹੈ। ਬਸ।

(ਬੇਰੰਜਰ ਜਿਹੜਾ ਉਸਦੀ ਨਬਜ਼ ਛੱਡ ਚੁੱਕਾ ਸੀ, ਮੁੜ ਫੜਦਾ ਹੈ।)

ਬੇਰੰਜਰ ਨਸਾਂ 'ਚ ਸੋਜ ਆ ਰਹੀ ਹੈ, ਬਾਹਰ ਨੂੰ ਉੱਭਰ ਰਹੀਆਂ..।

ਜੌਨ ਮਰਦਾਨਗੀ ਦੀ ਨਿਸ਼ਾਨੀ ਹੈ।

ਬੇਰੰਜਰ ਠੀਕ ਹੈ ਸਿਹਤ ਤੇ ਤਾਕਤ ਦੀ ਨਿਸ਼ਾਨੀ ਤਾਂ ਹੈ ਇਹ.., ਪਰ

(ਉਹ ਜੇਨ ਦੀ ਬਾਹ ਨੂੰ ਗ਼ੌਰ ਨਾਲ ਦੇਖਦਾ ਹੈ, ਜਦ ਤੱਕ ਜੇਨ ਝਟਕੇ ਨਾਲ ਛੁੜਾ ਨਹੀਂ ਲੈਂਦਾ।)

ਜੇਨ — ਕੀ ਲੱਗਦੈ ਤੈਨੂੰ, ਕੀ ਕਰ ਰਿਹਾਂ ਤੂੰ, ਇੰਝ ਦੇਖ ਰਿਹੈਂ ਜਿਵੇਂ ਮੈਂ ਕੋਈ ਅਜੀਬ ਜਾਨਵਰ ਹੋਵਾ?

ਬੇਰੰਜਰ — ਤੇਰੀ ਚਮੜੀ...

ਜੇਨ — ਤੂੰ ਮੇਰੀ ਚਮੜੀ ਤੋ ਕੀ ਲੈਣਾ? ਮੈਂ ਤਾਂ ਤੇਰੀ ਚਮੜੀ ਬਾਰੇ ਕੁਝ ਨਹੀਂ ਕਿਹਾ, ਕਿਹਾ ਕਦੇ?

ਬੇਰੰਜਰ — ਲੱਗਦਾ..., ਦਿਸਦਾ ਰੰਗ ਬਦਲਦਾ ਜਾ ਰਿਹੇ..., ਹਾਂ, ਹਰੀ ਹੁੰਦੀ ਜਾ ਰਹੀ। (ਜੇਨ ਦਾ ਹੱਥ ਫੜਨ ਦੀ ਕੋਸ਼ਿਸ਼ ਕਰਦਾ ਹੈ।) ਤੇ ਸਖਤ ਵੀ।

ਜੇਨ — ਤੂੰ ਮੈਨੂੰ ਚੂੰਢੀਆਂ ਵੱਢਣਾ ਛੱਡ! ਪੰਗਾ ਕੀ ਐ ਤੈਨੂੰ? ਕਿਉਂ ਮੇਰੇ ਪਿੱਛੇ ਪਿਆ ਏਂ।

ਬੇਰੰਜਰ — (ਆਪਣੇ ਆਪ ਨਾਲ) ਮਾਮਲਾ ਕੁਝ ਜਿਆਦਾ ਈ ਗੰਭੀਰ ਹੈ, ਏਨਾ ਤਾਂ ਸੋਚਿਆ ਨਹੀਂ ਸੀ। (ਜੇਨ ਨੂੰ) ਡਾਕਟਰ ਨੂੰ ਬੁਲਾਉਣਾ ਚਾਹੀਦਾ। (ਉਹ ਫੋਨ ਵੱਲ ਜਾਂਦਾ ਹੈ।)

ਜੇਨ — ਹੱਥ ਨਾ ਲਾਈਂ ਇਹਨੂੰ (ਧੱਕਾ ਮਾਰਦਾ ਹੈ, ਬੇਰੰਜਰ ਲੜਖੜਾ ਜਾਂਦਾ ਹੈ।) ਤੂੰ ਆਪਣੇ ਕੰਮ ਨਾਲ ਕੰਮ ਰੱਖ।

ਬੇਰੰਜਰ — ਠੀਕ ਹੈ। ਮੈਂ ਤਾਂ ਤੇਰੇ ਓ ਭਲੇ ਦੀ ਸੋਚ ਰਿਹਾ ਸੀ।

ਜੇਨ — (ਖੰਘਦੇ ਹੋਏ, ਸਾਹਾਂ ਦਾ ਸ਼ੋਰ ਵੱਧ ਜਾਂਦਾ ਹੈ) ਆਪਣੇ ਭਲੇ ਬਾਰੇ ਮੈਂ ਤੇਰੇ ਨਾਲੋਂ ਵੱਧ ਜਾਣਦਾਂ।

ਬੇਰੰਜਰ — ਘਰਰ ਘਰਰ ਹੋ ਰਹੀ ਤੇਰੇ ਸਾਹਾਂ 'ਚ।

ਜੇਨ — ਹਰ ਕੋਈ ਆਪਣੇ ਹਿਸਾਬ ਨਾਲ ਸਾਹ ਲੈਂਦਾ। ਤੈਨੂੰ ਇਹ ਪਸੰਦ ਨਹੀਂ ਜਿਵੇਂ ਮੈਂ ਸਾਹ ਲੈ ਰਿਹਾਂ ਤੇ ਮੈਨੂੰ ਤੇਰੇ ਸਾਹ ਲੈਣ ਦਾ ਢੰਗ ਪਸੰਦ ਨਹੀਂ। ਕਿਵੇਂ ਮਰਿਆ ਵਾਂਗ ਸਾਹ ਲੈਂਦਾਂ ਤੂੰ ..ਸੁਣਾਈ ਵੀ ਨਹੀਂ ਦਿੰਦੀ; ਲਗਦੈ ਬਸ ਹੁਣੇ ਡਿੱਗਾ ਕਿ ਡਿੱਗਾ. . ਬਸ ਖਤਮ।

ਬੇਰੰਜਰ — ਮੈਨੂੰ ਪਤਾ ਮੈਂ ਤੇਰੇ ਜਿੰਨਾ ਤਕੜਾ ਨਹੀਂ।

ਜੇਨ — ਮੈਂ ਤਾਂ ਕਦੇ ਤੈਨੂੰ ਡਾਕਟਰ ਵੱਲ ਲਿਜਾਣ ਦੀ ਜ਼ਿੱਦ ਨਹੀਂ ਕੀਤੀ, ਕੀਤੀ ਕਦੇ? ਲੋਕਾਂ ਨੂੰ ਉਨ੍ਹਾਂ ਦੇ ਹਿਸਾਬ ਨਾਲ ਜਿਉਣ ਦਿਓ।

ਬੇਰੰਜਰ — ਨਾਰਾਜ਼ ਕਿਉਂ ਹੋ ਰਿਹੈਂ ਯਾਰ। ਮੈਂ ਤੇਰਾ ਦੋਸਤ ਹਾਂ।

ਜੇਨ — ਕੋਈ ਯਾਰੀ-ਯੂਰੀ ਨਹੀਂ.. ਕੋਈ ਦੋਸਤੀ ਨਹੀਂ। ਉੱਕਾ ਯਕੀਨ ਨਹੀਂ ਮੈਨੂੰ ਤੇਰੀ ਦੋਸਤੀ 'ਚ।

ਬੇਰੰਜਰ — ਇਹ ਤਾਂ ਤੂੰ ਧੱਕਾ ਕਰ ਰਿਹੈਂ। ਦਿਲ 'ਤੇ. .

ਜੇਨ — ਕੋਈ ਦਿਲ 'ਤੇ ਲਾਉਣ ਵਾਲੀ ਗੱਲ ਨਹੀਂ ਇਹਦੇ 'ਚ।

ਬੇਰੰਜਰ — ਦੇਖ ਯਾਰ ਤੂੰ...

| | |
|---|---|
| ਜੇਨ | ਮੈਂ ਕੋਈ ਤੇਰਾ ਯਾਰ ਨਹੀਂ। |
| ਬੇਰੰਜਰ | ਤੂੰ ਤਾਂ ਬੜਾ ਆਦਮਖੋਰ ਲੱਗ ਰਿਹਾਂ ਅੱਜ। |
| ਜੇਨ | ਹਾਂ, ਮੈਂ ਹਾਂ ਆਦਮਖੋਰ, ਖੂੰਖਾਰ ਆਦਮਖੋਰ। ਤੇ ਆਦਮਖੋਰ ਹੋਣਾ ਮੈਨੂੰ ਪਸੰਦ ਹੈ। |
| ਬੇਰੰਜਰ | ਤੈਨੂੰ ਲਗਦੈ... ਕੱਲ੍ਹ ਦਾ ਗੁੱਸਾ ਹਾਲੇ ਉੱਤਰਿਆ ਨਹੀਂ। ਮੈਂ ਗਲਤੀ ਮੰਨਦਾ ਆਪਣੀ, ਇਸੇ ਲਈ ਤਾਂ ਆਇਆਂ ਮਾਫ਼ੀ ਮੰਗਣ। |
| ਜੇਨ | ਕਿਸ ਗੱਸੇ ਦੀ ਗੱਲ ਕਰ ਰਿਹਾਂ ਤੂੰ ? |
| ਬੇਰੰਜਰ | ਤੈਨੂੰ ਪਤਾ ਈ ਏ, ਹੁਣੇ ਤਾ ਗਲ ਹੋਈ, ਓ ਗੇਂਡਿਆਂ ਬਾਰੇ.. |
| ਜੇਨ | (ਬੇਰੰਜਰ ਨੂੰ ਸੁਣਦਾ ਹੀ ਨਹੀਂ) ਇਹ ਗੱਲ ਨਹੀਂ ਕਿ ਮੈਂ ਕੋਈ ਲੋਕਾਂ ਨੂੰ ਨਫ਼ਰਤ ਕਰਦਾਂ। ਮੈਨੂੰ ਬਸ ਉਨ੍ਹਾਂ ਨਾਲ ਕੋਈ ਲੈਣਾ ਦੇਣਾ ਨਹੀਂ। ਸਗੋਂ.. ਬਸ.. ਘਿਣ ਆਉਂਦੀ..; ਤੇ ਚੰਗਾ ਉਨ੍ਹਾਂ ਲਈ ਇਹੋ ਹੈ ਕਿ ਉਹ ਮੇਰੀਆਂ ਰਾਹਾਂ ਤੋਂ ਦੂਰ ਰਹਿਣ, ਨਹੀਂ... ਮੈਂ ਰੋਂਦ ਦਿਆਂਗਾ ਸਭਨੂੰ ਪੈਰਾਂ ਹੇਠ। |
| ਬੇਰੰਜਰ | ਤੈਨੂੰ ਪਤਾ.. ਕਿ ਮੈਂ ਕਦੇ ਤੇਰੀ ਰਾਹ 'ਚ ਆਉਣ ਵਾਲਾ ਨਹੀਂ। |
| ਜੇਨ | ਮੇਰੇ ਜੀਵਨ ਦਾ ਬਸ ਇੱਕੋ ਨਿਸ਼ਾਨਾ ਹੈ। ਤੇ ਮੈਂ ਸਿੱਧਾ ਉਸ ਵੱਲ ਸੂਟ ਵੱਟਦਾਂ। |
| ਬੇਰੰਜਰ | ਮੈਨੂੰ ਪੱਕਾ ਹੈ ਕਿ ਤੂੰ ਠੀਕ ਹੈਂ। ਪਰ ਲਗਦੈ.. ਤੂੰ ਕਿਸੇ ਨੈਤਿਕ ਘਚੋਲੇ 'ਚੋਂ ਲੰਘ ਰਿਹੈਂ। |
| | (ਜੇਨ ਇੱਕ ਸਿਰੇ ਤੋਂ ਦੂਸਰੇ ਸਿਰੇ ਤਾਈਂ ਕਮਰੇ 'ਚ ਇੰਝ ਘੁੰਮਦਾ ਹੈ ਜਿਵੇਂ ਕੋਈ ਹਿੰਸਕ ਜਾਨਵਰ ਪਿੰਜਰੇ 'ਚ ਗੇੜੇ ਲਾਉਂਦਾ ਹੈ। ਬੇਰੰਜਰ ਉਸਨੂੰ ਗੌਹ ਨਾਲ ਦੇਖਦਾ ਹੈ ਤੇ ਕਈ ਵਾਰ ਬਚਾਓ ਲਈ ਉਸਦੀ ਰਾਹ ਤੋਂ ਪਰੇ ਹਟਦਾ ਹੈ। ਜੇਨ ਦੀ ਆਵਾਜ਼ ਖੁਰਦਰੀ ਹੋਈ ਜਾਂਦੀ ਹੈ।) |
| ਬੇਰੰਜਰ | ਤੈਨੂੰ ਖ਼ੁਦ ਨੂੰ ਉਕਸਾਉਣਾ ਨਹੀਂ ਚਾਹੀਦਾ, ਇਹ ਤੇਰੇ ਲਈ ਠੀਕ ਨਹੀਂ। |
| ਜੇਨ | ਇਨ੍ਹਾਂ ਕੱਪੜਿਆਂ 'ਚ ਮੈਂ.. ਫਸਿਆ ਫਸਿਆ ਮਹਿਸੂਸ ਕਰਦਾਂ; ਇਹ ਪਜਾਮੇ 'ਤੇ ਖਿਝ ਆ ਰਹੀ ਏ ਮੈਨੂੰ...। ( ਉਹ ਆਪਣੇ ਪਜਾਮੇ ਅਤੇ ਜਾਕੇਟ ਨੂੰ ਲਾਹੁੰਦਾ ਹੈ ਤੇ ਫੇਰ ਉੱਪਰ ਕਰ ਲੈਂਦਾ ਹੈ।) |
| ਬੇਰੰਜਰ | ਪਰ ਇਹ ..ਤੇਰੀ ਚਮੜੀ ਨੂੰ ਕੀ ਹੋਇਆ ? |
| ਜੇਨ | ਤੂੰ ਮੇਰੀ ਚਮੜੀ ਦੇ ਖਹਿੜੇ ਕਿਉਂ ਪਿਐਂ ? ਮੈਂ ਤੇਰੇ ਨਾਲ ਇਸਨੂੰ ਬਦਲਣ ਨਹੀਂ ਲੱਗਾ। |
| ਬੇਰੰਜਰ | ਮੋਟੀ ਖੱਲੜੀ ਬਣਦੀ ਜਾ ਰਹੀ। |
| ਜੇਨ | ਹੋਰ ਮਜਬੂਤ ਹੋ ਜਾਏਗੀ। ਗਰਮੀ-ਸਰਦੀ ਕਿਸੇ ਦਾ ਕੋਈ ਅਸਰ ਨਹੀਂ--ਵੈਦਰਪਰੂਫ਼। |

| | |
|---|---|
| ਬੇਰੰਜਰ | ਹਰਾ ਹੁੰਦਾ ਜਾ ਰਿਹਾਂ ਤੂੰ.. |
| ਜੋਨ | ਰੰਗਾਂ ਦਾ ਸੁਦਾਅ ਹੋ ਗਿਆ ਤੈਨੂੰ। ਅਜੂਬੇ ਨਜਰ ਆ ਰਹੇ ਤੈਨੂੰ। ਫੇਰ ਪੀ ਕੇ ਆਇਆਂ...। |
| ਬੇਰੰਜਰ | ਕੱਲ੍ਹ ਪੀਤੀ ਸੀ, ਪਰ ਅੱਜ ਤਾਂ ਮੂੰਹ ਨੀ ਲਾਈ.. |
| ਜੋਨ | ਜਿਹੜੇ ਪੀਤੇ ਘੜਿਆਂ ਦੇ ਘੜੇ... ਉਨ੍ਹਾ ਦਾ ਫਲ਼ ਭੋਗ ਰਿਹੈਂ ਤੂੰ... |
| ਬੇਰੰਜਰ | ਮੈਂ ਤੈਨੂੰ ਜ਼ਬਾਨ ਦਿੱਤੀ ਸੀ ਕਿ ਨਵਾਂ ਨਕੋਰ ਹੋ ਕੇ ਆਵਾਂਗਾ। ਤੇਰੇ ਵਰਗੇ ਮਿੱਤਰਾਂ ਦੀ ਮੈਂ ਹਮੇਸ਼ਾ ਮੰਨਦਾ। ਕੋਈ ਸ਼ਰਮਿੰਦਗੀ ਨਹੀਂ ਹੁੰਦੀ ਮੈਨੂੰ... ਸਗੋਂ ਉਲਟਾ! |
| ਜੋਨ | ਤੈਨੂੰ ਕੀ ਹੁੰਦੈ.. ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਘਰਰ... |
| ਬੇਰੰਜਰ | ਕੀ ਕਿਹਾ... |
| ਜੋਨ | ਮੈਂ ਕੁਝ ਨਹੀਂ ਕਿਹਾ। ਸਿਰਫ਼ ਘਰਰ . ਕੀਤਾ.. ਕਿਉਂਕਿ ਮੇਰਾ ਜੀ ਕੀਤਾ...। |
| ਬੇਰੰਜਰ | (ਇੱਕ-ਟੱਕ ਜੋਨ ਵੱਲ ਦੇਖਦੇ ਹੋਏ) ਤੈਨੂੰ ਪਤੈ ਬਿਊਫ਼ ਨਾਲ ਕੀ ਹੋਇਆ? ਗੈਂਡਾ ਬਣ ਗਿਆ ਉਹ। |
| ਜੋਨ | ਕੀ ਹੋਇਆ ਬਿਊਫ਼ ਨੂੰ? |
| ਬੇਰੰਜਰ | ਉਹ ਗੈਂਡਾ ਬਣ ਗਿਆ। |
| ਜੋਨ | (ਜਾਕੇਟ ਦੇ ਕਾਲਰਾਂ ਨਾਲ ਹਵਾ ਝਲਦੇ ਹੋਏ) ਘਰਰ... |
| ਬੇਰੰਜਰ | ਛੱਡ ਪਰਾਂ ਹਣ, ਮਜ਼ਾਕ ਬੰਦ ਕਰ ਯਾਰ. |
| ਜੋਨ | ਮੈਂ ਘਰਰ ਕਰ ਸਕਦਾਂ .. ਜੇ ਮੇਰਾ ਜੀ ਕਰੇ ਤਾਂ, ਨਹੀਂ? ਪੂਰਾ ਹੱਕ ਹੈ ਮੇਰਾ, ਮੈਂ ਆਪਣੇ ਘਰ 'ਚ ਆਂ। |
| ਬੇਰੰਜਰ | ਮੈਂ ਨਹੀਂ ਕਿਹਾ ਕਿ ਤੂੰ ਕਰ ਨਹੀਂ ਸਕਦਾ.. |
| ਜੋਨ | ਤੇ ਜੇ ਮੈਂ ਤੂੰ ਹੁੰਦਾ ਤਾਂ ਹਰਗਿਜ਼ ਨਾ ਕਰਦਾ। ਗਰਮੀ... ਗਰਮੀ ਲੱਗ ਰਹੀ ਏ ਮੈਨੂੰ ...ਗਰਮੀ ..ਘਰਰ... ਇਕ ਮਿੰਟ। ਮੈਂ ਜਰਾ ਠੰਡਾ ਹੋ ਕੇ ਆਉਂਦਾਂ। |
| | (ਜੋਨ ਬਾਥਰੂਮ ਵੱਲ ਭੱਜਦਾ ਹੈ।) |
| ਬੇਰੰਜਰ | ਬੁਖ਼ਾਰ ਲਗਦਾ... ਸਿਰ ਨੂੰ ਚੜ੍ਹ ਗਿਆ। |
| | (ਜੋਨ ਬਾਥਰੂਮ 'ਚ ਹੈ, ਫਵਾਰੇ ਦੀ ਆਵਾਜ਼ ਦੇ ਨਾਲ-ਨਾਲ ਉਸਦੇ ਤੇਜ਼ ਸਾਹਾਂ ਤੇ ਘਰਰ-ਘਰਰ ਦੀ ਅਵਾਜ਼ ਆਉਂਦੀ ਰਹਿੰਦੀ ਹੈ ) |
| ਜੋਨ | (ਬਾਹਰੋਂ) ਘਰਰ..। |
| ਬੇਰੰਜਰ | ਲਗਦੈ ਕੰਬਣੀ ਛਿੜੀ ਹੈ.. । ਹੁਣ ਮੌਕਾ ਏ... ਮੇਰੇ ਕੋਲ... ਡਾਕਟਰ ਨੂੰ ਫੋਨ ਕਰਦਾਂ। |
| | (ਉਹ ਫੋਨ ਕੋਲ ਪਹੁੰਚਦਾ ਹੈ ਤੇ ਜੋਨ ਦੀ ਆਵਾਜ਼ ਸੁਣ ਕੇ ਇਕਦਮ ਪਿੱਛੇ ਹੋ ਜਾਂਦਾ ਹੈ। |
| ਜੋਨ | (ਬਾਹਰੋਂ) ਤਾਂ ਉਹ ਬੁੱਢੜ ਬਿਊਫ਼ ਗੈਂਡਾ ਬਣ ਗਿਆ.. ਹੈ .ਸੱਚ? |

ਅਹ . ਅਹ.. ਅਹ. । ਬੇਵਕੂਫ਼ ਬਣਾ ਰਿਹੈ ਉਹ ਤੈਨੂੰ , ਭੇਸ ਬਦਲ ਲਿਆ ਹੋਣੈ ਉਹਨੇ। (ਜੇਨ ਬਾਥਰੂਮ ਦੇ ਦਰਵਾਜ਼ੇ 'ਚੋਂ ਸਿਰ ਬਾਹਰ ਕੱਢਦਾ ਹੈ। ਉਹ ਬਿਲਕੁਲ ਹਰਾ ਹੋ ਚੁੱਕਾ ਹੈ। ਨੱਕ ਉੱਪਰਲਾ ਗੁੰਭਡ਼ ਵੱਡਾ ਹੋ ਗਿਆ ਹੈ।) ਬਦਲਿਆ ਹੋਇਆ ਭੇਸ..

ਬੇਰੰਜਰ — (ਬਿਨਾਂ ਉਸ ਵੱਲ ਦੇਖਿਆਂ, ਵਾਪਿਸ ਆਉਂਦੇ ਹੋਏ) ਯਕੀਨ ਮੰਨੋ...ਉਹ ਬਿਲਕੁਲ ਸੀਰੀਅਸ ਲੱਗ ਰਿਹਾ ਸੀ।

ਜੇਨ — ਠੀਕ ਹੈ, ਜਿਵੇਂ ਉਹਦਾ ਜੀ ਕਰੇ..

ਬੇਰੰਜਰ — (ਜੇਨ ਵੱਲ ਮੁੜਦਾ ਹੈ, ਉਹ ਵਾਪਿਸ ਬਾਥਰੂਮ 'ਚ ਚਲਾ ਗਿਆ ਹੈ।) ਇਹ ਤਾਂ ਪੱਕੀ ਗੱਲ ਹੈ, ਉਸਨੇ ਜਾਣਬੁੱਝ ਕੇ ਤਾਂ ਨਹੀਂ ਕੀਤਾ। ਇੰਝ ਬਦਲ ਜਾਣਾ... ਉਹ ਕਦੀ ਚਾਹੁੰਦਾ ਨਹੀਂ ਸੀ।

ਜੇਨ — (ਬਾਹਰੋਂ) ਤੈਨੂੰ ਕਿਵੇ ਪਤਾ ?

ਬੇਰੰਜਰ — ਹਰ ਗੱਲ ਤੋਂ ਇੰਝ ਈ ਲਗਦੈ...।

ਜੇਨ — ਤੇ ਜੇ ਉਸਨੇ ਜਾਣਬੁੱਝ ਕੇ ਕੀਤਾ ਹੋਵੇ ? ਆਹ। ਫੇਰ ਕੀ . ਜੇ ਉਸਨੇ ਸੋਚ ਸਮਝ ਕੇ ਕੀਤਾ ਹੋਵੇ ?

ਬੇਰੰਜਰ — ਬੜੀ ਹੈਰਾਨੀ ਹੋਏਗੀ ਮੈਨੂੰ। ਲੱਗਦਾ ਨਹੀ ਕਿ ਕਿਸੇ ਵੀ ਤਰ੍ਹਾਂ ਮਿਸਟਰ ਬਿਊਫ਼ ਨੂੰ ਪਤਾ ਹੋਏਗਾ ਇਸ ਬਾਰੇ

ਜੇਨ — (ਗੁਰਾਂਦੇ ਹੋਏ) ਅਹ.. ਅਹ ਅਹ। ਬੱਢੀ ਮੋਟਣ ਜਨਾਨੀ ਉਸਦੀ ਬੇਵਕੂਫ ਹੈ ਨਿਰੀ!

ਬੇਰੰਜਰ — ਬੇਵਕੂਫ ਤਾ ਪਤਾ ਨਹੀਂ ਹੈ ਜਾਂ..

ਜੇਨ — (ਬੜੇ ਅੰਦਾਜ਼ ਨਾਲ ਮੰਚ 'ਤੇ ਆਉਂਦਾ ਹੈ, ਜਾਕੇਟ ਉਤਾਰਦਾ ਹੈ ਤੇ ਬਿਸਤਰ 'ਤੇ ਸੁੱਟ ਦਿੰਦਾ ਹੈ। ਬੇਰੰਜਰ ਨਜ਼ਰਾਂ ਪਰ੍ਹਾਂ ਨੂੰ ਕਰ ਲੈਂਦਾ ਹੈ। ਜੇਨ, ਜਿਸਦੀ ਪਿੱਠ ਤੇ ਛਾਤੀ ਹੁਣ ਹਰੇ ਹੋ ਚੁੱਕੇ ਹਨ, ਮੁੜ ਬਾਥਰੂਮ 'ਚ ਵੜ ਜਾਦਾ ਹੈ। ਅਵਾਜ਼ ਆਉਂਦੀ ਹੈ।) ਬਿਊਫ਼ ਨੇ ਕਦੇ ਆਪਣੀ ਤੀਵੀਂ ਨੂੰ ਪਤਾ ਨਹੀਂ ਲੱਗਣ ਦਿੱਤਾ ਕਿ ਉਹ ਕੀ ਕਰਨ ਵਾਲਾ।

ਬੇਰੰਜਰ — ਇਥੇ ਤੂੰ ਗ਼ਲਤ ਹੈ ਜੇਨ। ਉਨ੍ਹਾਂ 'ਚ ਕਦੇ ਕੋਈ ਓਹਲਾ ਨਹੀਂ ਸੀ, ਬੜਾ ਏਕੇ ਵਾਲਾ ਟੱਬਰ..

ਜੇਨ — ਏਕੇ ਵਾਲਾ ਹੱਛਾ ? ਪੱਕਾ.. ਹੂੰ ? ਹੂੰ ਘਰਰ . ਘਰਰ. .

ਬੇਰੰਜਰ — (ਬਾਥਰੂਮ ਵੱਲ ਜਾਂਦਾ ਹੈ, ਜੇਨ ਫਟਾਕ ਕਰਦਾ ਦਰਵਾਜ਼ਾ ਉਸਦੇ ਸਾਹਮਣੇ ਬੰਦ ਕਰ ਦਿੰਦਾ ਹੈ।) ਬਹੁਤ ਏਕੇ ਵਾਲਾ। ਇਸਦਾ ਸਬੂਤ ਇਹ ਹੈ ਕਿ...

ਜੇਨ — (ਅੰਦਰੋਂ) ਬਿਊਫ਼ ਦੀ ਆਪਣੀ ਇੱਕ ਨਿੱਜੀ ਜ਼ਿੰਦਗੀ ਸੀ। ਉਸਦਾ ਆਪਣਾ ਇੱਕ ਖੁਫ਼ੀਆ ਰੂਪ, ਜਿਸਨੂੰ ਉਸਨੇ ਧੁਰ ਅੰਦਰ ਲੁਕੋ ਕੇ ਰੱਖਿਆ ਸੀ, ਸਿਰਫ ਆਪਣੇ ਤੱਕ।

ਬੇਰੈਂਜਰ — ਮੈਨੂੰ ਬੁਲਾਉਣਾ ਨਹੀ ਚਾਹੀਦਾ ਤੈਨੂੰ, ਲਗਦੈ ਇਸ ਨਾਲ ਤਕਲੀਫ਼ ਵੱਧਦੀ ਹੈ।

ਜੋਨ — ਉਲਟਾ ਸਗੋਂ, ਰਾਹਤ ਮਿਲਦੀ ਹੈ।

ਬੇਰੈਂਜਰ — ਤਾ ਵੀ, ਪਲੀਜ਼, ਡਾਕਟਰ ਨੂੰ ਬੁਲਾ ਲੈਂਦੇ ਹਾਂ, . ਮਿੰਨਤ ਨਾਲ ਈ...

ਜੋਨ — ਹਰਗਿਜ ਨਹੀਂ। ਅੜੀਅਲ ਬੰਦਿਆਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਮੈਂ।

(ਜਨ ਵਾਪਸ ਬੈੱਡਰੂਮ 'ਚ ਆਉਂਦਾ ਹੈ। ਬੇਰੈਂਜਰ ਡਰ ਕੇ ਪਿੱਛੇ ਹਟ ਜਾਦਾ ਹੈ, ਕਿਉਂਕਿ ਉਹ ਕਾਫੀ ਹੱਦ ਤੱਕ ਹਰਾ ਹੋ ਚੁੱਕਾ ਹੈ ਤੇ ਬੜੀ ਮੁਸ਼ਕਲ ਨਾਲ ਬੋਲ ਪਾਉਂਦਾ ਹੈ। ਉਸਦੀ ਅਵਾਜ ਪਛਾਣੀ ਨਹੀਂ ਜਾਂਦੀ।)

ਜੋਨ — ਖੈਰ, ਗੈਂਡਾ ਉਹ ਭਾਵੇਂ ਮਰਜੀ ਨਾਲ ਬਣਿਆ ਹੋਵੇ ਜਾਂ ਮਜਬੂਰੀ ਨਾਲ, ਜੋ ਵੀ ਉਸਨੇ ਕੀਤਾ ਆਪਣੇ ਭਲੇ ਲਈ ਹੀ ਕੀਤਾ।

ਬੇਰੈਂਜਰ — ਤੂੰ .. ਇਹੋ ਜਿਹੀ ਗੱਲ ਕਿਵੇਂ ਕਰ ਸਕਦਾਂ? ਤੂੰ ਤਾਂ ਪੀਂਦਾ ਵੀ ਨਹੀਂ..

ਜੋਨ — ਤੈਨੂੰ ਹਮੇਸ਼ਾ ਹਰ ਸ਼ੈਅ ਦਾ ਬਸ ਕਾਲਾ ਪਾਸਾ ਈ ਨਜ਼ਰ ਆਉਂਦਾ। ਜ਼ਾਹਿਰ ਹੈ ਕਿ ਗੈਂਡਾ ਬਣ ਕੇ ਉਹਨੂੰ ਕਿੰਨੀ ਖੁਸ਼ੀ ਮਿਲੀ ਹੋਏਗੀ। ਇਹਦੇ 'ਚ ਅਨੋਖੀ ਗੱਲ ਕੀ ਹੈ!

ਬੇਰੈਂਜਰ — ਕੋਈ ਅਨੋਖੀ ਗੱਲ ਨਹੀ, ਪਰ ਮੈਨੂੰ ਲੱਗਦਾ ਨਹੀਂ ਕਿ ਉਹਨੂੰ ਕੋਈ ਖੁਸ਼ੀ ਹਈ ਹਏਗੀ।

ਜੋਨ — ਪਰ ਦਸ ਤਾਂ ਸਹੀ ਕਿਉਂ?

ਬੇਰੈਂਜਰ — ਦੱਸਣਾ ਤਾਂ ਮੁਸ਼ਕਿਲ ਹੈ; ਇਹ ਤਾਂ ਬਸ ਮਹਿਸੂਸ ਕਰਨ ਵਾਲੀ ਗੱਲ ਹੈ।

ਜੋਨ — ਮੈਂ ਤੈਨੂੰ ਦਸ ਦਿਆਂ ਇਹ ਕੋਈ ਇੰਨੀ ਮਾੜੀ ਗੱਲ ਵੀ ਨਹੀਂ। ਆਖ਼ਰ, ਗੈਂਡੇ ਵੀ ਬਿਲਕੁਲ ਸਾਡੇ ਵਾਂਗ ਜਿਉਂਦੇ-ਜਾਗਦੇ ਹਨ; ਉਨ੍ਹਾਂ ਨੂੰ ਵੀ ਜਿਊਣ ਦਾ ਓਨਾ ਹੀ ਹੱਕ ਹੈ ਜਿੰਨਾ ਸਾਨੂੰ।

ਬੇਰੈਂਜਰ — ਜਿੰਨੀ ਦੇਰ ਤੱਕ ਉਹ ਸਾਨੂੰ ਬਰਬਾਦ ਨਹੀਂ ਕਰਦੇ। ਇਹ ਤਾਂ ਤੂੰ ਮੰਨੇਂਗਾ ਕਿ ਮਾਨਸਿਕਤਾ ਦਾ ਫ਼ਰਕ ਹੈ।

ਜੋਨ — (ਕਮਰੇ 'ਚ ਤੇਜ਼ੀ ਨਾਲ ਗੋਲ ਗੋਲ ਘੁੰਮਦਾ ਹੈ, ਵਾਰ ਵਾਰ ਬਾਥਰੂਮ 'ਚ ਜਾਂਦਾ ਹੈ।) ਕੀ ਤੂੰ ਇਹ ਮੰਨੀ ਬੈਠਾਂ ਕਿ ਸਾਡਾ ਜਿਊਣਾ ਕੋਈ ਬਹੁਤ ਉੱਚੇ ਪੱਧਰ ਦੀ ਚੀਜ਼ ਹੈ; ਸਾਡਾ ਲਾਈਫ਼ਸਟਾਈਲ?

ਬੇਰੈਂਜਰ — ਕੁਝ ਵੀ ਹੋ, ਪਰ ਸਾਡੇ ਆਪਣੇ ਕੋਈ ਨੈਤਿਕ ਮੁੱਲ ਨੇ ਜਿਨ੍ਹਾਂ ਦਾ ਮੇਰੀ ਨਜ਼ਰ 'ਚ ਇਨ੍ਹਾਂ ਜਾਨਵਰਾਂ ਨਾਲ ਕੋਈ ਮੁਕਾਬਲਾ ਹੀ ਨਹੀਂ।

ਜੋਨ — ਨੈਤਿਕ ਮੁੱਲ। ਚਿੜ੍ਹ ਹੁੰਦੀ ਮੈਨੂੰ ਇਨ੍ਹਾਂ ਨੈਤਿਕ ਕਦਰਾਂ-ਕੀਮਤਾਂ

ਤੋ। ਸਾਨੂੰ ਇਨ੍ਹਾਂ ਨੈਤਿਕ ਕਦਰਾਂ ਤੋਂ ਉੱਤੇ ਉੱਠਣਾ ਪਏਗਾ!

ਬੇਰੰਜਰ ਉਨ੍ਹਾਂ ਦੀ ਥਾਂ 'ਤੇ ਰਖੋਂਗੇ ਕੀ?

ਜੋਨ (ਘੁੰਮਦੇ ਹੋਏ) ਕੁਦਰਤ।

ਘੁਬੇਰੰਜਰ ਕੁਦਰਤ?

ਜੋਨ ਕੁਦਰਤ ਦੇ ਆਪਣੇ ਕਨੂੰਨ ਨੇ। ਨੈਤਿਕਤਾ ਉਨ੍ਹਾਂ ਦੇ ਖਿਲਾਫ਼ ਹੈ।

ਬੇਰੰਜਰ ਤੇਰਾ ਮਤਲਬ ਹੈ ਕਿ ਆਪਣੀਆਂ ਕਦਰਾਂ-ਕੀਮਤਾਂ ਦੀ ਥਾਂ ਸਾਨੂੰ ਜੰਗਲ ਦਾ ਕਨੂੰਨ ਲਾਗੂ ਕਰਨਾ ਚਾਹੀਦਾ ਹੈ?

ਜੋਨ ਮੈਨੂੰ ਇਹ ਸੂਟ ਕਰਦਾ, ਮੇਰੇ ਲਈ ਠੀਕ ਹੈ।

ਬੇਰੰਜਰ ਤੂੰ ਕਹਿ ਸਕਦੈਂ। ਪਰ ਅੰਦਰਖ਼ਾਤੇ, ਕੋਈ ਨਹੀਂ ..

ਜੋਨ (ਉਵੇਂ ਹੀ ਘੁੰਮਦੇ ਹੋਏ ਉਸਨੂੰ ਟੋਕਦਾ ਹੈ) ਸਾਨੂੰ ਆਪਣੇ ਜੀਵਨ ਨੂੰ ਨਵੀਆਂ ਨੀਹਾਂ 'ਤੇ ਉਸਾਰਨਾ ਹੋਏਗਾ। ਸਾਨੂੰ ਵਾਪਸ ਮੁੱਢਲੀ ਪਾਵਨਤਾ ਵੱਲ ਮੁੜਨਾ ਪਏਗਾ।

ਬੇਰੰਜਰ ਮੈਂ ਬਿਲਕੁਲ ਵੀ ਸਹਿਮਤ ਨਹੀਂ ਤੇਰੇ ਨਾਲ।

ਜੋਨ (ਜ਼ੋਰ ਜ਼ੋਰ ਨਾਲ ਸਾਹ ਲੈਂਦਾ ਹੈ) ਸਾਹ ਲੈਣਾ ਔਖਾ .

ਬੇਰੰਜਰ ਇਕ ਮਿੰਟ ਸੋਚ ਜ਼ਰਾ। ਇਹ ਤਾਂ ਤੂੰ ਮੰਨੇਂਗਾ ਕਿ ਸਾਡਾ ਕੋਈ ਫਲਸਫ਼ਾ ਹੈ ਜਿਹੜਾ ਜਾਨਵਰਾਂ ਨਾਲ ਜ਼ਰਾ ਨਹੀ ਮਿਲਦਾ, ਕੋਈ ਕਦਰਾਂ-ਕੀਮਤਾਂ ਨੇ ਜਿਨ੍ਹਾ ਦਾ ਕੋਈ ਬਦਲ ਨਹੀਂ, ਜਿਨ੍ਹਾਂ ਨੂੰ ਉਸਾਰਨ ਲਈ ਸਦੀਆਂ ਲੱਗ ਗਈਆਂ . ਪੂਰੀ ਮਾਨਵੀ ਸੱਭਿਅਤਾ ਨੂੰ ...

ਜੋਨ (ਬਾਥਰੂਮ 'ਚੋਂ) ਜਦ ਅਸੀਂ ਇਹ ਸਭ ਤਬਾਹ ਕਰ ਦਿਆਂਗੇ, ਤਾਂ ਕਿਤੇ ਬਿਹਤਰ ਹੋਵਾਂਗੇ!

ਬੇਰੰਜਰ ਮੈਨੂੰ ਪਤਾ.. ਤੂੰ ਮਜ਼ਾਕ ਕਰ ਰਿਹੈਂ। ਤੂੰ ਸੀਰੀਅਸ ਨਹੀਂ ਹੋ ਸਕਦੈਂ। ਐਵੇਂ ਹਵਾਈ ਗੱਲ ਹੈ।

ਜੋਨ ਘਰਰਰ ਘਰੜ (ਚਿੰਘਾੜਦਾ ਹੈ)

ਬੇਰੰਜਰ ਮੈਨੂੰ ਨਹੀਂ ਸੀ ਪਤਾ ਕਿ ਤੂੰ ਕਵੀ ਵੀ ਏਂ।

ਜੋਨ (ਬਾਥਰੂਮ 'ਚੋ ਬਾਹਰ ਆਉਂਦਾ ਹੈ) ਘਰੜ ਘਰੜ (ਫੇਰ ਚੰਘਾੜ ਮਾਰਦਾ ਹੈ)

ਬੇਰੰਜਰ ਇਹ ਉਹ ਨਹੀਂ ਹੈ ਜਿਸ 'ਚ ਤੂੰ ਅੰਦਰੋਂ ਯਕੀਨ ਕਰਦਾਂ, ਮੈਂ ਜਾਣਦਾਂ ਤੈਨੂੰ ਚੰਗੀ ਤਰ੍ਹਾਂ। ਤੈਨੂੰ ਪਤੈ ਜਿੱਥੋਂ ਤੱਕ ਮੇਰਾ ਸਵਾਲ ਹੈ ਇਹ ਮਨੁੱਖਤਾ .

ਜੋਨ (ਟੋਕਦਾ ਹੈ) ਮਨੁੱਖਤਾ ਦੀ ਗੱਲ ਨਾ ਕਰ ਮੇਰੇ ਨਾਲ।

ਬੇਰੰਜਰ ਮੇਰਾ ਮਤਲਬ ਹੈ ਬੰਦਾ, ਜਿਉਂਦਾ ਬੰਦਾ, ਮਾਨਵਤਾ...

ਜੋਨ ਮਾਨਵਤਾ ਸਭ ਬੀਤੇ ਦੀ ਗੱਲ ਹੈ, ਬੇਕਾਰ! ਤੂੰ ਬਸ ਇੱਕ ਹਾਸਹੀਣਾ ਜਜ਼ਬਾਤੀ ਬੰਦਾ ਏਂ, ਰੀਂ ਰੀਂ ਕਰਨ ਵਾਲਾ। (ਮੁੜ ਬਾਥਰੂਮ 'ਚ ਜਾ ਵੜਦਾ ਹੈ।)

| | |
|---|---|
| ਬੇਰੇਂਜਰ | ਇਹ ਤਾਂ ਮੰਨਦਾ ਹੈਂ ਕਿ ਮਨ . |
| ਜੇਨ | (ਬਾਥਰੂਮ 'ਚੋਂ) ਸਭ ਬਕਵਾਸ ਥੋਥਾ। |
| ਬੇਰੇਂਜਰ | ਬਕਵਾਸ! |
| ਜੇਨ | (ਬਾਥਰੂਮ 'ਚੋਂ, ਬੜੀ ਮੁਸਕਲ ਨਾਲ ਸਮਝ ਆਉਂਦਾ ਹੈ।) ਸਰਾਸਰ ਬਕਵਾਸ! |
| ਬੇਰੇਂਜਰ | ਤੇਰੇ ਮੂੰਹੋਂ ਇਹ ਸੁਣ ਕੇ ਹੈਰਾਨੀ ਹੋ ਰਹੀ ਏ, ਜੇਨ, ਸੱਚਮੱਚ। ਪੱਕੀ ਗੱਲ ਹੈ ਕਿ ਤੂੰ ਹੋਸ਼ 'ਚ ਨਹੀਂ। ਤੂੰ ਖ਼ੁਦ ਕਦੇ ਗੈਂਡਾ ਬਣਨਾ ਨਹੀਂ ਚਾਹੇਂਗਾ, ਕੀ ਤੂੰ ਚਾਹੇਂਗਾ ਤੂੰ ਗੈਂਡਾ ਬਣ ਜਾਏਂ? |
| ਜੇਨ | ਕਿਉਂ ਨਹੀਂ? ਮੈਂ ਤੇਰੇ ਵਾਂਗ ਕੱਟੜ ਨਹੀ, ਪੱਖਪਾਤਾਂ ਦਾ ਮਾਰਿਆ.. |
| ਬੇਰੇਂਜਰ | ਕੀ ਤੂੰ ਥੋੜ੍ਹਾ ਸਾਫ਼ ਬੋਲ ਸਕਦੈਂ? ਕੁਝ ਸਮਝ ਨਹੀਂ ਆਉਂਦਾ ਕੀ ਕਹਿ ਰਿਹੈਂ। ਸ਼ਬਦਾਂ ਨੂੰ ਨਿਗਲ ਰਿਹੈਂ ਤੂੰ। |
| ਜੇਨ | (ਹਾਲੇ ਵੀ ਬਾਥਰੂਮ 'ਚ ਹੈ) ਤੂੰ ਆਪਣੇ ਕੰਨ ਖੋਲ੍ਹ। |
| ਬੇਰੇਂਜਰ | ਕੀ? |
| ਜੇਨ | ਆਪਣੇ ਕੰਨਾਂ ਨੂੰ ਖੋਲ੍ਹ। ਮੈਂ ਕਿਹਾ. ਗੈਂਡਾ ਹੋਣ 'ਚ ਬੁਰਾਈ ਕੀ ਹੈ? ਮੈਂ ਤਬਦੀਲੀ ਦੇ ਹੱਕ 'ਚ ਹਾਂ. . ਸਮਰਪਤ। |
| ਬੇਰੇਂਜਰ | ਨਹੀਂ, ਤੂੰ ਇਹੋ ਜਿਹੀ ਗੱਲ ਨਹੀਂ ਕਰ ਸਕਦਾ ., ਫੱਬਦੀ ਨਹੀ ਤੈਨੂੰ। |
| | (ਬੇਰੇਂਜਰ ਦੀ ਗੱਲ ਵਿੱਚ ਹੀ ਰਹਿ ਜਾਂਦੀ ਹੈ, ਜੇਨ ਦੀ ਦਿੱਖ ਚੌਂਕਾ ਦੇਣ ਵਾਲੀ ਹੈ। ਅਸਲ 'ਚ ਉਹ ਪੂਰੀ ਤਰ੍ਹਾਂ ਹਰਾ ਹੋ ਚੁੱਕੈ। ਮੱਥੇ ਉਤਲਾ ਰੋੜ ਹੁਣ ਗੈਂਡੇ ਦਾ ਸਿੰਗ ਬਣ ਚੁੱਕੈ।) |
| ਬੇਰੇਂਜਰ | ਓਹ! ਸੱਚਮੁੱਚ ਤੂੰ.. ਪਾਗਲ ਹੋ ਗਿਐਂ। |
| | (ਜੇਨ ਬੈੱਡ ਨੂੰ ਠੋਕਰ ਮਾਰਦਾ ਹੈ, ਚਾਦਰ ਇਕੱਠੀ ਕਰਕੇ ਫਰਸ਼ 'ਤੇ ਸੁੱਟਦਾ ਹੈ, ਕਾਹਲੀ ਕਾਹਲੀ ਬੜ-ਬੜਾਂਦਾ ਹੈ, ਅਜੀਬੋ-ਗਰੀਬ ਅਵਾਜ਼ਾਂ ਕਰਦਾ ਹੈ।) |
| ਬੇਰੇਂਜਰ | ਇਹ ਕੀ ਪਾਗਲਪਣ ਹੈ, ਠੰਡਾ ਹੋ...ਥੋੜ੍ਹਾ ! ਤੂੰ ਤੇ ਪਛਾਣ 'ਚ ਈ ਨਹੀਂ ਆਉਂਦਾ। |
| ਜੇਨ | (ਅਸਪਸ਼ਟ) ਗਰਮੀ, ਅੱਗ ਲੱਗੀ.. ਅੰਦਰ . ਇਹ ਕੱਪੜੇ...ਚੁੱਭ ਰਹੇ. ਕੰਡੇ, ਤਬਾਹ ਕਰ ਦਿਆਂਗਾ ਸਭ ਕੁਝ! (ਸਾਰੇ ਕੱਪੜੇ ਖਿੱਚ ਕੇ ਉਤਾਰ ਦਿੰਦਾ ਹੈ।) |
| ਬੇਰੇਂਜਰ | ਕਰ ਕੀ ਰਿਹਾ ਤੂੰ? ਹੋਸ਼ ਠਿਕਾਣੇ ਨਹੀਂ ਤੇਰੇ। ਤੂੰ ਤੇ ਏਨਾ ਸਾਊ ਬੰਦੈਂ ਯਾਰ। |
| ਜੇਨ | ਦਲਦਲ! ਦਲਦਲ, ਚਿੱਕੜ। |
| ਬੇਰੇਂਜਰ | ਇੱਧਰ ਦੇਖ, ਮੇਰੇ ਵੱਲ! ਕੀ ਮੈਂ ਨਜ਼ਰ ਨਹੀਂ ਆਉਂਦਾ? ਸੁਣ ਰਿਹੈਂ ਤੂੰ. ? |

ਜੇਨ — ਸਭ ਦਿਖ ਰਿਹੈ! ਸਭ ਸੁਣ ਰਿਹੈ ... ਮੈਨੂੰ! ਤੂੰ ਵੀ..

(ਉਹ ਬੇਰੰਜਰ ਨੂੰ ਢੁੱਡ ਮਾਰਨ ਨੂੰ ਪੈਂਦਾ ਹੈ। ਬੇਰੰਜਰ ਇੱਕ ਪਾਸੇ ਹਟ ਜਾਂਦਾ ਹੈ।)

ਬੇਰੰਜਰ — ਸੰਭਲ ਕੇ

ਜੇਨ — (ਸਾਹੋਸਾਹੀ) ਸੌਰੀ। (ਤੇਜ਼ੀ ਨਾਲ ਬਾਥਰੂਮ ਵੱਲ ਭੱਜਦਾ ਹੈ।)

(ਬੇਰੰਜਰ ਡਰ ਕੇ ਇੱਕ ਪਾਸੇ ਨੂੰ ਹੁੰਦਾ ਹੈ। ਫੇਰ ਡਰਦਾ ਡਰਦਾ ਬਾਥਰੂਮ ਦੇ ਨੇੜੇ ਜਾਂਦਾ ਹੈ ਤੇ ਜੇਨ ਦੀ ਅਵਾਜ਼ ਸੁਣ ਕੇ ਫੇਰ ਪਿੱਛੇ ਨੂੰ ਭੱਜਦਾ ਹੈ। ਜੇਨ ਅੰਦਰੋਂ ਬੜਬੜਾ ਰਿਹਾ ਹੈ।)

ਬੇਰੰਜਰ — ਮੈਂ ਇਹਨੂੰ ਇਸ ਹਾਲਤ 'ਚ ਨਹੀਂ ਛੱਡ ਸਕਦਾ; ਆਖ਼ਿਰਕਾਰ ਹੈ ਤਾਂ ਦੋਸਤ ਹੀ (ਬਾਥਰੂਮ ਵੱਲ) ਮੈਂ ਡਾਕਟਰ ਨੂੰ ਲੈਣ ਜਾ ਰਿਹਾਂ· ਇਹ ਲਾਜ਼ਮੀ ਹੋ ਗਿਆ।

ਜੇਨ — (ਬਾਥਰੂਮ 'ਚੋਂ) ਨਹੀਂ!

ਬੇਰੰਜਰ — ਬਸ ਕਰ ਯਾਰ, ਬੇਹੂਦਗੀ ਦੀ ਵੀ ਹੱਦ ਹੁੰਦੀ ਐ। (ਸ਼ੀਸ਼ੇ 'ਚੋਂ ਬਾਥਰੂਮ ਅੰਦਰ ਦੇਖਦਾ ਹੈ) ਓਹ, ਤੇਰਾ ਸਿੰਗ ਤਾਂ ਵੱਡਾ ਹੀ ਹੋਈ ਜਾ ਰਿਹੈ-- ਤੂੰ ...ਤੇ. ਗੈਂਡਾ..

ਜੇਨ — (ਬਾਥਰੂਮ 'ਚੋਂ) ਮਿੱਧ ਸੁੱਟਾਂਗਾ ..ਕੁਚਲ ਦਿਆਂਗਾ ਤੈਨੂੰ!

(ਬਾਥਰੂਮ 'ਚ ਬਹੁਤ ਖੜਕਾ ਹੁੰਦਾ ਹੈ, ਚਿੰਘਾੜਣ ਦੀਆ ਅਵਾਜ਼ਾਂ, ਸ਼ੀਸ਼ਾ ਟੁੱਟਣ ਤੇ ਚੀਜ਼ਾਂ ਨੂੰ ਚੁੱਕ ਚੁੱਕ ਸੁੱਟਣ ਦੀਆਂ ਅਵਾਜ਼ਾਂ। ਬੇਰੰਜਰ ਬੇਹੱਦ ਡਰਿਆ ਹੋਇਆ ਹੈ; ਜੇਨ ਅੰਦਰੋਂ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ, ਬਾਹਰੋਂ ਬਰੰਜਰ ਪੂਰਾ ਜ਼ੋਰ ਲਾ ਕੇ ਉਸਨੂੰ ਬੰਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਮੁਸ਼ਕਿਲ ਹੁੰਦਾ ਜਾ ਰਿਹਾ ਹੈ।)

ਬੇਰੰਜਰ — (ਜ਼ੋਰ ਲਾਉਂਦੇ ਹੋਏ) ਗੈਂਡਾ ਗੈਂਡਾ.. ਬਣ ਗਿਆ ਉਹ ਗੈਂਡਾ....!

(ਬੇਰੰਜਰ ਕਿਸੇ ਤਰ੍ਹਾਂ ਦਰਵਾਜ਼ਾ ਬੰਦ ਕਰ ਦਿੰਦਾ ਹੈ, ਇਸ ਚੱਕਰ 'ਚ ਉਸਦਾ ਕੋਟ ਗੈਂਡੇ ਦੇ ਸਿੰਗ 'ਚ ਫਸ ਕੇ ਫਟ ਜਾਂਦਾ ਹੈ। ਗੈਂਡਾ ਦਰਵਾਜ਼ੇ ਨੂੰ ਢੁੱਡ ਮਾਰ ਰਿਹਾ ਹੈ, ਬਾਥਰੂਮ 'ਚੋਂ ਚਿੰਘਾੜਣ ਦੀਆਂ ਅਵਾਜ਼ਾਂ ਆਉਂਦੀਆਂ ਹਨ ਤੇ ਵਿੱਚ ਵਿੱਚ ਕੁਝ ਸ਼ਬਦ ਸੁਣਦੇ ਹਨ · 'ਹਰਾਮਖ਼ੋਰ ਗੁੱਸਾ ਚੜ੍ਹਾ ਰਿਹੈ ਮੈਨੂੰ' (ਬੇਰੰਜਰ ਸੱਜੇ ਪਾਸੇ ਦਰਵਾਜ਼ੇ ਵੱਲ ਦੌੜਦਾ ਹੈ।)

ਬੇਰੰਜਰ — ਏਹਦੇ ਬਾਰੇ ਤਾਂ ਮੈਂ ਕਦੇ ਇਹ ਸੋਚਿਆ ਵੀ ਨਹੀਂ ਸੀ, ਕਦੇ ਵੀ ਨਹੀਂ।

(ਉਹ ਬਾਹਰਲਾ ਦਰਵਾਜ਼ਾ ਖੋਲ੍ਹਦਾ ਹੈ ਤੇ ਸਾਹਮਣੇ ਵਾਲੇ ਦਰਵਾਜ਼ੇ 'ਤੇ ਜ਼ੋਰ-ਜ਼ੋਰ ਦੀ ਖੜਾਕ ਕਰਦਾ ਹੈ।)

ਬੇਰੰਜਰ — ਬਿਲਡਿੰਗ 'ਚ ਗੈਂਡਾ ਹੈ! ਪੁਲਿਸ ਨੂੰ ਫੋਨ ਕਰੋ!

ਬੁੱਢਾ (ਦਰਵਾਜ਼ਾ ਖੋਲ੍ਹਦਾ ਹੈ) ਕੀ ਹੋ ਗਿਆ

ਬੇਰੰਜਰ : ਪੁਲਿਸ ਬੁਲਾਓ! ਘਰ ਦੇ ਅੰਦਰ ਗੈਂਡਾ ਹੈ।

ਬੁੱਢੇ ਦੀ ਔਰਤ : ਕੀ ਕਰ ਰਿਹੈ ਤੂੰ ਜੇਨ? ਏਨਾ ਖੜਕਾ ਕਿਉਂ ਕਰ ਰਿਹੈਂ?

ਬੁੱਢਾ : (ਪਤਨੀ ਨੂੰ) ਪਤਾ ਨਹੀਂ ਕੀ ਕਹਿ ਰਿਹਾ ਏ.., ਕੋਈ ਗੈਂਡਾ ਦੇਖਿਆ ਇਸਨੇ।

ਬੇਰੰਜਰ ਹਾਂ, ਇਸੇ ਘਰ 'ਚ। ਪੁਲਿਸ ਬੁਲਾਓ ਛੇਤੀ!

ਬੁੱਢਾ ਇਹ ਕੀ ਤਰੀਕਾ ਹੈ, ਕੀ ਚਾਹੁੰਦੇ ਹੋ ਤੁਸੀਂ, ਪਰੇਸ਼ਾਨ ਕਰ ਰਹੇ ਹੋ ਲੋਕਾ ਨੂੰ ਫਾਲਤੂ! (ਠਾਹ ਕਰਦਾ ਦਰਵਾਜ਼ਾ ਬੰਦ ਹੁੰਦਾ ਹੈ।)

ਬੇਰੰਜਰ (ਪੌੜੀਆਂ ਉੱਤਰਦਾ ਹੈ) ਚੌਕੀਦਾਰ.. ਚੌਕੀਦਾਰ, ਬਿਲਡਿੰਗ 'ਚ ਗੈਂਡਾ, ਪੁਲਿਸ ਬੁਲਾਓ..ਪੁਲੀਸ!

(ਚੌਕੀਦਾਰ ਦੇ ਕੁਆਰਟਰ ਦੀ ਛੱਤ ਚੋਂ ਇੱਕ ਗੈਂਡੇ ਦਾ ਸਿਰ ਨਿਕਲਦਾ ਹੈ।

ਬੇਰੰਜਰ ਇੱਕ ਹੋਰ!

(ਉਹ ਵਾਪਿਸ ਜੇਨ ਦੇ ਘਰ ਵੱਲ ਨੂੰ ਭੱਜਦਾ ਹੈ, ਕੁਝ ਸੋਚ ਕੇ ਰੁੱਕ ਜਾਂਦਾ ਹੈ, ਤੇ ਫੇਰ ਉਸ ਬੁੱਢੇ ਦਾ ਦਰਵਾਜ਼ਾ ਖੜਕਾਉਂਦਾ ਹੈ। ਇਸ ਵਾਰ ਦਰਵਾਜ਼ਾ ਖੁੱਲ੍ਹਦਾ ਹੈ ਤਾ ਅੰਦਰੋਂ ਦੋ ਗੈਂਡਿਆਂ ਦੇ ਸਿਰ ਨਿਕਲਦੇ ਹਨ।)

ਬੇਰੰਜਰ ਓਹ! ਗਾਡ!

(ਘਬਰਾਇਆ ਫੇਰ ਜੇਨ ਦੇ ਘਰ 'ਚ ਜਾ ਵੜਦਾ ਹੈ, ਬਾਥਰੂਮ ਦਾ ਦਰਵਾਜ਼ਾ ਹਾਲੇ ਵੀ ਅੰਦਰੋ ਖੜਕ ਰਿਹਾ ਹੈ। ਉਹ ਖਿੜਕੀ ਵੱਲ ਨੂੰ ਜਾਂਦਾ ਹੈ, ਜੋ ਕਿ ਸਿਰਫ਼ ਇੱਕ ਫਰੇਮ ਹੈ, ਜਿਹੜਾ ਦਰਸ਼ਕਾਂ ਵਾਲੇ ਪਾਸੇ ਹੈ। ਉਹ ਬੁਰੀ ਤਰ੍ਹਾਂ ਥੱਕਿਆ ਹੈ, ਹੰਭ ਚੁੱਕਾ ਹੈ।)

ਬੇਰੰਜਰ ਹੇਅ... ਪ੍ਰਭੂ... ਹੇ... ਪਰਮਾਤਮਾ..

(ਬਹੁਤ ਕੋਸ਼ਿਸ਼ ਤੋਂ ਬਾਅਦ ਉਹ ਕਿਸੇ ਤਰ੍ਹਾਂ ਖਿੜਕੀ 'ਚੋਂ ਨਿਕਲਣ 'ਚ ਕਾਮਯਾਬ ਹੁੰਦਾ ਹੈ, ਪਰ ਫੇਰ ਫੁਰਤੀ ਨਾਲ ਮੁੜ ਅੰਦਰ ਜਾ ਵੜਦਾ ਹੈ, ਕਿਉਂਕਿ ਜਦੋਂ ਉਹ ਆਰਕੇਸਟਰਾ-ਪਿਟ ਕੋਲ ਪਹੁੰਚਦਾ ਹੈ, ਇੱਕਦਮ ਸਾਹਮਣਿਓਂ ਗੈਂਡਿਆਂ ਦੇ ਸਿਰਾਂ ਦੀ ਇੱਕ ਪੂਰੀ ਧਾੜ ਲੰਘਦੀ ਦਿਖਾਈ ਦੇਂਦੀ ਹੈ, ਜਿਹੜੇ ਪੂਰੀ ਸਪੀਡ 'ਤੇ ਭੱਜੇ ਜਾ ਰਹੇ ਹਨ। ਬੇਰੰਜਰ ਵੀ ਪੂਰੇ ਜ਼ੋਰ ਨਾਲ ਵਾਪਿਸ ਭੱਜਦਾ ਹੈ, ਤੇ ਖਿੜਕੀ ਵਿੱਚ ਖੜ੍ਹ ਕੇ ਇੱਕ ਛਿਣ ਲਈ ਬਾਹਰ ਦੇਖਦਾ ਹੈ।)

ਬੇਰੰਜਰ ਗਲੀ 'ਚ ਤਾਂ ਪੂਰਾ ਇੱਜੜ ਕੱਠਾ ਹੋ ਗਿਆ...ਉਨ੍ਹਾਂ ਦਾ! ਗੈਂਡਿਆਂ ਦੀ ਪੂਰੀ ਫ਼ੌਜ ..ਵਧਦੀ ਆ ਰਹੀ ਹੈ .. ਚੁਫੇਰਿਓਂ! (ਆਲੇ ਦੁਆਲੇ ਨਜ਼ਰ ਮਾਰਦਾ ਹੈ।) ਮੈਂ ਕਿੱਧਰ ਨੂੰ ਜਾਵਾਂ? ਕਿੱਧਰ ਨੂੰ ਭੱਜਾਂ? ਜੇ ਉਹ ਸਿਰਫ਼ ਵਿਚਕਾਰ ਹੁੰਦੇ ਸੜਕ ਦੇ ਤਾਂ, ਪਰ ਉਹ ਤਾਂ ਹਰ ਪਾਸੇ

ਨੇ ਫੁੱਟਪਾਥਾਂ 'ਤੇ ਵੀ! ਮੈਂ ਕਿੱਧਰ ਨੂੰ ਜਾਵਾਂ? ਕਿਸ ਪਾਸੇ ਨੂੰ..?
(ਬੌਂਦਲਿਆ ਹੋਇਆ ਉਹ ਕਦੇ ਕਿਸੇ ਦਰਵਾਜ਼ੇ ਵੱਲ ਭੱਜਦਾ ਹੈ ਤੇ ਕਦੇ ਕਿਸੇ ਵੱਲ ਤੇ ਫੇਰ ਖਿੜਕੀ 'ਤੇ ਵਾਪਸ ਆ ਜਾਂਦਾ ਹੈ। ਬਾਥਰੂਮ ਦਾ ਦਰਵਾਜ਼ਾ ਅੰਦਰੋਂ ਝੰਜੋੜਿਆ ਜਾ ਰਿਹਾ ਹੈ, ਜੋਨ ਦੇ ਚਿੰਘਾੜਣ ਤੇ ਹੋਰ ਅਵਾਤਵਾ ਬੋਲਣ ਦੀਆਂ ਅਵਾਜ਼ਾਂ ਆਈ ਜਾਂਦੀਆਂ ਹਨ। ਕੁਝ ਦੇਰ ਇਵੇਂ ਚੱਲਦਾ ਰਹਿੰਦਾ ਹੈ, ਜਦੋਂ ਵੀ ਬੇਰੰਜਰ ਬਚ ਕੇ ਨਿਕਲਣ ਦੇ ਚੱਕਰ 'ਚ ਸਾਹਮਣੇ ਵਾਲੇ ਬੁੱਢੇ ਆਦਮੀ ਦੇ ਫਲੈਟ ਜਾਂ ਪੌੜੀਆਂ ਕੋਲ ਪਹੁੰਚਦਾ ਹੈ ਤਾਂ ਅਚਾਨਕ ਕਈ ਗੈਂਡਿਆਂ ਦੇ ਸਿਰ ਚਿੰਘਾੜਦੇ ਹੋਏ ਉਸਦਾ ਸੁਆਗਤ ਕਰਦੇ ਹਨ ਤੇ ਉਹ ਫੇਰ ਤੇਜ਼ੀ ਨਾਲ ਡਿੱਗਦਾ-ਢਹਿੰਦਾ ਵਾਪਸ ਭੱਜਦਾ ਹੈ। ਅਖੀਰ ਉਹ ਫੇਰ ਖਿੜਕੀ 'ਤੇ ਖੜ੍ਹਾ ਹੋ ਕੇ ਬਾਹਰ ਵੱਲ ਦੇਖਦਾ ਹੈ।)

**ਬੇਰੰਜਰ** ਪੂਰਾ ਦਾ ਪੂਰਾ ਵੱਗ ਹੈ। ਤੇ ਉਹ ਹਮੇਸ਼ਾ ਇਹੋ ਦੱਸਦੇ... ਕਿ ਗੈਂਡਾ ਬਸ ਇਕੱਲਾ ਰਹਿੰਦਾ..! ਸਭ ਬਕਵਾਸ ਹੈ, ਧਾਰਣਾ ਉਨ੍ਹਾਂ ਨੂੰ ਬਦਲਨੀ ਪਵੇਗੀ! ਸਾਰੇ ਫੁੱਟਪਾਥ, ਬੈਂਚ.., ਸਭ ਤੋੜ-ਫੋੜ ਦਿੱਤਾ ਉਨ੍ਹਾਂ ਨੇ। (ਹੱਥ ਮਲਦਾ ਹੈ) ਕੀਤਾ ਕੀ ਜਾਏ?
(ਇੱਕ ਵਾਰ ਫੇਰ ਉਹ ਸਾਰੇ ਪਾਸ ਜਾ ਕੇ ਦੇਖਦਾ ਹੈ, ਹਰ ਪਾਸੇ ਗੈਂਡੇ ਰਾਹ ਰੋਕੀ ਖੜੇ ਹਨ। ਜਦ ਉਹ ਮੁੜਕੇ ਬਾਥਰੂਮ ਦੇ ਦਰਵਾਜ਼ੇ ਵੱਲ ਦੇਖਦਾ ਹੈ ਤਾਂ ਲੱਗਦਾ ਹੈ ਕਿ ਉਹ ਦਰਵਾਜ਼ਾ ਹੁਣ ਦਮ ਤੋੜਨ ਵਾਲਾ ਹੈ। ਬੇਰੰਜਰ ਭੱਜਦਾ ਹੈ.. ਤੇ ਪਿਛਲੀ ਕੰਧ ਟੱਪ ਜਾਂਦਾ ਹੈ, ਸਾਹਮਣੇ ਗਲੀ ਹੈ, ਉਹ ਚੀਖਦਾ ਹੋਇਆ ਦੌੜਿਆ ਜਾਂਦਾ ਹੈ।)

**ਬੇਰੰਜਰ** ਗੈਂਡੇ... ਗੈਂਡੇ...
(ਬਾਥਰੂਮ ਦਾ ਦਰਵਾਜ਼ਾ ਬਸ ਟੁੱਟਣ ਹੀ ਵਾਲਾ ਹੈ।)

ਪਰਦਾ

# ਐਕਟ ਤੀਜਾ

## ਦ੍ਰਿਸ਼ ਪਹਿਲਾ

ਮੰਚ ਜੜਤ ਲਗਭਗ ਪਹਿਲੇ ਦ੍ਰਿਸ਼ਾਂ ਵਰਗੀ ਹੀ ਹੈ। ਬੇਰੰਜਰ ਦਾ ਕਮਰਾ ਹੈ, ਜਿਹੜਾ ਕਿ ਬਹੁਤ ਹੱਦ ਤੱਕ ਜੋਨ ਦੇ ਕਮਰੇ ਨਾਲ ਮਿਲਦਾ-ਜੁਲਦਾ ਹੈ। ਬਹੁਤ ਧਿਆਨ ਨਾਲ ਦੇਖਣ 'ਤੇ ਫ਼ਰਕ ਪਤਾ ਚੱਲਦਾ ਹੈ, ਮਸਲਨ ਕੋਈ ਫ਼ਰਨੀਚਰ ਦਾ ਪੀਸ ਘੱਟ ਜਾਂ ਵਧ ਹੋ ਸਕਦਾ ਹੈ। ਉਵੇਂ ਹੀ ਖੱਬੇ ਪਾਸੇ ਪੌੜੀਆਂ ਹਨ, ਖ਼ਾਲੀ ਥਾਂ ਹੈ, ਜਿਸਦੇ ਅਖੀਰ 'ਚ ਦਰਵਾਜ਼ਾ ਹੈ। ਹਾਂ, ਕੇਅਰ-ਟੇਕਰ ਦਾ ਕਮਰਾ ਨਹੀਂ ਹੈ। ਅੱਪ-ਸਟੇਜ 'ਤੇ ਇੱਕ ਦੀਵਾਨ ਪਿਆ ਹੈ। ਇੱਕ ਆਰਾਮ-ਕੁਰਸੀ ਹੈ ਤੇ ਛੋਟੀ ਜਿਹੀ ਮੇਜ਼ 'ਤੇ ਟੈਲੀਫੋਨ ਪਿਆ ਹੈ, ਤੇ ਇੱਕ ਕੁਰਸੀ ਹੈ

ਨਾਲ ਹੀ ਇੱਕ ਹੋਰ ਫੋਨ ਪਿਆ ਹੈ। ਔੱਪ-ਸਟੇਜ ਵਾਲੀ ਖਿੜਕੀ ਖੁੱਲ੍ਹੀ ਹੈ। ਇੱਕ ਖਿੜਕੀ ਦਾ ਫਰੇਮ ਸਾਹਮਣੇ ਵਾਲੇ ਪਾਸੇ ਹੈ।

(ਬੇਰੰਜਰ ਦੀਵਾਨ 'ਤੇ ਪਿਆ ਹੈ। ਲੋਕਾਂ ਵੱਲ ਨੂੰ ਪਿੱਠ ਹੈ। ਬੇਰੰਜਰ ਕੱਪੜਿਆਂ ਸਮੇਤ ਹੀ ਲੇਟਿਆ ਹੋਇਆ ਹੈ। ਸਿਰ 'ਤੇ ਪੱਟੀ ਬੱਝੀ ਹੈ। ਲੱਗਦਾ ਹੈ ਕੋਈ ਮਾੜਾ ਸੁਫਨਾ ਦੇਖ ਰਿਹਾ ਹੈ, ਨੀਂਦ 'ਚ ਹੱਥ-ਪੈਰ ਮਾਰਦਾ ਹੈ।)

**ਬੇਰੰਜਰ** ਨਹੀਂ। (ਚੁੱਪ) ਸਿੰਗਾਂ ਤੋਂ ਬਚ ਕੇ! (ਚੁੱਪੀ)

(ਔੱਪ-ਸਟੇਜ ਵਾਲੀ ਖੁੱਲ੍ਹੀ ਖਿੜਕੀ 'ਚੋਂ ਬਾਹਰੋਂ ਲੰਘਦੇ ਗੈਂਡਿਆਂ ਦਾ ਸ਼ੋਰ ਸਾਫ਼ ਸੁਣਾਈ ਦਿੰਦਾ ਹੈ।)

**ਬੇਰੰਜਰ** ਨਹੀਂ!

(ਫਰਸ਼ 'ਤੇ ਡਿੱਗ ਪੈਂਦਾ ਹੈ, ਤੇ ਉਸਦੀ ਜਾਗ ਖੁੱਲ੍ਹਦੀ ਹੈ, ਪਰ ਲੱਗਦਾ ਹੈ ਕਿ ਹਾਲੇ ਵੀ ਉਸੇ ਅਸਰ ਹੇਠ ਹੈ ਜੋ ਉਸਨੇ ਹੁਣੇ ਸੁਫ਼ਨੇ 'ਚ ਦੇਖਿਆ। ਉਹ ਬੜੀ ਫ਼ਿਕਰਮੰਦੀ ਨਾਲ ਆਪਣੇ ਸਿਰ ਨੂੰ ਟੋਹ ਕੇ ਦੇਖਦਾ ਹੈ, ਸ਼ੀਸ਼ੇ ਮੂਹਰੇ ਜਾ ਕੇ ਪੱਟੀ ਹਟਾਉਂਦਾ ਹੈ, ਗੈਂਡਿਆਂ ਦੀਆਂ ਅਵਾਜ਼ਾਂ ਦੂਰ ਜਾਂਦੀਆ ਹਨ, ਇਹ ਦੇਖ ਕੇ ਕਿ ਉਸਦੇ ਸਿਰ ਦੇ ਸਿਰ 'ਤੇ ਕਈ ਗੁੰਮੜ ਨਹੀਂ ਹੈ, ਉਹ ਸੁੱਖ ਦਾ ਸਾਹ ਲੈਂਦਾ ਹੈ। ਡਰਦਾ ਡਰਦਾ ਉਹ ਦੀਵਾਨ ਤੱਕ ਜਾਂਦਾ ਹੈ, ਲੰਮੇ ਪੈਂਦਾ ਹੈ ਤੇ ਫੇਰ ਇੱਕਦਮ ਉੱਠ ਕੇ ਬੈਠ ਜਾਂਦਾ ਹੈ। ਉਹ ਮੇਜ਼ ਕੋਲ ਜਾਂਦਾ ਹੈ, ਜਿੱਥੇ ਬਰਾਂਡੀ ਦੀ ਬੋਤਲ ਤੇ ਗਿਲਾਸ ਪਏ ਹਨ, ਉਹ ਆਪਣੇ ਲਈ ਇੱਕ ਪੈੱਗ ਬਣਾਉਣ ਲੱਗਦਾ ਹੈ। ਫੇਰ ਥੋੜ੍ਹੀ ਅੰਦਰੂਨੀ ਕਸ਼ਮਕਸ਼ ਦੇ ਬਾਅਦ ਬੋਤਲ ਤੇ ਗਿਲਾਸ ਰੱਖ ਦਿੰਦਾ ਹੈ।)

**ਬੇਰੰਜਰ** ਕਿੱਥੇ ਗਏ ਤੇਰੇ ਇਰਾਦੇ, ਇੱਛਾਸ਼ਕਤੀ!

(ਉਹ ਵਾਪਸ ਦੀਵਾਨ ਵੱਲ ਜਾਣਾ ਚਾਹੁੰਦਾ ਹੈ। ਉਸੇ ਵੇਲੇ ਔੱਪ-ਸਟੇਜ ਵਾਲੀ ਖਿੜਕੀ 'ਚੋਂ ਕਿਸੇ ਗੈਂਡੇ ਦੀ ਚਿੰਘਾੜ ਸੁਣਦੀ ਹੈ। ਉਹ ਦੌੜ ਕੇ ਖਿੜਕੀ ਬੰਦ ਕਰਦਾ ਹੈ। ਰੌਲਾ ਬੰਦ ਹੁੰਦਾ ਹੈ; ਉਹ ਛੋਟੇ ਮੇਜ਼ ਵੱਲ ਮੁੜ ਜਾਂਦਾ ਹੈ, ਥੋੜ੍ਹਾ ਝਿਜਕਦਾ ਹੈ, ਤੇ ਫੇਰ 'ਕੀ ਫ਼ਰਕ ਪੈਂਦਾ ਹੈ' ਦਾ ਇਸ਼ਾਰਾ ਜਿਹਾ ਕਰਕੇ, ਫਟਾਫਟ ਇੱਕ ਪੈੱਗ ਬਣਾਉਂਦਾ ਹੈ ਤੇ ਇੱਕੋ ਝਟਕੇ 'ਚ ਖਿੱਚ ਜਾਂਦਾ ਹੈ। ਗਲਾਸ ਤੇ ਬੋਤਲ ਮੁੜ ਆਪਣੀ ਥਾਂ 'ਤੇ ਰੱਖਦਾ ਹੈ, ਤੇ ਖੰਘਦਾ ਹੈ। ਆਪਣੀ ਖੰਘ ਤੋਂ ਉਸਨੂੰ ਥੋੜ੍ਹੀ ਚਿੰਤਾ ਹੁੰਦੀ ਹੈ, ਉਹ ਮੁੜ ਖੰਘਦਾ ਹੈ ਤੇ ਬੜੇ ਧਿਆਨ ਨਾਲ ਸੁਣਦਾ ਹੈ। ਉਹ ਮੁੜਕੇ ਆਪਣੇ ਆਪ ਨੂੰ ਸ਼ੀਸ਼ੇ ਮੂਹਰੇ ਲਿਜਾ ਕੇ ਦੇਖਦਾ ਹੈ, ਮੁੜ ਕੇ ਖੰਘਦਾ ਹੈ, ਤੇ ਫੇਰ ਖਿੜਕੀ ਖੋਲ੍ਹ ਦਿੰਦਾ ਹੈ। ਜਾਨਵਰਾਂ ਦੀਆਂ ਅਵਾਜ਼ਾਂ ਫੇਰ ਉੱਚੀ ਹੋ ਜਾਂਦੀਆਂ ਹਨ; ਉਹ ਫੇਰ ਖੰਘਦਾ ਹੈ।)

| | |
|---|---|
| ਬੇਰੰਜਰ | (ਖੰਘਦਾ ਹੈ) ਨਹੀਂ, ਉਹੋ ਜਿਹੀ ਤਾਂ ਨਹੀਂ ਹੈ! |
| | (ਸ਼ਾਂਤ ਹੋ ਕੇ ਉਹ ਖਿੜਕੀ ਬੰਦ ਕਰਦਾ ਹੈ, ਮੱਥੇ ਦੀ ਪੱਟੀ ਨੂੰ ਛੂਹ ਕੇ ਦੇਖਦਾ ਹੈ, ਤੇ ਦੀਵਾਨ 'ਤੇ ਜਾ ਕੇ ਲੇਟ ਜਾਂਦਾ ਹੈ, ਤੇ ਇੰਝ ਲੱਗਦਾ ਹੈ ਜਿਵੇਂ ਸੌਂ ਗਿਆ ਹੋਵੇ ) |
| | (ਡਯੂਡਾਰਡ ਪੌੜੀਆ ਚੜ੍ਹਦਾ ਦਿਖਾਈ ਦਿੰਦਾ ਹੈ। ਉਹ ਉੱਪਰ ਪਹੁੰਚ ਕੇ ਦਰਵਾਜ਼ਾ ਖੜਕਾਉਂਦਾ ਹੈ।) |
| ਬੇਰੰਜਰ | (ਚੌਂਕਦਾ ਹੈ) ਕੌਣ ਹੈ? |
| ਡਯੂਡਾਰਡ | ਮੈਂ ਹਾਂ, ਬੇਰੰਜਰ। |
| ਬੇਰੰਜਰ | ਕੌਣ? |
| ਡਯੂਡਾਰਡ | ਮੈਂ ਹਾਂ। |
| ਬੇਰੰਜਰ | ਕੌਣ ਮੈਂ? |
| ਡਯੂਡਾਰਡ | ਮੈਂ, ਡਯੂਡਾਰਡ। |
| ਬੇਰੰਜਰ | ਅਹ, ਤੁਸੀਂ, ਆ ਜਾਓ! |
| ਡਯੂਡਾਰਡ | ਉਮੀਦ ਹੈ ਮੈਂ ਪਰੇਸ਼ਾਨ ਨਹੀਂ ਕਰ ਰਿਹਾ ਤੁਹਾਨੂੰ। (ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ।) ਦਰਵਾਜ਼ਾ ਅੰਦਰੋਂ ਬੰਦ ਹੈ। |
| ਬੇਰੰਜਰ | ਇੱਕ ਮਿੰਟ, ਆ ਰਿਹਾ (ਦਰਵਾਜ਼ਾ ਖੋਲ੍ਹਦਾ ਹੈ। ਡਯੂਡਾਰਡ ਅੰਦਰ ਆਉਂਦਾ ਹੈ।) |
| ਡਯੂਡਾਰਡ | ਹੈਲੋ ਬੇਰੰਜਰ। |
| ਬੇਰੰਜਰ | ਹੈਲੋ ਡਯੂਡਾਰਡ, ਕੀ ਟਾਈਮ ਹੋ ਗਿਆ? |
| ਡਯੂਡਾਰਡ | ਤਾਂ ਤੂੰ ਕੁੰਡੇ-ਜਿੰਦੇ ਮਾਰ ਕੇ ਅੰਦਰ ਤੜਿਆ ਬੈਠਾ, ਕਿਵੇਂ ਮਹਿਸੂਸ ਕਰ ਰਿਹਾਂ ਹੁਣ? |
| ਬੇਰੰਜਰ | ਮਾਫ਼ ਕਰਨਾ, ਮੈਂ ਤੁਹਾਡੀ ਅਵਾਜ਼ ਨਹੀਂ ਪਛਾਣੀ। (ਖਿੜਕੀ ਖੋਲ੍ਹਦਾ ਹੈ।) ਹਾਂ, ਹੁਣ ਕਝ ਠੀਕ ਲੱਗ ਰਿਹਾ। |
| ਡਯੂਡਾਰਡ | ਮੇਰੀ ਅਵਾਜ਼ ਤਾਂ ਪਹਿਲੋਂ ਵਰਗੀ ਹੀ ਹੈ। ਮੈਂ ਤਾਂ ਤੇਰੀ ਝੱਟ ਪਛਾਣ ਲਈ ਸੀ। |
| ਬੇਰੰਜਰ | ਸੌਰੀ, ਮੈਨੂੰ ਲੱਗਾ ਕਿ.., ਹਾਂ ਤੁਸੀਂ ਸਹੀ ਹੋ, ਤੁਹਾਡੀ ਅਵਾਜ਼ ਤਾਂ ਬਿਲਕੁਲ ਨਾਰਮਲ ਹੈ। ਮੇਰੀ ਵੀ ਨਹੀਂ ਬਦਲੀ, ਹੈ ਨਾ? |
| ਡਯੂਡਾਰਡ | ਬਦਲੇਗੀ ਕਿਉਂ? |
| ਬੇਰੰਜਰ | ਮੈਨੂੰ ਲੱਗਿਆ.. ਥੋੜ੍ਹੀ ਖੁਰਦਰੀ ਤਾਂ ਨਹੀਂ, ਹੈਗੀ? |
| ਡਯੂਡਾਰਡ | ਮੈਨੂੰ ਤਾਂ ਲੱਗਾ ਨਹੀਂ। |
| ਬੇਰੰਜਰ | ਫੇਰ ਤਾਂ ਠੀਕ ਹੈ। ਬੜਾ ਹੌਸਲਾ ਮਿਲਦਾ। |
| ਡਯੂਡਾਰਡ | ਕਿਉਂ, ਹੋਇਆ ਕੀ ਹੈ ਤੈਨੂੰ? |
| ਬੇਰੰਜਰ | ਪਤਾ ਨਹੀਂ; ਪਤਾ ਲੱਗਦਾ ਕਿਤੇ? ਅਵਾਜ਼ਾਂ ਅਚਾਨਕ ਬਦਲ ਸਕਦੀਆਂ, ਉਹ ਬਦਲ ਜਾਂਦੀਆਂ, ਝੱਟ ਹੀ। |

| | |
|---|---|
| ਡਯੂਡਾਰਡ | ਜ਼ਕਾਮ ਹੈ ਤੈਨੂੰ ? |
| ਬੇਰੰਜਰ | ਲੱਗਦਾ ਤਾਂ ਨਹੀਂ, ਬਿਲਕੁਲ ਵੀ ਨਹੀਂ। ਤੁਸੀਂ ਬੈਠ ਜਾਓ, ਇਥੇ ਬੈਠੋ, ਆਰਾਮ-ਕੁਰਸੀ 'ਤੇ। |
| ਡਯੂਡਾਰਡ | (ਬੈਠਦੇ ਹੋਏ) ਕੀ ਹਾਲੇ ਵੀ ਦਰਦ ਹੈ ਇੱਥੇ ? (ਸਿਰ ਦੀ ਪੱਟੀ ਵੱਲ ਇਸ਼ਾਰਾ ਕਰਦਾ ਹੈ।) |
| ਬੇਰੰਜਰ | ਓ ਹਾਂ, ਦਰਦ ਤਾ ਹੈ। ਪਰ ਰੋੜ ਕੋਈ ਨਹੀਂ, ਕਿਤੇ ਵੱਜਿਆ ਵੀ ਨਹੀਂ..., ਲਗਦੈ ਤੁਹਾਨੂੰ ? (ਉਹ ਪੱਟੀ ਚੁੱਕ ਕੇ ਡਯੂਡਾਰਡ ਨੂੰ ਦਿਖਾਉਂਦਾ ਹੈ।) |
| ਡਯੂਡਾਰਡ | ਨਹੀਂ, ਮੈਨੂੰ ਤਾਂ ਕੋਈ ਰੋੜ ਨਜ਼ਰ ਨਹੀਂ ਆਉਂਦਾ। |
| ਬੇਰੰਜਰ | ਉਮੀਦ ਹੈ ਕਦੇ ਹੋਵੇਗਾ ਵੀ ਨਹੀਂ। ਕਦੇ ਨਹੀਂ। |
| ਡਯੂਡਾਰਡ | ਜੇ ਤੁਸੀਂ ਕਿਤੇ ਟਕਰਾਏ ਨਹੀਂ, ਤਾਂ ਰੋੜ ਕਿਉਂ ਪਏਗਾ ? |
| ਬੇਰੰਜਰ | ਜੇ ਤੁਸੀਂ ਦਿਲੋਂ ਇਹ ਨਾ ਚਾਹੋ, ਤਾ ਤੁਸੀਂ ਕਦੇ ਨਹੀਂ ਟਕਰਾ ਸਕਦੇ ਕਿਤੇ। |
| ਡਯੂਡਾਰਡ | ਹਾਂ ਬਸ, ਥੋੜ੍ਹਾ ਖ਼ਿਆਲ ਰੱਖਣਾ ਪੈਂਦਾ। ਪਰ ਗੱਲ ਕੀ ਹੈ ? ਤੂੰ ਬੜਾ ਘਬਰਾਇਆ ਜਿਹਾ ਲਗਦੈਂ, ਪਰੇਸ਼ਾਨ ਵੀ । ਮਾਈਗ੍ਰੇਨ ਕਰਕੇ ਹਏਗਾ। ਬਸ ਥੋੜ੍ਹਾ ਅਰਾਮ ਕਰ, ਸਭ ਠੀਕ ਹੋ ਜਾਏਗਾ। |
| ਬੇਰੰਜਰ | ਮਾਈਗ੍ਰੇਨ! ਨਹੀਂ ਉਸਦੀ ਗੱਲ ਨਾ ਕਰੋ ਮੇਰੇ ਨਾਲ! ਬਿਲਕੁਲ ਨਹੀਂ! |
| ਡਯੂਡਾਰਡ | ਮੈਂ ਸਮਝ ਸਕਦਾਂ ਤੁਹਾਡੀ ਹਾਲਤ, ਉਸ ਸਾਰੀ ਮਾਨਸਿਕ ਹਲਚਲ ਤੋਂ ਬਾਅਦ ਇਹ ਮਾਈਗ੍ਰੇਨ . |
| ਬੇਰੰਜਰ | ਮੇਰੇ ਦਿਮਾਗ਼ 'ਚੋਂ ਨਿਕਲ ਹੀ ਨਹੀਂ ਰਿਹਾ! |
| ਡਯੂਡਾਰਡ | ਤਾਂ ਹੀ ਤਾਂ ਸਿਰ 'ਚ ਦਰਦ ਹੈ, ਕੋਈ ਹੈਰਾਨੀ ਦੀ ਗੱਲ ਨਹੀਂ। |
| ਬੇਰੰਜਰ | (ਸ਼ੀਸ਼ੇ 'ਚ ਦੇਖਦੇ ਹੋਏ, ਪੱਟੀ ਖਿਸਕਾਉਂਦਾ ਹੈ।) ਕੁਝ ਵੀ ਨਹੀਂ...। ਤੁਹਾਨੂੰ ਪਤਾ... ਇਹ ਸਭ ਕੁਝ ਬਸ ਇਵੇਂ ਹੀ ਸ਼ੁਰੂ ਹੋ ਜਾਂਦੈ, ਕਿਸੇ ਵੀ ਗੱਲ ਤੋਂ। |
| ਡਯੂਡਾਰਡ | ਕੀ ਸ਼ੁਰੂ ਹੋ ਜਾਂਦਾ..? |
| ਬੇਰੰਜਰ | ਮੈਂ ਕੁਝ ਹੋਰ ਹੀ ਹੋ ਜਾਣ ਤੋਂ ਡਰ ਰਿਹਾਂ। |
| ਡਯੂਡਾਰਡ | ਆਰਾਮ ਨਾਲ, ਸ਼ਾਂਤ ਰਹੋ, ਬੈਠ ਜਾਓ। ਇਸ ਤਰ੍ਹਾਂ ਇਧਰ ਉਧਰ ਘੁੰਮਣ ਨਾਲ ਤੁਸੀਂ ਹੋਰ ਪਰੇਸ਼ਾਨ ਹੋ ਜਾਓਗੇ। |
| ਬੇਰੰਜਰ | ਹਾ, ਤੁਹਾਡੀ ਗੱਲ ਸਹੀ ਹੈ, ਦਿਮਾਗ਼ ਠੰਡਾ ਰੱਖਣਾ ਪਏਗਾ। (ਉਹ ਚੁੱਪਚਾਪ ਆ ਕੇ ਬੈਠ ਜਾਂਦਾ ਹੈ।) ਪਰ ਮੇਰੇ ਦਿਮਾਗ਼ 'ਚੋਂ ਨਿਕਲ ਹੀ ਨਹੀਂ ਰਿਹਾ, ਤੈਨੂੰ ਪਤੈ... |
| ਡਯੂਡਾਰਡ | ਤੇਰਾ ਮਤਲਬ... ਜੋਨ ? |
| ਬੇਰੰਜਰ | ਹਾਂ-ਹਾਂ ਜੋਨ, ਬੇਸ਼ਕ। ਹੋਰ ਵੀ ਤਾਂ ਕਿੰਨੇ.. |

ਡਯੂਡਾਰਡ — ਮੈਂ ਸਮਝਦਾਂ.., ਤੁਹਾਨੂੰ ਬੜਾ ਸਦਮਾ ਲੱਗਿਆ।

ਬੇਰੰਜਰ — ਤਾਂ ਕੀ .. ਹੈਰਾਨੀ ਦੀ ਗੱਲ ਨਹੀ, ਇਹ ਤਾਂ ਮੰਨਣਾ ਪਏਗਾ ..

ਡਯੂਡਾਰਡ — ਮੈਨੂੰ ਵੀ ਲੱਗਦੀ ਹੈ, ਪਰ ਇੰਝ ਬਾਤ ਦਾ ਬਤੰਗੜ ਬਣਾਉਣ ਦੀ ਵੀ ਲੋੜ ਨਹੀਂ; ਖ਼ੁਦ ਨੂੰ ਪਰੇਸ਼ਾਨ ਕਰਨ ਦਾ ਤਾਂ ਕਈ...

ਬੇਰੰਜਰ — ਪਤਾ ਨਹੀਂ ਤੂੰ ਕਿਵੇਂ ਲਵੇਂਗਾ ਇਸਨੂੰ, ਜੇਨ ਮੇਰਾ ਮਿੱਤਰ ਸੀ, ਸਭ ਤੋਂ ਨੇੜਲਾ ਮਿੱਤਰ। ਉਸਨੂੰ ਇੰਝ ਆਪਣੀਆਂ ਅੱਖਾਂ ਦੇ ਸਾਹਮਣੇ ਬਦਲਦੇ, ਕਿਵੇਂ ਉਹ ਆਪੇ ਤੋਂ ਬਾਹਰ ਹੋ ਰਿਹਾ ਸੀ!

ਡਯੂਡਾਰਡ — ਮੈਂ ਸਮਝਦਾਂ। ਤੂੰ ਖ਼ੁਦ ਨੂੰ ਠੱਗਿਆ... ਮਹਿਸੂਸ ਕਰਦੈਂ; ਮੈਂ ਸਮਝ ਸਕਦਾ ਇਸ ਗੱਲ ਨੂੰ। ਕੋਸ਼ਿਸ਼ ਕਰ, ਕੱਢ ਦੇ ਇਸਨੂੰ ਦਿਮਾਗ਼ 'ਚੋਂ।

ਬੇਰੰਜਰ — ਕਿਵੇਂ ਕਰ ਸਕਦਾਂ ਮੈਂ ਇਹ? ਨਹੀਂ ਹੁੰਦਾ. . ਕਿੰਨਾ ਸਿੱਧਾ ਬੰਦਾ ਸੀ ਉਹ, ਮਾਨਵਤਾ ਨਾਲ ਭਰਿਆ. . ਹਮੇਸ਼ਾਂ! ਅਸੀਂ ਪਤਾ ਨਹੀਂ ਕਿੰਨੇ ਚਿਰਾਂ ਤੋਂ ਜਾਣਦੇ ਸੀ. . ਇੱਕ-ਦੂਜੇ ਨੂੰ। ਉਸ ਬਾਰੇ ਤਾਂ ਮੈਂ ਕਦੇ ਇੰਝ ਸੋਚ ਵੀ ਨਹੀਂ ਸੀ ਸਕਦਾ ਕਿ ... ਉਹ ਇੰਝ ਬਦਲ ਜਾਏਗਾ। ਖ਼ੁਦ ਨਾਲੋਂ ਵੱਧ ਉਸਤੇ ਭਰੋਸਾ ਸੀ ਮੈਨੂੰ! ਤੇ ਉਸਨੇ ਇੰਝ ਕੀਤਾ ਮੇਰੇ ਨਾਲ!

ਡਯੂਡਾਰਡ — ਉਸਨੇ ਇਹ ਸਭ ਤੈਨੂੰ ਦੁਖੀ ਕਰਨ ਲਈ ਨਹੀ ਕੀਤਾ, ਯਕੀਨ ਕਰ ਮੇਰਾ

ਬੇਰੰਜਰ — ਲੱਗਦਾ ਤਾ ਇੰਝ ਹੀ ਹੈ। ਜੇ ਤੂੰ ਉਸਨੂੰ ਉਸ ਹਾਲਤ 'ਚ ਦੇਖਿਆ ਹੁੰਦਾ . ਉਸਦੇ ਚੇਹਰੇ ਦੇ ਹਾਵਭਾਵ..

ਡਯੂਡਾਰਡ — ਇਹ ਬਸ ਇੱਕ ਇਤਫ਼ਾਕ ਸੀ ਕਿ ਤੂੰ ਉਸ ਵੇਲੇ ਉੱਥੇ ਉਹਦੇ ਨਾਲ ਸੀ। ਕੋਈ ਵੀ ਹੁੰਦਾ, ਇਹੋ ਹੋਣਾ ਸੀ।

ਬੇਰੰਜਰ — ਪਰ ਏਨੇ ਸਾਲਾਂ ਦੀ ਦੋਸਤੀ... ਉਸਦੀ ਖ਼ਾਤਰ ਈ ਉਹ ਥੋੜ੍ਹਾ ਕੰਟਰੋਲ ਕਰ ਸਕਦਾ ਸੀ. ਘੱਟੋ ਘੱਟ ਮੇਰੇ ਸਾਹਮਣੇ।

ਡਯੂਡਾਰਡ — ਤੈਨੂੰ ਲਗਦੈ ਜੋ ਹੁੰਦੈ ਸਭ ਤੇਰੇ ਕਰਕੇ ਹੁੰਦਾ, ਜ ਵੀ ਵਾਪਰਦਾ ਹੈ ਉਹ ਖ਼ਾਸ ਤੌਰ 'ਤੇ ਤੇਰੇ ਲਈ ਹੈ, ਦੇਖ. ., ਤੂੰ ਕੋਈ ਸਾਰੇ ਬ੍ਰਹਿਮੰਡ ਦਾ ਕੇਂਦਰ ਨਹੀਂ, ਇੰਨਾ ਸਮਝ ਲੈ।

ਬੇਰੰਜਰ — ਸ਼ਾਇਦ ਤੂੰ ਠੀਕ ਹੈਂ। ਮੈਨੂੰ ਸੰਭਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਪਰ ਜੋ ਵੀ ਹੋ ਰਿਹੈ. ਇੰਨਾ ਪਰੇਸ਼ਾਨ ਕਰਨ ਵਾਲਾ ਹੈ। ਸਚਾਈ ਤਾਂ ਇਹੋ ਹੈ, ਇਸਨੇ ਤੋੜ ਦਿੱਤੈ ਮੈਨੂੰ... ਬੁਰੀ ਤਰ੍ਹਾਂ। ਕੀ ਵਜ੍ਹਾ ਹੋ ਸਕਦੀ ਹੈ, ਹੈ ਕੋਈ ਤਰਕ?

ਡਯੂਡਾਰਡ — ਹਾਲ ਦੀ ਘੜੀ ਤਾਂ ਮੇਰੇ ਕੋਲ ਵੀ ਕੋਈ ਤਸੱਲੀਬਖ਼ਸ਼ ਜਵਾਬ ਨਹੀਂ। ਮੈਂ ਤੱਥਾਂ ਨੂੰ ਘੋਖ ਰਿਹਾਂ, ਸਮਝਣ ਦੀ ਕੋਸ਼ਿਸ਼ ਕਰ ਰਿਹਾ। ਉਹ ਮੌਜੂਦ ਨੇ ਤਾਂ ਕੋਈ ਵਜ੍ਹਾ ਵੀ ਲਾਜ਼ਮੀ ਹੋਏਗੀ। ਕੁਦਰਤ ਦੀ ਕੋਈ ਸਨਕ, ਜਾਂ ਸ਼ਾਇਦ ਕੋਈ ਅਜੀਬ ਖ਼ੁਦਾਅ, ਭੱਦਾ ਮਜ਼ਾਕ, ਕੋਈ

ਚਾਲ, ਕੁਝ ਵੀ..., ਕਿਸਨੂੰ ਪਤਾ ?

ਬੇਰੰਜਰ ਬੇਸ਼ਕ, ਜੇਨ ਨੂੰ ਬੜਾ ਮਾਣ ਸੀ ਆਪਣੇ ਆਪ 'ਤੇ। ਮੈਂ ਕੋਈ ਬਹੁਤ ਉਤਸ਼ਾਹੀ ਆਦਮੀ ਨਹੀਂ, ਨਾ ਹੀ ਕੋਈ ਵੱਡੀਆਂ ਲਾਲਸਾਵਾਂ ਨੇ ਮੇਰੀਆ, ਮੈਂ ਬਸ ਖੁਸ਼ ਹਾਂ, ਜੋ ਵੀ ਹਾਂ।

ਡਯੂਡਾਰਡ ਸ਼ਾਇਦ ਉਸਨੂੰ ਘੁਟਣ ਮਹਿਸੂਸ ਹੁੰਦੀ ਹੋਏਗੀ, ਤਾਜ਼ੀ ਹਵਾ, ਕੁਦਰਤੀ... ਖੁੱਲੀ-ਡੁੱਲੀ ਜਗ੍ਹਾ ਦੀ ਲੋੜ ਲੱਗਦੀ ਹੋਏਗੀ, ਥੋੜ੍ਹਾ ਅਰਾਮ ਚਾਹੀਦਾ ਹੋਏਗਾ। ਮੈਂ ਕੋਈ ਜਾਇਜ਼ ਨਹੀਂ ਠਹਿਰਾ ਰਿਹਾ ਕਿਸੇ ਨੂੰ...।

ਬੇਰੰਜਰ ਮੈਂ ਸਮਝ ਰਿਹਾ . ਤੇਰਾ ਮਤਲਬ, ਘੱਟ ਘੱਟ ਕੋਸ਼ਿਸ਼ ਤਾਂ ਕਰ ਹੀ ਰਿਹਾਂ। ਦੇਖ..., ਮੈਨੂੰ ਭਾਵੇਂ ਕੋਈ ਕੁਝ ਵੀ ਕਹੇ, ਆਲਸੀ, ਨਕਾਰਾ, ਮਿਡਲ-ਕਲਾਸ ਦਾ ਨਿਕੰਮਾ ਬੰਦਾ.. ਜਿਸਦਾ ਜਿੰਦਗੀ ਨਾਲ ਕੋਈ ਵਾਸਤਾ ਹੀ ਨਹੀਂ, ਜੋ ਵੀ ਚਾਹੇ ਇਲਜ਼ਾਮ ਲਾਵੇ.., ਪਰ ਫੇਰ ਵੀ ਮੈਂ ਉਹੀ ਰਹਿਣਾ ਚਾਹਾਂਗਾ ਜੋ ਮੈਂ ਹਾਂ।

ਡਯੂਡਾਰਡ ਅਸੀਂ ਸਾਰੇ ਉਹੀ ਰਹਾਂਗੇ ਜੋ ਅਸੀਂ ਹਾਂ, ਚਿੰਤਾ ਨਾ ਕਰ। ਜੇ ਕੁਝ ਕੇਸ ਹੈ ਵੀ ਨੇ . ਲੋਕ ਗੈਂਡੇ ਬਣ ਰਹੇ ਨੇ, ਤਾਂ ਏਡਾ ਪਰੇਸ਼ਾਨ ਹੋਣ ਵਾਲੀ ਕੀ ਗੱਲ ਹੈ ? ਮੁਮਕਿਨ ਹੈ ਇਹ ਵੀ ਕੋਈ ਬੀਮਾਰੀ ਹੋਵੇ।

ਬੇਰੰਜਰ ਉਹੀ ਤਾਂ! ਮੈਨੂੰ ਡਰ ਏ... ਜੇ ਮੈਨੂੰ ਲਗ ਗਈ!

ਡਯੂਡਾਰਡ ਓਹ, ਛੱਡ ਵੀ ਹੁਣ। ਤੂੰ ਸੱਚਮੁੱਚ ਕੁਝ ਜ਼ਿਆਦਾ ਈ ਤੂਲ ਦੇ ਦਿੱਤੀ ਹੈ ਸਾਰੇ ਕੁਝ ਨੂੰ। ਜੇਨ ਦਾ ਮਾਮਲਾ ਕੋਈ ਆਮ ਸਿੰਪਟਮ ਨਹੀਂ ਬਣ ਸਕਦਾ, ਉਸਦਾ ਕੇਸ ਕੁਝ ਵੱਖਰਾ ਸੀ, ਤੂੰ ਆਪੇ ਤਾਂ ਕਿਹਾ ਕਿ ਉਹ ਘਮੰਡੀ ਸੀ। ਜੇ ਮੇਰੀ ਪੁੱਛੇ ਤਾਂ, ਹਾਲਾਂਕਿ ਤੇਰੇ ਖਾਸ ਦੋਸਤ ਬਾਰੇ ਇੰਝ ਕਹਿਣਾ ਤਾਂ ਨਹੀਂ ਚਾਹੀਦਾ, ਪਰ ਉਹ ਥੋੜ੍ਹਾ ਜਲਦੀ ਓ ਭੜਕ ਜਾਂਦਾ ਸੀ, ਥੋੜ੍ਹਾ ਅੱਖੜ ਵੀ ਸੀ, ਸਨਕੀ। ਇਹੋ ਜਿਹੇ ਵਿਲੱਖਣ ਕੇਸਾਂ 'ਤੇ ਤੁਸੀਂ ਕੋਈ ਆਮ ਰਾਏ ਨਹੀਂ ਬਣਾ ਸਕਦੇ। ਉਸ ਲਈ ਤਾਂ ਬਸ ਐਵਰੇਜ ਕੇਸ ਚਾਹੀਦਾ, ਬਿਲਕੁਲ ਔਸਤ।

ਬੇਰੰਜਰ ਮੈਨੂੰ ਵੀ ਕੋਈ ਆਸ ਨਜ਼ਰ ਆਣ ਲੱਗੀ ਹੈ। ਤੂੰ ਮੈਨੂੰ ਇਹ ਸਮਝਾ ਸਕਦੈਂ, ਕਿ ਇਹ ਸਭ ਹੈ ਕੀ। ਪਰ ਤੂੰ ਬਸ . ਐਵੇਂ ਉਰਲੀਆਂ-ਪਰਲੀਆਂ ਮਾਰ ਕੇ ਟਾਲ ਰਿਹਾ ਏ। ਬੇਸ਼ਕ, ਉਸ ਹਾਲਤ ਤਾਈਂ ਪਹੁੰਚਣ ਲਈ ਕੁਝ ਖ਼ਾਸ ਹੀ ਖ਼ਤਰਨਾਕ ਵਾਪਰਿਆ ਹੋਏਗਾ ਉਸ ਨਾਲ, ਹਾਲਤ ਮਾੜੀ ਹੋਏਗੀ, ਜਰੂਰ ਆਰਜ਼ੀ ਤੌਰ 'ਤੇ ਹਿੱਲ ਗਿਆ ਹੋਏਗਾ ਉਹ। ਫੇਰ ਵੀ ਉਸਨੇ ਸੋਚਿਆ ਤਾਂ ਹੋਏਗਾ ਹੀ, ਨਫ਼ੇ-ਨੁਕਸਾਨ ਦਾ ਹਿਸਾਬ ਲਾਇਆ ਹੋਏਗਾ, ਲਾਜ਼ਮੀ ਹੈ . ਉਸਨੇ ਖ਼ੂਬ ਚੰਗੀ ਤਰ੍ਹਾਂ ਸੋਚਿਆ ਵਿਚਾਰਿਆ ਹੋਏਗਾ। ਪਰ ਫੇਰ ਉਹ ਬਿਊਫ਼, ਉਸਦਾ ਕੀ, ਕੀ ਉਹ ਵੀ ਪਾਗਲ ਸੀ ? ਤੇ ਬਾਕੀ ਇਹ ਹੋਰ ਐਨੇ

ਸਾਰੇ ?

**ਡਯੂਡਾਰਡ** ਮਹਾਮਾਰੀ ਵੀ ਤਾਂ ਫੈਲਦੀ ਹੈ। ਇੱਕ ਤਰ੍ਹਾਂ ਦਾ ਫਲੂ ਹੈ ਇਹ। ਇਹ ਕੋਈ ਪਹਿਲੀ ਵਾਰੀ ਨਹੀਂ ਹੈ, ਮਹਾਮਾਰੀਆਂ ਪਹਿਲੋਂ ਵੀ ਫ਼ੈਲੀਆਂ।

**ਬੇਰੰਜਰ** ਪਰ ਇਹੋ ਜਿਹੀ ਕਦੀ ਨਹੀਂ। ਤੇ ਜੇ ਇਹ ਬਸਤੀਆਂ ਤੋਂ ਆਈ ਹੋਵੇ... ਫੇਰ ?

**ਡਯੂਡਾਰਡ** ਕੁਝ ਵੀ ਹੋਵੇ ... ਤੂੰ ਬਸ ਇੰਨਾ ਸਮਝ ਲੈ ਕਿ ਬਿਊਫ ਨੇ ਜਾਂ ਕਿਸੇ ਵੀ ਹੋਰ ਨੇ ਜੋ ਵੀ ਕੀਤਾ, ਜੋ ਵੀ ਉਹ ਬਣੇ, ਘੱਟੋ ਘੱਟ ਉਨ੍ਹਾਂ ਨੇ ਤੈਨੂੰ ਦੁਖੀ ਕਰਨ ਲਈ ਨਹੀਂ ਕੀਤਾ। ਉਹਦੇ ਲਈ ਉਨ੍ਹਾਂ ਨੂੰ ਇੰਨਾ ਕੁਝ ਕਰਨ ਦੀ ਲੋੜ ਨਹੀਂ ਸੀ।

**ਬੇਰੰਜਰ** ਹਾਂ, ਉਹ ਤਾਂ ਹੈ, ਸਹੀ ਹੈ ਗੱਲ, ਹੌਸਲਾ ਮਿਲਦਾ ਇਸਤੋਂ ਉਝ, ਸ਼ਾਇਦ ਖ਼ਰਾਬੀ ਵੀ ਹੋ ਸਕਦੀ ਹੈ ਇਸਤੋਂ ?

(ਗੈਂਡਿਆਂ ਦੀਆਂ ਅਵਾਜਾਂ ਆਉਂਦੀਆਂ ਹਨ। ਉਹ ਅੱਪ-ਸਟੇਜ ਵਾਲੀ ਖਿੜਕੀ ਹੇਠਾਂ ਇਕੱਠੇ ਹੋ ਰਹੇ ਲੱਗਦੇ ਹਨ।)

**ਬੇਰੰਜਰ** ਸੁਣ ਰਿਹੈਂ, ਸੁਣ ਰਿਹੈਂ ਅਵਾਜ਼ਾਂ ? (ਖਿੜਕੀ ਵੱਲ ਇਸ਼ਾਰਾ ਕਰਦਾ ਹੈ।)

**ਡਯੂਡਾਰਡ** ਓਹ। ਤੂੰ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ 'ਤੇ ਕਿਉਂ ਨਹੀਂ ਛੱਡਦਾ। (ਬੇਰੰਜਰ ਫੇਰ ਖਿੜਕੀ ਬੰਦ ਕਰਦਾ ਹੈ।) ਕੋਈ ਨੁਕਸਾਨ ਤਾਂ ਨਹੀਂ ਕਰ ਰਹੇ ਉਹ। ਤੈਨੂੰ ਤਾਂ ਸੱਚੀਂ ਸੁਦਾਅ ਹੋ ਗਿਆ ਉਨ੍ਹਾਂ ਦਾ। ਤੇਰੇ ਲਈ ਚੰਗਾ ਨਹੀਂ ਇਹ। ਤੂੰ ਐਵੇਂ ਆਪਣੇ ਆਪ ਨੂੰ ਖਪਾ ਰਿਹੈਂ। ਇੱਕ ਝਟਕਾ ਤੂੰ ਖਾ ਚੁੱਕਾਂ, ਹੋਰ ਕਿਉਂ ਲੱਭਦਾ ਫਿਰਦਾਂ ? ਨਾਰਮਲ ਹੋਣ 'ਤੇ ਧਿਆਨ ਦੇ... ਬਸ।

**ਬੇਰੰਜਰ** ਸੋਚਦਾਂ.. ਕੀ ਸੱਚੀਓਂ ਕੋਈ ਖ਼ਤਰਾ ਨਹੀਂ ਮੈਨੂੰ ?

**ਡਯੂਡਾਰਡ** ਜੇ ਹੋ ਵੀ ਜਾਏ ਤਾਂ . . ਕੋਈ ਏਡੀ ਵੀ ਘਾਤਕ ਬਿਮਾਰੀ ਨਹੀਂ। ਕੁਝ ਬਿਮਾਰੀਆਂ ਚੰਗੀਆ ਹੁੰਦੀਆਂ ਤੁਹਾਡੇ ਲਈ। ਮੈਨੂੰ ਪੱਕਾ ਯਕੀਨ ਹੈ ਕਿ ਜੇ ਚਾਹੋ ਤਾਂ ਤੁਸੀਂ ਠੀਕ ਕਰ ਸਕਦੇ ਓ ਇਹਨੂੰ ਉਹ ਕਰ ਲੈਣਗੇ, ਦੇਖ ਲਈਂ ਤੂੰ।

**ਬੇਰੰਜਰ** ਪਰ ਮਾੜੇ ਪ੍ਰਭਾਵ ਤਾਂ ਇਹਦੇ ਰਹਿਣਗੇ ਈ ਦੇਰ ਤੱਕ। ਜਦ ਜੜ੍ਹਾਂ 'ਚ ਉਥਲ ਪੁਥਲ ਹੁੰਦੀ ਐ, ਉਹ ਵੀ ਇਹੋ ਜਿਹੀ, ਤਾਂ ਕੋਈ ਕੁਝ ਨਹੀਂ ਕਰ ਸਕਦਾ, ਨਿਸ਼ਾਨ ਤਾਂ...

**ਡਯੂਡਾਰਡ** ਇਹ ਐਵੇਂ ਟੈਂਪਰੇਰੀ ਹੈ, ਖਪਣ ਦੀ ਲੋੜ ਨਹੀਂ.

**ਬੇਰੰਜਰ** ਕੀ ਤੈਨੂੰ ਪੱਕਾ ਏ !

**ਡਯੂਡਾਰਡ** ਮੈਨੂੰ ਲੱਗਦੈ, ਅੰਦਾਜਾ ਐ ਮੇਰਾ।

**ਬੇਰੰਜਰ** ਪਰ ਜੇ ਬੰਦਾ ਸੱਚੀਓਂ ਨਾ ਚਾਹੇ, ਦਿਲੋਂ ਹੀ ਛੂਹਣਾ ਨਾ ਚਾਹੇ ਉਸਨੂੰ, ਤਾਂ ਫੇਰ ਨਹੀਂ ਚੁੰਬੜਦੀ ਤੁਹਾਨੂੰ, ਆਖ਼ਰ ਹੈ ਤਾਂ ਨਾੜਾਂ ਦਾ ਰੋਗ ਹੀ,

ਫੇਰ ਨੀ ਢੂੰਹਦਾ। ਬਰਾਂਡੀ ਥੋੜੀ ਜਿਹੀ. . ਲਓਂਗੇ ? (ਉਸ ਮੇਜ਼ ਵੱਲ ਜਾਂਦਾ ਹੈ ਜਿੱਥੇ ਬੋਤਲ ਪਈ ਹੈ।)

**ਡਯੂਡਾਰਡ** ਨਹੀਂ , ਮੈਂ ਨਹੀਂ, ਥੈਂਕਯੂ, ਮੈਂ ਨੀ ਕਦੇ ਹੱਥ ਲਾਇਆ। ਤੁਸੀ ਲਾਓ ਜੇ ਮਨ ਕਰਦਾ.. ਕੋਈ ਮਸਲਾ ਨਹੀਂ, ਮੇਰੀ ਫ਼ਿਕਰ ਨਾ ਕਰੋ। ਐਨਾ ਖਿਆਲ ਰੱਖਿਓ ਕਿਤੇ ਸਿਰਦਰਦ ਨਾ ਹੋਰ ਵਿਗੜ ਜਾਏ।

**ਬੇਰੰਜਰ** ਦਾਰੂ ਤਾਂ ਸਭ ਮਹਾਮਾਰੀਆਂ ਲਈ ਅੰਮ੍ਰਿਤ ਹੈ। ਮਾਜ਼ਨਾ ਮਜ਼ਬੂਤ ਕਰਦੀ, ਇਮਿਊਨ ਕਰਦੀ, ਕੀਟਾਣੂ ਸਾਰੇ ਮਾਰ ਦਿੰਦੀ।

**ਡਯੂਡਾਰਡ** ਸ਼ਾਇਦ ਸਾਰੇ ਕੀਟਾਣੂ ਤਾਂ ਨਹੀ ਮਾਰਦੀ ਹਣੀ। ਗੈਂਡੇ ਦੇ ਕੀਟਾਣੂ ਦੀ ਪਛਾਣ ਨਹੀਂ ਹਾਲੇ ਉਸਨੂੰ।

**ਬੇਰੰਜਰ** ਜੇਨ ਨੇ ਕਦੇ ਦਾਰੂ ਨਹੀਂ ਪੀਤੀ। ਐਵੇਂ ਨੌਟੰਕੀ ਕਰ ਲੈਂਦਾ ਸੀ। ਸ਼ਾਇਦ ਇਸੇ ਲਈ ਹੋ ਸਕਦਾ ਇਹੋ ਵਜਾਹ ਹੋਵੇ ਉਸਦੇ ਇਸ ਵਤੀਰੇ ਦੀ। ਪੱਕਾ ਹੈ ਨਹੀਂ ਲਓਂਗੇ।

**ਡਯੂਡਾਰਡ** ਹਾਂ-ਹਾ ਪੱਕਾ, ਲੰਚ ਤੋਂ ਪਹਿਲਾਂ ਕਦੇ ਨਹੀਂ, ਸ਼ੁਕਰੀਆ। (ਬੇਰੰਜਰ ਗਿਲਾਸ ਖਾਲੀ ਕਰ ਦਿੰਦਾ ਹੈ। ਗਿਲਾਸ ਤੇ ਬੋਤਲ ਦੋਹੇਂ ਉਸਦੇ ਹੱਥਾਂ 'ਚ ਨੇ, ਖੰਘਦਾ ਹੈ।)

**ਡਯੂਡਾਰਡ** ਦੇਖਿਆ ਨਾ, ਖੰਘ ਛਿੜ ਗਈ ਤੁਹਾਨੂੰ ਵੀ।

**ਬੇਰੰਜਰ** (ਫ਼ਿਕਰ 'ਚ) ਹਾਂ, ਖੰਘ ਤਾਂ ਹੋਈ। ਕਿਉਂ ਹੋਈ ਖੰਘ ਮੈਨੂੰ ?

**ਡਯੂਡਾਰਡ** ਸਭ ਨੂੰ ਹੁੰਦੀ ਹੈ, ਜਦੋਂ ਉਹ ਕੋਈ ਕੌੜਾ ਘੁੱਟ ਭਰਦੇ।

**ਬੇਰੰਜਰ** (ਗਿਲਾਸ ਤੇ ਬੋਤਲ ਮੁੜ ਮੇਜ਼ 'ਤੇ ਰੱਖਣ ਲਈ ਜਾਂਦਾ ਹੈ।) ਨਹੀਂ, ਕੁਝ ਖ਼ਾਸ ਨਹੀਂ, ਕੋਈ ਫ਼ਿਕਰ ਵਾਲੀ ਗੱਲ ਨਹੀਂ, ਬੰਦਿਆ ਵਾਲੀ ਖੰਘ ਸੀ ਬਸ, ਨਹੀਂ ?

**ਡਯੂਡਾਰਡ** ਮਤਲਬ ਕੀ. ? ਬੰਦਿਆਂ ਵਾਲੀ ਖੰਘ, ਹੋਰ ਖੰਘ ਕਿੱਦਾਂ ਦੀ ਹੁੰਦੀ ?

**ਬੇਰੰਜਰ** ਪਤਾ ਨਹੀਂ ... ਸ਼ਾਇਦ ਡੰਗਰਾਂ ਵਾਲੀ; ਗੈਂਡੇ ਖੰਘਦੇ ਨੇ ?

**ਡਯੂਡਾਰਡ** ਦੇਖ ਭਾਈ ਮਿੱਤਰਾ, ਬੇਸਿਰ-ਪੈਰ ਗੱਲਾਂ ਕਰ ਰਿਹਾਂ ਤੂੰ, ਬੇਮਤਲਬੇ ਸਵਾਲ ਖੜੇ ਕਰਕੇ, ਮੁਸੀਬਤਾਂ ਖੜ੍ਹੀਆਂ ਕਰ ਰਿਹੈਂ ਆਪਣੇ ਲਈ। ਤੂੰ ਹੀ ਕਿਹਾ ਸੀ ਨਾ ਇਰਾਦਿਆਂ ਦੀ ਮਜ਼ਬੂਤੀ ਹੀ ਬਚਾਅ ਸਕਦੀ ਹੈ ਬਸ, ਹਾਂ, ਯਾਦ ਏ ਮੈਨੂੰ ਚੰਗੀ ਤਰ੍ਹਾਂ।

**ਬੇਰੰਜਰ** ਹਾਂ, ਮੈਂ ਕਿਹਾ ਸੀ।

**ਡਯੂਡਾਰਡ** ਫੇਰ ਸਾਬਤ ਕਰੋ ਨਾ, ਕਿ ਤੁਹਾਡੇ 'ਚ ਵੀ ਹੈ।

**ਬੇਰੰਜਰ** ਹੈ ਮੇਰੇ 'ਚ, ਮੈਂ ਯਕੀਨ ਦੁਆਦਾ..

**ਡਯੂਡਾਰਡ** ਖ਼ੁਦ ਨੂੰ ਯਕੀਨ ਦੁਆਓ ਹੁਣ ਹੋਰ ਬਰਾਂਡੀ ਨਹੀਂ ਪੀਣੀ ਬਸ। ਦੇਖਿਓ, ਫੇਰ ਹੋਰ ਵੀ ਮਜ਼ਬੂਤੀ ਮਹਿਸੂਸ ਕਰੋਗੇ ਅੰਦਰ।

**ਬੇਰੰਜਰ** ਤੁਸੀਂ ਤਾ ਬਸ ਜਾਣਬੁੱਝ ਕੇ ਇਲਜ਼ਾਮ ਲਾਉਂਦੇ ਓ ਮੇਰੇ 'ਤੇ। ਮੈਂ ਕਿਹਾ ਨਾ, ਮੈਂ ਥੋੜ੍ਹੀ ਜਿਹੀ ਲੈ ਲੈਂਦਾ, ਇਹਦੇ ਨਾਲ ਮਾੜੇ ਮਾੜੇ

ਖਿਆਲ ਨੀ ਆਉਂਦੇ, ਬਸ ਐਨੀ ਗੱਲ. , ਸੋਚ ਸਮਝ ਕੇ ਕਰਦਾ ਸਭ ਕੁਝ। ਇਹ ਮਹਾਮਾਰੀ ਲੰਘ ਜਾਏ, ਫੇਰ ਨੀ ਮੂੰਹ ਲਾਉਂਦਾ। ਇਹ ਮੈਂ ਪਹਿਲੋਂ ਈ ਸੋਚ ਲਿਆ ਸੀ, ਏ ਸਾਰੇ ਝਮੇਲੇ ਤੋਂ ਪਹਿਲੋਂ। ਹੁਣ ਤਾਂ ਊਂ ਈ ਟਾਲ ਰਿਹਾਂ, ਥੋੜ੍ਹੇ ਦਿਨਾਂ ਦੀ ਗੱਲ ਐ!

ਡਯੁਡਾਰਡ ਬਹਾਨੇ ਲੱਭ ਰਹੇ ਹੋ ਤੁਸੀਂ।

ਬੇਰੰਜਰ ਅੱਛਾ ਏਦਾਂ ਲੱਗਦੈ.. ਮੈਂ ? ਕੁਝ ਕਹਿ ਲਓ, ਇਹਦਾ ਏਸ ਸਾਰੇ ਕੁਝ ਨਾਲ ਜੋ ਵੀ ਹੋ ਰਿਹੈ... ਕੋਈ ਲੈਣਾ-ਦੇਣਾ ਨਹੀਂ।

ਡਯੂਡਾਰਡ ਪਤਾ ਕਿਵੇਂ ਲੱਗੂ ?

ਬੇਰੰਜਰ (ਚੌਕੰਨਾ) ਤੈਨੂੰ ਸੱਚੀਂ ਲਗਦੈ...? ਤੇਰੇ ਮੁਤਾਬਕ ਬੀਮਾਰੀ ਦੀ ਜੜ੍ਹ ਇਥੇ ਹੀ ਹੈ ? ਮੈਂ ਸ਼ਰਾਬੀ ਥੋੜ੍ਹੇ ਹਾਂ। (ਸ਼ੀਸ਼ੇ ਮੂਹਰੇ ਜਾ ਕੇ ਗ਼ੌਰ ਨਾਲ ਖ਼ੁਦ ਨੂੰ ਦੇਖਦਾ ਹੈ।) ਤੈਨੂੰ ਲਗਦੈ ਕਿਤੇ (ਚਿਹਰੇ ਨੂੰ ਛੂਹ ਕੇ ਦੇਖਦਾ ਹੈ, ਪੱਟੀ ਨੂੰ ਠਕੋਰਦਾ ਹੈ।) ਕੁਝ ਬਦਲਿਆ ਨਹੀਂ, ਇਸਨੇ ਕੋਈ ਨੁਕਸਾਨ ਨਹੀਂ ਕੀਤਾ, ਮਤਲਬ ਕਈ ਫ਼ਾਇਦਾ ਕੀਤਾ ਹੋਏਗਾ ਘੱਟ ਘੱਟ ਨੁਕਸਾਨ ਤਾਂ ਉੱਕਾ ਨਹੀਂ।

ਡਯੁਡਾਰਡ ਮਜਾਕ ਕਰ ਰਿਹਾ ਸੀ ਮੈਂ। ਚਿੜਾਅ ਰਿਹਾ ਸੀ ਤੈਨੂੰ। ਤੈਨੂੰ ਹਰ ਚੀਜ਼ ਦਾ ਮਾੜਾ ਪੱਖ ਹੀ ਨਜ਼ਰ ਆਉਂਦਾ, ਗ਼ੌਰ ਕਰੀਂ ਇਸਤੇ, ਨਹੀਂ ਤੇ ਪਾਗਲ ਹੋ ਜਾਏਂਗਾ। ਜਦੋਂ ਇਸ ਸਦਮੇ 'ਚੋਂ ਉੱਭਰ ਆਏਂਗਾ ਪੂਰੀ ਤਰ੍ਹਾਂ ਤਾਜ਼ੀ ਹਵਾ 'ਚ ਨਿਕਲ, ਖੁੱਲ੍ਹ ਕੇ ਸਾਹ ਲੈ ਸਕੇਂਗਾ, ਚੰਗਾ ਲੱਗੇਗਾ ਤੈਨੂੰ, ਹਾਂ। ਇਹ ਸਾਰੇ ਗਲੇ-ਸੜੇ ਖ਼ਿਆਲ. . ਗ਼ਾਇਬ ਹੋ ਜਾਣੈ।

ਬੇਰੰਜਰ ਬਾਹਰ..? ਦਿਲ ਤਾਂ ਕਰਦੈ ਜਾਵਾਂ। ਪਰ ਇਹ ਸੋਚ ਕੇ ਡਰ ਜਾਂਦਾਂ ਜੇ ਕਿਤੇ ਉਨ੍ਹਾਂ 'ਚੋਂ ਕੋਈ ਮਿਲ ਗਿਆ।

ਡਯੁਡਾਰਡ ਤੇ ਫ਼ੇਰ ਕੀ ਹੋ ਜਾਊ ? ਬਸ ਪੰਗਾ ਲੈਣ ਦੀ ਲੋੜ ਨਹੀਂ, ਦੂਰ ਰਹੋ। ਤੇ ਐਨੇ ਵੀ ਜ਼ਿਆਦਾ ਨਹੀਂ ਉਹ।

ਬੇਰੰਜਰ ਮੈਨੂੰ ਹਰ ਕਿਤੇ ਉਹੀ ਦਿਖਦੇ। ਤੈਨੂੰ ਇਹ ਵੀ ਸ਼ਾਇਦ ਵਹਿਮ ਲੱਗੇਗਾ, ਬਿਮਾਰੀ।

ਡਯੁਡਾਰਡ ਕੁਝ ਨਹੀਂ ਕਹਿੰਦੇ ਉਹ.. ਜੇ ਤੁਸੀਂ ਕੁਝ ਨਾ ਕਹੋ... ਕੋਈ ਅਟੈਕ ਨਹੀਂ ਕਰਨ ਲੱਗੇ, ਬਸ ਦੇਖੋ ਈ ਨਾ ਮੂੰਹ ਫੇਰ ਲਓ। ਐਨੇ ਵੀ ਡਰਾਉਣੇ ਨਹੀਂ ਉਹ। ਸਗੋਂ ਇਕ ਕੁਦਰਤੀ ਮਾਸੂਮੀਅਤ ਹੈ ਉਨ੍ਹਾਂ 'ਚ, ਇੱਕ ਖੁੱਲ੍ਹਾਪਣ। ਮੈਂ ਆਇਆਂ ਨਾ ਏਥੇ, ਸਾਰਾ ਰਾਹ ਲੰਘ ਕੇ, ਤੇਰੇ ਕੋਲ। ਤੇ ਸਾਬਤ ਸਹੀ ਸਲਾਮਤ ਖੜ੍ਹਾਂ ਤੇਰੇ ਸਾਹਮਣੇ, ਖੜ੍ਹਾਂ ਕਿ ਨਹੀਂ ? ਕੁਝ ਹੋਇਆ, ਕੁਝ ਨਹੀਂ।

ਬੇਰੰਜਰ ਉਨ੍ਹਾਂ ਨੂੰ ਦੇਖਦੇ ਸਾਰ ਕੁਝ ਹੋ ਜਾਂਦਾ ਮੈਨੂੰ। ਘਬਰਾਹਟ ਹੋਣ ਲੱਗਦੀ। ਨਹੀਂ, ਗੁੱਸਾ ਨਹੀਂ, ਗੁੱਸਾ ਨਹੀਂ ਆਉਂਦਾ, ਪਰ ਪਤਾ ਨਹੀਂ ਬਣੇਗਾ

ਕੀ, ਕਿੱਧਰ ਨੂੰ ਜਾਏਗੀ ਗੱਲ, ਉਸੇ ਦਾ ਡਰ ਹੈ ਮੈਨੂੰ, ਕੁਝ ਹੋਣ ਲਗਦੈ, ਇੱਥੇ! (ਦਿਲ 'ਤੇ ਹੱਥ ਰੱਖਦਾ ਹੈ।) ਅੰਦਰ ਕੁਝ ਘੁਟਣ ਹੋਣ ਲੱਗਦੀ।

ਡਯੂਡਾਰਡ ਕੁਝ ਹੱਦ ਤੱਕ ਤੇਰੀ ਗੱਲ ਠੀਕ ਹੈ, ਕੁਝ ਹੁੰਦਾ ਤਾਂ ਹੈ, ਪਰ ਤੂੰ ਖਿੱਚਦਾ ਬਹੁਤ ਹੈ। ਕਿਸੇ ਚੀਜ਼ ਨੂੰ ਹਾਸੇ ਮਜ਼ਾਕ 'ਚ ਲੈਣਾ ਤਾਂ ਤੈਨੂੰ ਆਉਂਦਾ ਹੀ ਨਹੀ, ਇਹੋ ਪੰਗਾ ਹੈ। ਥੋੜ੍ਹਾ ਨਿਰਲੇਪ ਹੋਣਾ ਸਿੱਖ, ਹਰ ਗੱਲ 'ਚ ਕੁਝ ਨਾ ਕੁਝ ਮਜ਼ੇਦਾਰ ਹੁੰਦੈ, ਕੋਸ਼ਿਸ਼ ਕਰੋ, ਦੇਖੋ

ਬੇਰੰਜਰ ਮੈਨੂੰ ਲਗਦੈ ਮੈਂ ਹਰ ਚੀਜ਼ ਲਈ ਜ਼ਿੰਮੇਦਾਰ ਹਾਂ, ਜੋ ਵੀ ਹੁੰਦੈ। ਲਗਦੈ ਮੈਂ ਹਿੱਸਾ ਹਾਂ, ਮੈਂ ਨਿਰਲੇਪ ਨਹੀਂ ਰਹਿ ਸਕਦਾ

ਡਯੂਡਾਰਡ ਨਾ ਕਿਸੇ ਦੇ ਜੱਜ ਬਣੋ ਨਾ ਕੋਈ ਤੁਹਾਡਾ ਬਣੇ। ਜੇ ਹਰ ਚੀਜ਼ ਦਾ ਫ਼ਿਕਰ ਪਾਲ ਲਓਗੇ ਜਿਉਣਾ ਮੁਹਾਲ ਹੋ ਜਾਏਗਾ .. ਦੁੱਭਰ।

ਬੇਰੰਜਰ ਜੇ ਕਿਤੇ ਹੋਰ ਹੋ ਰਿਹਾ ਹੁੰਦਾ, ਕਿਸੇ ਹੋਰ ਮੁਲਕ 'ਚ, ਤੇ ਅਸੀਂ ਸਿਰਫ਼ ਅਖ਼ਬਾਰਾਂ 'ਚ ਪੜ੍ਹ ਰਹੇ ਹੁੰਦੇ, ਫੇਰ ਬੜੇ ਆਰਾਮ ਨਾਲ ਗੱਲ ਹੋ ਸਕਦੀ ਸੀ, ਮਸਲੇ ਦੇ ਹਰ ਪਹਿਲੂ 'ਤੇ ਚੰਗੀ ਤਰ੍ਹਾਂ ਗੌਰ ਕਰਦੇ ਤੇ ਕੋਈ ਸਿੱਟਾ ਕੱਢ ਲੈਂਦੇ --ਵਿਗਿਆਨਿਕ ਖੋਜ। ਤੇ ਫੇਰ ਆਰਾਮ ਨਾਲ ਬਹਿਸਾਂ ਕਰਦੇ, ਪਰੋਫ਼ੈਸਰਾਂ ਨਾਲ, ਲੇਖਕਾਂ, ਵਕੀਲਾਂ ਨਾਲ, ਰੂੜ੍ਹੀਵਾਦੀਆਂ ਤੇ ਕਲਾਕਾਰਾਂ ਨਾਲ, ਹਰ ਕਿਸੇ ਨਾਲ। ਗਲੀ 'ਚ ਜਾਂਦੇ ਕਿਸੇ ਵੀ ਬੰਦੇ ਨੂੰ ਫੜ ਲੈਂਦੇ ਤੇ ਪੁੱਛਦੇ, . ਬੜਾ ਮਜ਼ੇਦਾਰ ਹੋਣਾ ਸੀ, ਬਹੁਤ ਸਿਖਿਆਦਾਇਕ। ਪਰ ਜਦੋਂ ਤੁਸੀਂ ਆਪ ਵਿੱਚ ਹੋਵੋ, ਅਚਾਨਕ ਤੁਹਾਨੂੰ ਲੱਗੇ ਕਿ ਫਸ ਗਏ ਤੁਸੀਂ, ਡਰਾਉਣੀਆਂ ਸੱਚਾਈਆਂ ਮੂੰਹ ਟੱਡੀ ਖੜ੍ਹੀਆਂ ਸਾਹਮਣੇ .. ਤੇ ਤੁਸੀ ਭੱਜ ਨਹੀਂ ਸਕਦੇ .. ਫੇਰ ਤੁਸੀਂ ਨਿਰਲੇਪ ਨਹੀ ਹੋ ਸਕਦੇ, ਝਟਕਾ ਇੰਨਾ ਜ਼ੋਰ ਦੀ ਵੱਜਦਾ... ਪੈਰ ਉੱਖੜ ਜਾਂਦੇ, ਅਰਾਮ ਨਾਲ... ਪਰ੍ਹੇ ਖੜ੍ਹ ਕੇ ਨਹੀਂ ਸੋਚ ਹੁੰਦਾ, ਸਿਰ 'ਤੇ ਪਈ ਦਾ ਤਾਂ ਚਾਰਾ ਈ ਕੋਈ ਨਹੀ ਹਾਂ, ਹਵਾਈਆਂ ਉੱਡ ਰਹੀਆਂ, ਮੈਂ ਹੈਰਾਨ ਪਰੇਸ਼ਾਨ ਹਾਂ, ਪਰ ਆਦੀ ਨਹੀਂ ਹੋ ਸਕਦਾ ਇਸਦਾ।

ਡਯੂਡਾਰਡ ਹੈਰਾਨ ਪਰੇਸ਼ਾਨ ਮੈਂ ਵੀ ਹਾਂ। ਜਾਂ ਐ ਕਹਿ ਲਓ ਕਿ ਸੀ। ਹੁਣ ਮੈਨੂੰ ਬਸ ਆਦਤ ਜਿਹੀ ਹੋਣ ਲੱਗੀ ਏ।

ਬੇਰੰਜਰ ਤੇਰਾ ਹਾਜ਼ਮਾ ਮੇਰੇ ਨਾਲੋਂ ਤਕੜਾ ਹੈ, ਖ਼ੁਸ਼ਕਿਸਮਤ ਏਂ। ਪਰ ਕੀ ਤੈਨੂੰ ਲੱਗਦਾ ਨਹੀਂ ਕਿ ਬਹੁਤ ਮੰਦਭਾਗਾ ਹੈ ਇਹ ਸਭ।

ਡਯੂਡਾਰਡ (ਖਿਝ ਕੇ) ਮੈਂ ਤਾਂ ਨਹੀਂ ਕਿਹਾ ਕਿ ਬਹੁਤ ਵਧੀਆ ਹੋ ਰਿਹੈ ਤੇ ਇਹ ਨਾ ਸਮਝੀਂ ਕਿ ਮੈਂ ਕੋਈ ਗੈਂਡਿਆਂ ਵੱਲ ਹਾਂ।

(ਗੈਂਡਿਆਂ ਦੇ ਲੰਘਣ ਦੀਆਂ ਆਵਾਜ਼ਾਂ ਇਸ ਵਾਰ ਡਾਊਨ-ਸਟੇਜ ਵਾਲੇ ਪਾਸਿਓਂ ਆਉਂਦੀਆਂ ਹਨ।)

ਬੇਰੰਜਰ — (ਡਰ ਜਾਂਦਾ ਹੈ) ਫੇਰ ਆ ਗਏ, ਫੇਰ ਆ ਗਏ ਉਹ! ਓਹ! ਕੋਈ
ਫ਼ਾਇਦਾ ਨਹੀਂ। ਮੈਂ ਇਨ੍ਹਾਂ ਦਾ ਆਦੀ ਨਹੀਂ ਹੋ ਸਕਦਾ। ਮੇਰੀ ਕਮੀ
ਹੋ ਸਕਦੀ ਹੈ, ਪਰ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੇਰੇ ਦਿਲੋ-
ਦਿਮਾਗ਼ 'ਚ ਘੁਸੇ ਪਏ, ਰਾਤ ਨੂੰ ਨੀਂਦ ਨਹੀਂ ਆਉਂਦੀ! ਅਨੀਂਦਰ
ਦਾ ਰੋਗ ਹੋ ਗਿਆ। ਥੱਕਿਆ ਟੁੱਟਿਆ ਦਿਨੇ ਈ ਚਾੜ੍ਹ ਲੈਂਦਾਂ।

ਡਯੂਡਾਰਡ — ਨੀਂਦ ਦੀ ਗੋਲੀ ਵੀ ਲੈ ਸਕਦੈਂ।

ਬੇਰੰਜਰ — ਗੱਲ ਇਹ ਨਹੀਂ ਹੈ। ਨੀਂਦ ਤਾਂ ਹੋਰ ਵੀ ਡਰਾਉਣੀ ਐ। ਸੁਫ਼ਨੇ
ਆਉਂਦੇ ਉਨ੍ਹਾਂ ਦੇ, ਦਿਲ ਹਿਲਾ ਦਿੰਦੇ।

ਡਯੂਡਾਰਡ — ਹਰ ਚੀਜ਼ ਦਾ ਥੋਬ ਬਣਾਓਗੇ ਤਾਂ ਇਹ ਹੋਣਾ ਈ ਹੈ। ਖ਼ੁਦ ਨੂੰ ਚੋਭ
ਮਾਰ ਕੇ ਮਜ਼ਾ ਆਉਣ ਲੱਗਾ ਤੈਨੂੰ; ਮੰਨਣਾ ਪਏਗਾ!

ਬੇਰੰਜਰ — ਯਕੀਨ ਕਰੋ, ਮੈਂ ਕੋਈ ਮੈਸੋਚਿਸਟ ਨਹੀਂ। ਖ਼ੁਦ ਨੂੰ ਤਕਲੀਫ਼ ਦੇਣ
ਦਾ ਕੋਈ ਸਵਾਦ ਨਹੀਂ ਆਉਂਦਾ ਮੈਨੂੰ।

ਡਯੂਡਾਰਡ — ਫੇਰ ਸਚਾਈ ਦਾ ਸਾਹਮਣਾ ਕਰੋ ਤੇ ਛੁਟਕਾਰਾ ਪਾਓ ਉਸਤੋਂ। ਇਹ
ਹੈ ਤੇ ਤੁਸੀਂ ਇਸ ਦਾ ਕੁਝ ਨਹੀਂ ਕਰ ਸਕਦੇ।

ਬੇਰੰਜਰ — ਇਹ ਤਾਂ ਭਾਗਾਂ ਭਰੋਸੇ ਬੈਠਣਾ . .

ਡਯੂਡਾਰਡ — ਸੂਝਬੂਝ ਹੈ--ਕਾਮਨਸੈਂਸ। ਜਦੋਂ ਵੀ ਕੁਝ ਏਦਾਂ ਦਾ ਹੁੰਦੈ ਤਾਂ ਕਾਰਨ
ਤਾਂ ਜ਼ਰੂਰ ਹੁੰਦੈ ਕੋਈ ਪਿੱਛੇ। ਉਸੇ ਨੂੰ ਲੱਭਣ ਦੀ ਲੋੜ ਹੈ।

ਬੇਰੰਜਰ — (ਉੱਠ ਕੇ ਖੜ੍ਹਾ ਹੋ ਜਾਂਦਾ ਹੈ) ਠੀਕ ਐ, ਪਰ ਮੈਂ ਸਮਝੌਤਾ ਕਰਨ ਨੂੰ
ਤਿਆਰ ਨਹੀਂ।

ਡਯੂਡਾਰਡ — ਹੋਰ ਤੂੰ ਕਰ ਕੀ ਸਕਦੈਂ? ਕੀ ਸੋਚਦੈ ਕੀ ਐਂ ਤੂੰ?

ਬੇਰੰਜਰ — ਫ਼ਿਲਹਾਲ ਤਾਂ ਮੈਨੂੰ ਪਤਾ ਨਹੀਂ, ਪਰ ਮੈਂ ਸੋਚ ਲਵਾਂਗਾ। ਅਖ਼ਬਾਰਾਂ
ਲਈ ਲਿਖਾਂਗਾ ਮੈਨੀਫੈਸਟੋ ਕੱਢਾਂਗਾ; ਮੇਅਰ ਨੂੰ ਮਿਲਣ ਦਾ ਟਾਈਮ
ਲਵਾਂਗਾ ਜਾਂ ਡਿਪਟੀ ਨੂੰ। ਜੇ ਮੇਅਰ ਕਿਤੇ ਬਿਜ਼ੀ ਹੋਇਆ।

ਡਯੂਡਾਰਡ — ਸਰਕਾਰ ਨੂੰ ਉਸਦਾ ਕੰਮ ਕਰਨ ਦਿਓ... ਜਿਵੇਂ ਉਸਨੂੰ ਬੇਹਤਰ
ਲੱਗਦਾ। ਮੈਨੂੰ ਨਹੀਂ ਲੱਗਦਾ ਕਿ ਤੈਨੂੰ ਕੋਈ ਟੰਗ ਫਸਾਉਣ ਦਾ
ਹੱਕ ਹੈ। ਨਾਲੇ ਮੈਂ ਨਹੀਂ ਸੋਚਦਾ ਕਿ ਹਾਲੇ ਕੋਈ ਐਡੀ ਆਫ਼ਤ ਆ
ਗਈ ਐ। ਜੇ ਕੋਈ ਮੁੱਠੀ ਭਰ ਲੋਕ ਆਪਣੀ ਚਮੜੀ ਬਦਲਣ ਦਾ
ਫ਼ੈਸਲਾ ਕਰ ਵੀ ਲੈਂਦੇ ਆ ਤਾਂ ਏਡੀ ਹਾਏ ਤੌਬਾ ਵਾਲੀ ਕੀ ਗੱਲ ਹੈ।
ਉਹ ਬਸ ਆਪਣੀ ਖੱਲੜੀ 'ਚ ਖ਼ੁਸ਼ ਨਹੀਂ। ਉਨ੍ਹਾਂ ਨੂੰ ਆਪਣੀ ਮਰਜ਼ੀ
ਕਰਨ ਦਾ ਹੱਕ ਹੈ।

ਬੇਰੰਜਰ — ਸਾਨੂੰ ਬੁਰਾਈ ਦੀ ਜੜ੍ਹ 'ਤੇ ਵਾਰ ਕਰਨਾ ਚਾਹੀਦਾ ਹੈ।

ਡਯੂਡਾਰਡ — ਬੁਰਾਈ! ਇਹ ਤਾਂ ਕਹਿਣ ਦੀ ਗੱਲ ਹੈ। ਕੀ ਚੰਗਾ ਹੈ ਕੀ ਮਾੜਾ,
ਕਿਸਨੂੰ ਪਤਾ? ਬਸ ਆਪੋ-ਆਪਣੀ ਪਸੰਦ ਦਾ ਸਵਾਲ ਹੈ। ਤੈਨੂੰ
ਆਪਣੀ ਚਮੜੀ ਦੀ ਪਈ ਹੈ, ਮਾਮਲਾ ਵਿੱਚੋਂ ਸਾਰਾ ਏਨਾ ਹੈ। ਤੂੰ

ਕਦੇ ਗੈਂਡਾ ਨਹੀ ਬਣਨ ਲੱਗਾ, ਪੱਕਾ ਕਦੇ ਨਹੀ, ਤੇਰੇ ਲਈ ਇਹ (ਚੁੱਪ) ਹੈ ਹੀ ਨਹੀ।

ਬੇਰੰਜਰ — ਬਸ ਏਹੋ, ਇਹੋ ਤਾਂ ਗੱਲ ਹੈ ਸਾਰੀ! ਜੇ ਸਾਡੇ ਲੀਡਰ ਤੇ ਨਾਲ ਦੇ ਸ਼ਹਿਰੀ ਸਾਰੇ ਤੇਰੇ ਵਾਂਗ ਸੋਚਣ ਲੱਗੇ, ਤਾ ਕਦੇ ਕੋਈ ਐਕਸ਼ਨ ਨਹੀਂ ਹੋਣਾ।

ਡਯੂਡਾਰਡ — ਤੂੰ ਬਾਹਰੋਂ ਤਾ ਕਿਸੇ ਮਦਦ ਦੀ ਝਾਕ ਨਹੀਂ ਰੱਖ ਸਕਦਾ, ਹੈਂ? ਇਹ ਸਾਡਾ ਅੰਦਰੂਨੀ ਮਾਮਲਾ ਹੈ, ਸਾਡੇ ਦੇਸ਼ ਦਾ ਨਿੱਜੀ...

ਬੇਰੰਜਰ — ਮੇਰਾ ਕੌਮਾਂਤਰੀ ਇੱਕਜੁਟਤਾ 'ਚ ਯਕੀਨ ਹੈ...

ਡਯੂਡਾਰਡ — ਤੂੰ ਡੋਨ ਕੇਇਟੇ. . ਹਵਾਈ ਮੁਛਨਸਾਜ਼! ਓ, ਬੁਰਾ ਨਾ ਮੰਨੀ, ਮੇਰਾ ਕੋਈ ਹੋਰ ਮਤਲਬ ਨਹੀਂ ਸੀ। ਮੈਂ ਬਸ ਤੇਰੇ ਫਾਇਦੇ ਲਈ ਕਹਿ ਰਿਹਾਂ, ਤੈਨੂੰ ਸੱਚਮੁੱਚ ਸ਼ਾਂਤ ਹੋਣ ਦੀ ਲੋੜ ਹੈ।

ਬੇਰੰਜਰ — ਹਾਂ, ਤੂੰ ਠੀਕ ਹੈਂ, ਮੈਂ ਕੁਝ ਜਿਆਦਾ ਈ ਭੜਕ ਜਾਂਦਾਂ। ਪਰ ਮੈਂ ਇਹ ਬਦਲਾਂਗਾ, ਬਦਲਾਂਗਾ ਇਸਨੂੰ! ਸੌਰੀ, ਤੈਨੂੰ ਇੰਨੇ ਚਿਰ ਤੋਂ ਮੇਰੀ ਇਹ ਬਕਬਕ ਸੁਣਨੀ ਪੈ ਰਹੀ ਹੈ। ਹੋਰ ਵੀ ਕੰਮ ਹੋਣਗੇ ਤੈਨੂੰ। ਮੇਰੀ ਅਰਜ਼ੀ ਲੈ ਜਾਏਂਗਾ, ਕਹਿ ਦੇਈਂ ਬੀਮਾਰ ਹੈ।

ਡਯੂਡਾਰਡ — ਉਸਦਾ ਛੱਡ, ਸਭ ਠੀਕ ਹੈ, ਦਫਤਰ ਹਾਲੇ ਬੰਦ ਪਿਆ।

ਬੇਰੰਜਰ — ਹਾਲੇ ਤਾਈਂ ਪੌੜੀਆਂ ਨਹੀਂ ਬਣੀਆਂ? ਹੱਦ ਹੈ! ਤਾਹੀਓਂ ਤਾਂ ਬੇੜਾ ਗਰਕ ਹੋਣ 'ਤੇ ਆਇਆ।

ਡਯੂਡਾਰਡ — ਉਹ ਕਰ ਰਹੇ ਨੇ ਠੀਕ। ਟਾਈਮ ਲੱਗਦਾ ਹਰ ਕੰਮ ਨੂੰ। ਮਜ਼ਦੂਰ ਲੱਭਣੇ ਕਿਹੜੇ ਸੌਖੇ ਆ ਅੱਜਕੱਲ। ਦੋ ਕੁ ਦਿਨ ਤਖ਼ਤੀ ਖੜ੍ਹੀ ਦਿਖਦੀ 'ਕੰਮ ਚਲ ਰਿਹੈ', ਤੇ ਫੇਰ ਗਾਇਬ, ਲੱਭਦੇ ਰਹ, ਕੁਝ ਨੀ ਨਿਕਲਦਾ, ਤੇ ਫੇਰ ਨਵੇਂ ਸਿਰ ਤੋਂ ਲੱਭੋ।

ਬੇਰੰਜਰ — ਉਹ ਤੇ ਬੇਰੁਜ਼ਗਾਰੀ ਦੀ ਗੱਲ ਕਰਦੇ। ਮੈਨੂੰ ਲੱਗਦਾ ਸੀ ਕਿ ਹਣ ਤਾ ਪੱਕੀਆਂ ਪੌੜੀਆਂ ਬਣ ਹੀ ਜਾਣਗੀਆਂ।

ਡਯੂਡਾਰਡ — ਹੈ ਤਾਂ ਲੱਕੜ ਦੀਆਂ ਹੀ, ਪਰ ਲੱਕੜ ਇਸ ਵਾਰ ਨਵੀਂ ਹੈ।

ਬੇਰੰਜਰ — ਉਹ। ਸਾਰੀਆਂ ਸੰਸਥਾਵਾਂ ਪੁਰਾਣੇ ਨੂੰ ਜੱਫਾ ਮਾਰੀ ਬੈਠੀਆਂ, ਆਦਤ ਹੋ ਗਈ। ਪਾਈ-ਪਾਈ ਚੂਸ ਲੈਂਦੇ ਓਹ, ਆਖ਼ਰੀ ਬੂੰਦ ਤਾਈਂ ਤੇ ਜਦੋਂ ਸੱਚੀਓਂ ਲੋੜ ਪੈਂਦੀ, ਤਾਂ ਬਹਾਨੇ 'ਬਜਟ ਹੈ ਨੀ, ਕੀ ਕਰੀਏ'। ਪੱਕਾ, ਮਿਸਟਰ ਪੈਪਿਲੋਂ ਪੱਕਾ ਨਰਾਜ਼ ਹੋਣਗੇ। ਉਹ ਤਾਂ ਕਦੋਂ ਤੋਂ ਪੱਕੀਆਂ ਪੌੜੀਆਂ ਲਈ ਅੜੇ ਬੈਠੇ ਸੀ। ਹਣ ਕੀ ਕਹਿ ਰਹੇ?

ਡਯੂਡਾਰਡ — ਹੁਣ ਕੋਈ ਚੀਫ ਨਹੀਂ ਸਾਡਾ. ਪੈਪਿਲੋਂ ਨੇ ਅਸਤੀਫ਼ਾ ਦੇ ਦਿੱਤਾ।

ਬੇਰੰਜਰ — ਇਹ ਨਹੀਂ ਹੋ ਸਕਦਾ

ਡਯੂਡਾਰਡ — ਪੱਕੀ ਗੱਲ ਹੈ, ਹਾਂ।

ਬੇਰੰਜਰ — ਬੜੀ ਹੈਰਾਨੀ ਦੀ ਗੱਲ ਹੈ, ਪੌੜੀਆਂ ਕਰਕੇ?

| | |
|---|---|
| ਡਯੂਡਾਰਡ | ਮੈਨੂੰ ਨੀ ਲੱਗਦਾ। ਇਹ ਵਜ੍ਹਾ ਤਾਂ ਨਹੀਂ ਦੱਸੀ ਉਨ੍ਹਾਂ ਨੇ। |
| ਬੇਰੰਜਰ | ਫੇਰ ਕੀ ਵਜ੍ਹਾ ਹੈ ? ਕੀ ਭੂਤ ਵੜ ਗਿਆ ਉਹਦੇ 'ਚ ? |
| ਡਯੂਡਾਰਡ | ਪਿੰਡ ਵਾਪਸ ਜਾ ਰਿਹਾ ਉਹ। |
| ਬੇਰੰਜਰ | ਵਾਪਸ ਜਾ ਰਿਹੈ ? ਉਮਰ ਤਾਂ ਕੁਝ ਵੀ ਨਹੀਂ, ਡਾਇਰੈਕਟਰ ਬਣ ਸਕਦਾ ਸੀ, ਆਰਾਮ ਨਾਲ |
| ਡਯੂਡਾਰਡ | ਸਭ ਛੱਡ ਦਿੱਤਾ ਉਸਨੇ ! ਉਸਦਾ ਕਹਿਣਾ ਹੈ ਕਿ ਆਰਾਮ ਦੀ ਲੋੜ ਹੈ ਉਸਨੂੰ। |
| ਬੇਰੰਜਰ | ਮੈਨਜਮੈਂਟ ਤਾਂ ਹਿੱਲ ਗਈ ਹੋਣੀ, ਬੁਰੀ ਤਰ੍ਹਾਂ; ਉਹਦਾ ਬਦਲ ਲੱਭਣਾ ਪੈਣਾ ਉਨ੍ਹਾਂ ਨੂੰ। ਤੇਰੀਆਂ ਸਾਰੀਆ ਡਿਗਰੀਆਂ ਹੁਣ ਕੰਮ ਆਉਣੀਆ, ਵਧੀਆ ਮੌਕਾ ਹੈ ਤੇਰੇ ਲਈ। |
| ਡਯੂਡਾਰਡ | ਸੋਹਦਾ. , ਇਹ ਗੱਲ ਵੀ ਦੱਸ ਈ ਦਿਆਂ,... ਮਜ਼ਾਕ ਹੀ ਬਣਿਆ ਪਿਆ - ਸਚਾਈ ਤਾਂ ਇਹੋ ਹੈ ਕਿ ਗੇਂਡਾ ਬਣ ਗਿਆ ਉਹ। (ਦੂਰੋਂ ਗੈਂਡਿਆਂ ਦੀਆਂ ਅਵਾਜ਼ਾਂ।) |
| ਬੇਰੰਜਰ | ਗੈਂਡਾ !!! ਪੈਪਿਲੋਂ ਗੈਂਡਾ ! ਮੈਂ ਨੀ ਮੰਨ ਸਕਦਾ ! ਪਹਿਲਾਂ ਕਿਉਂ ਨਹੀਂ ਦੱਸਿਆ ਮੈਨੂੰ ? ਤੇ ਮਜ਼ਾਕ ਵਾਲੀ ਕਿਹੜੀ ਗੱਲ ਹੈ ਇਸ 'ਚ ! |
| ਡਯੂਡਾਰਡ | ਮਜ਼ਾਕ ਦਾ ਮਾਦਾ ਤੇਰੇ 'ਚ ਹੈ ਈ ਨਹੀਂ। ਮੈਂ ਤੈਨੂੰ ਦੱਸਣਾ ਹੀ ਨਹੀਂ ਸੀ ਚਾਹੁੰਦਾ। ਇਸਲਈ ਨਹੀਂ ਸੀ ਦੱਸਣਾ ਚਾਹੁੰਦਾ ਕਿਉਂਕਿ ਮੈਨੂੰ ਪਤਾ ਸੀ ਚੰਗੀ ਤਰ੍ਹਾਂ ਕਿ ਮਜ਼ੇਦਾਰ ਪਹਿਲੂ ਤੈਨੂੰ ਨਜ਼ਰ ਈ ਨਹੀਂ ਆਉਣਾ. ਹੋਰ ਬੋਝ ਪਾ ਲੈਣਾ ਐਵੇਂ। ਕਿੰਨੀ ਛੇਤੀ ਕਿਸੇ ਦੇ ਅਸਰ ਹੇਠ ਆ ਜਾਨੈਂ ਤੂੰ, ਪਤੈ ਤੈਨੂੰ ! |
| ਬੇਰੰਜਰ | (ਆਕਾਸ਼ ਵੱਲ ਬਾਹਾਂ ਚੁੱਕ ਕੇ) ਓਹ ! ਭਿਆਨਕ ਹੈ ਇਹ ਮਿਸਟਰ ਪੈਪਿਲੋਂ ! ਤੇ ਕਿੰਨੀ ਸੋਹਣੀ ਨੌਕਰੀ ਸੀ ਉਸਦੀ। |
| ਡਯੂਡਾਰਡ | ਯਾਨੀ ਕਿ ਉਸਦੀ ਇਸ ਕਾਇਆ-ਪਲਟੀ 'ਚ ਇਮਾਨਦਾਰੀ ਹੈ। |
| ਬੇਰੰਜਰ | ਜਾਣਬੁੱਝ ਕੇ ਤਾਂ ਉਹ ਕਰ ਹੀ ਨਹੀਂ ਸਕਦਾ। ਪੱਕੀ ਗੱਲ ਹੈ ਉਸਦੀ ਮਰਜ਼ੀ ਨਾਲ ਨਹੀਂ ਹੋਇਆ। |
| ਡਯੂਡਾਰਡ | ਅਸੀਂ ਕਿਵੇਂ ਕਹਿ ਸਕਦੇ ਹਾਂ ? ਕਿਸ ਫ਼ੈਸਲੇ ਪਿੱਛੇ ਲੋਕਾਂ ਦੇ ਦਿਲ 'ਚ ਕੀ ਹੈ, ਕੋਈ ਨਹੀਂ ਕਹਿ ਸਕਦਾ। |
| ਬੇਰੰਜਰ | ਗ਼ਲਤੀ ਹੋਈ ਹੈ ਉਸਤੋਂ, ਪੱਕਾ। ਜ਼ਰੂਰ ਉਸਦੇ ਅੰਦਰ ਕੋਈ ਕੰਪਲੈਕਸ ਸੀ, ਛੁਪੀਆਂ . ਗੁੰਝਲਾਂ। ਇਲਾਜ ਹੋਣਾ ਚਾਹੀਦਾ ਉਸਦਾ .. ਸਾਇਕੋਐਨੇਲੇਸਿਸ। |
| ਡਯੂਡਾਰਡ | ਜੇ ਇਹ ਪੁਰਾਣੇ ਤੋਂ ਟੁੱਟਣ ਦਾ ਮਾਮਲਾ ਵੀ ਹੈ ਤਾਂ ਵੀ ਕੁਝ ਖੁਲਾਸਾ ਕਰਦੈ, ਕੁਝ ਖੋਲ੍ਹਦੈ। ਆਪਣੀ ਸ਼ੁੱਧੀ ਦਾ ਉਸਨੇ ਇਹ ਰਾਹ ਚੁਣਿਆ। |
| ਬੇਰੰਜਰ | ਉਸਨੂੰ ਆਪ ਹੀ ਇਸ ਅੰਦਰ ਉੱਤਰਨਾ ਪਏਗਾ, ਹਾਂ, ਪੱਕਾ। |
| ਡਯੂਡਾਰਡ | ਇਹ ਕਿਸੇ ਨੂੰ ਵੀ ਹੋ ਸਕਦਾ ਹੈ ? |

ਬੇਰੰਜਰ (ਡਰ ਜਾਂਦਾ) ਕਿਸੇ ਨੂੰ ਵੀ ? ਨਹੀਂ-ਨਹੀ, ਤੈਨੂੰ ਕਿਵੇਂ ਹੋ ਸਕਦਾ...., ਹੋ ਸਕਦੈ ? ਨਹੀਂ, ਮੈਨੂੰ ਨਹੀਂ!

ਡਯੂਡਾਰਡ ਉਮੀਦ ਕਰਦੇ ਹਾਂ, ਨਾ ਹੋਵੇ।

ਬੇਰੰਜਰ ਕਿਉਂਕਿ ਅਸੀਂ ਚਾਹੁੰਦੇ ਨਹੀਂ. ., ਐਨੀ ਓ ਗੱਲ ਹੈ, ਨਹੀਂ ? ਬੋਲ ਨਾ, ਇਹੋ ਹੈ, ਨਹੀਂ ?

ਡਯੂਡਾਰਡ ਹਾਂ-ਹਾਂ, ਬੇਸ਼ਕ...

ਬੇਰੰਜਰ ਹਾਲੇ ਵੀ ਮੈਨੂੰ ਲੱਗਦਾ... ਮਿਸਟਰ ਪੈਪਿਲੋਂ ਨੇ ਥੋੜ੍ਹੀ ਹਿੰਮਤ ਕੀਤੀ ਹੁੰਦੀ, ਮੁਕਾਬਲਾ। ਥੋੜ੍ਹਾ ਦਮਖ਼ਮ ਦਿਖਾਉਂਦਾ ਆਪਣਾ। ਇਹ ਤਾਂ ਉੱਕਾ ਈ ਸਮਝ ਨਹੀਂ ਆਇਆ ਕਿ ਉਸਨੇ ਕੀਤਾ ਕਿਉਂ, ਕੀ ਲਾਲਚ ਹੋ ਸਕਦਾ, ਕੋਈ ਦੁਨਿਆਵੀ ਫ਼ਾਇਦਾ ਜਾਂ ਕੋਈ ਲੋਕ-ਭਲਾਈ...

ਡਯੂਡਾਰਡ ਕੋਈ ਲਾਲਚ ਨਹੀਂ ਸੀ ਉਸਦਾ, ਬਿਲਕੁਲ ਵੀ।

ਬੇਰੰਜਰ ਬਿਲਕੁਲ ਵੀ। ਹਾਲਤ 'ਚ ਠਹਿਰਾਓ ਸੀ, ਜਾਂ ਤੇਰੇ ਖ਼ਿਆਲ 'ਚ ਵਿਗੜ ਰਹੇ ਸੀ ? ਮੈਨੂੰ ਤਾਂ ਲੱਗਦੈ ਵਿਗੜ ਈ ਰਹੇ ਸੀ, ਕਿਉਂਕਿ ਜੇ ਉਸਨੇ ਜਾਣਬੁੱਝ ਕੇ ਕੀਤਾ ਤਾਂ ਮੈਨੂੰ ਪੱਕਾ ਹੈ ਕਿ ਬੋਟਾਰਡ ਨੂੰ ਤਾਂ ਬਹੁਤ ਜ਼ਿਆਦਾ ਬੁਰਾ ਲੱਗਿਆ ਹੋਏਗਾ; ਕੀ ਕਹਿੰਦਾ ਹੈ ਉਹ ਚੀਜ਼ ਬਾਰੇ ਜੋ ਉਸਨੇ ਕੀਤਾ...?

ਡਯੂਡਾਰਡ ਓਹ, ਬੇਚਾਰਾ ਬੋਟਾਰਡ, ਗੁੱਸੇ ਨਾਲ ਬੁਰਾ ਹਾਲ ਹੈ ਉਸਦਾ, ਬੇਕਾਬੂ ਹੋ ਰਿਹੈ। ਮੈਂ ਕਦੇ ਕਿਸੇ ਨੂੰ ਇਉਂ ਗੁੱਸੇ 'ਚ ਉੱਬਲਦੇ ਨਹੀਂ ਦੇਖਿਆ।

ਬੇਰੰਜਰ ਏਸ ਵਾਰ ਤਾ ਫੇਰ ਮੈਂ ਵੀ ਉਸਦੀ ਸਾਈਡ 'ਤੇ ਹਾ। ਵਧੀਆ ਬੰਦਾ ਨਿਕਲਿਆ ਆਖ਼ਰ। ਅਕਲ ਹੈ ਉਹਦੇ 'ਚ... ਕਾਮਨਸੈਂਸ। ਐਵੇਂ ਗ਼ਲਤ ਸਮਝਦਾ ਰਿਹਾ ਉਸਨੂੰ।

ਬੇਰੰਜਰ ਉਹ ਵੀ ਤੈਨੂੰ ਗ਼ਲਤ ਸਮਝਦਾ ਰਿਹੈ।

ਬੇਰੰਜਰ ਹੁਣ ਤਾ ਫੇਰ ਮੈਂ ...ਬਿਲਕੁਲ ਨਿਰਪੱਖ ਹੋ ਕੇ ਦੇਖ ਰਿਹਾਂ। ਨਾਲੇ ਤੇਰਾ ਵੀ ਉਹਦੇ ਬਾਰੇ ਖ਼ਿਆਲ ਮਾੜਾ ਹੀ ਸੀ।

ਡਯੂਡਾਰਡ ਮਾੜਾ ਤਾਂ ਨਹੀਂ ਕਹਾਂਗਾ ਮੈਂ, ਹਾਂ, ਬਸ ਸਹਿਮਤੀ ਨਹੀਂ ਸੀ ਹੁੰਦੀ, ਆਮ ਤੌਰ 'ਤੇ। ਮੈਨੂੰ ਉਹਦਾ ਸ਼ੱਕੀ ਸੁਭਾਅ ਕਦੇ ਪਸੰਦ ਨਹੀਂ ਆਇਆ, ਹਰ ਵੇਲ ਸ਼ੱਕ ਹੀ ਸ਼ੱਕ, ਯਕੀਨ ਕਰਨਾ ਹੀ ਨਹੀਂ ਕਿਸੇ 'ਤੇ। ਇੱਥੇ ਵੀ ਮੈਂ ਪੂਰੀ ਤਰ੍ਹਾਂ ਉਹਦੇ ਨਾਲ ਨਹੀਂ।

ਬੇਰੰਜਰ ਏਸ ਵਾਰ ਉਲਟੀ ਵਜ੍ਹਾ ਕਰਕੇ।

ਡਯੂਡਾਰਡ ਨਹੀਂ, ਏਸ ਕਰਕੇ ਨਹੀਂ। ਜਿਵੇਂ ਮੈਂ ਸੋਚਦਾਂ ਤੇ ਬੰਦੇ ਬਾਰੇ ਮੇਰੀ ਜੱਜਮੈਂਟ ਇੰਨੀ ਸਿੱਧ-ਪੱਧਰੀ ਨਹੀਂ, ਜਿੰਨਾ ਤੂੰ ਸੋਚੀਂ ਬੈਠਾਂ। ਵਜਾਹ ਇਹ ਹੈ ਕਿ ਉਸ ਦੀਆਂ ਦਲੀਲਾਂ ਦਾ ਨਾ ਕੋਈ ਸਿਰ-ਪੈਰ ਹੈ ਨਾ ਕੋਈ ਸਿਰਾ ਹੱਥ ਆਉਂਦਾ। ਮੈਂ ਕੋਈ ਗੈਂਡਿਆਂ ਦੀ ਹਿਮਾਇਤ ਨਹੀ

ਕਰਦਾ, ਹਰਗਿਜ਼ ਨਹੀਂ, ਕਿਤੇ ਐਂਵੇਂ ਸੋਚੀ ਜਾਵੇਂ ਮਨ 'ਚ। ਪਰ ਉਹ ਇੰਨਾ ਭਾਵੁਕ ਹੋ ਜਾਂਦਾ, ਜਿਵੇਂ ਹਮੇਸ਼ਾ ਹੁੰਦਾ, ਬਸ ਇਸੇ ਲਈ ਪੇਤਲਾ ਪੈ ਜਾਂਦਾ। ਉਸਦੀ ਹਰ ਗੱਲ 'ਚ ਮੈਨੂੰ ਬਸ ਇਹੋ ਦਿਖਦਾ, ਆਪਣੇ ਤੋਂ ਉੱਪਰਲਿਆਂ ਨਾਲ... ਨਫ਼ਰਤ। ਬਸ ਇਹ ਸਾਰੀ ਹੀਣਭਾਵਨਾ ਤੇ ਗੁੱਸੇ ਦੀ ਜੜ੍ਹ ਹੈ। ਤੇ ਉਸਦੇ ਕਲੀਸ਼ਿਆਂ ਤੇ ਸਿੱਧ-ਪੱਧਰੀਆਂ ਦਲੀਲਾਂ ਦਾ ਮੇਰੇ 'ਤੇ ਜ਼ਰਾ ਜਿੰਨਾ ਅਸਰ ਨਹੀਂ ਹੁੰਦਾ।

**ਬੇਰੰਜਰ** ਉਹ ਠੀਕ ਹੈ, ਪਰ ਏਸ ਵਾਰ ਮੈਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਨਿੱਗਰ ਆਦਮੀ ਹੈ – ਭਰੋਸਯਗ।

**ਡੇਯੂਡਾਰਡ** ਮੈਂ ਮੁੱਕਰਦਾ ਨਹੀਂ ਇਸਤੋਂ, ਪਰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।

**ਬੇਰੰਜਰ** ਉਹ ਇੱਕ ਬੰਦਾ ਹੈ ਜਿਸ 'ਤੇ ਭਰੋਸਾ ਕੀਤਾ ਜਾ ਸਕਦਾ, ਜਿਹੜੇ ਛੇਤੀ ਕਿਤੇ ਮਿਲਦੇ ਨਹੀ ਅੱਜਕੱਲ। ਜ਼ਮੀਨ ਨਾਲ ਜੁੜਿਆ ਬੰਦਾ, ਜਿਹੜੇ ਚਾਰੇਂ ਪੈਰ ਧਰਤੀ 'ਤੇ ਟਿਕੇ ਨੇ, ਮੇਰਾ ਮਤਲਬ ਦੋਹੇਂ। ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਉਸ ਨਾਲ, ਤੇ ਮੈਨੂੰ ਮਾਣ ਹੈ ਇਸ 'ਤੇ ਜਦ ਵੀ ਮਿਲਿਆ ਵਧਾਈ ਦੇਵਾਂਗਾ ਉਸਨੂੰ। ਪੈਪਿਲੋਂ ਨੇ ਜੋ ਵੀ ਕੀਤਾ ਉਸਦਾ ਅਫ਼ਸੋਸ ਹੈ ਮੈਨੂੰ; ਉਸਦਾ ਫਰਜ਼ ਸੀ ਖੜ੍ਹਾ ਰਹਿੰਦਾ . ਸੀਸ ਤਾਂ ਨਾ ਝੁਕਾਂਦਾ।

**ਡੇਯੂਡਾਰਡ** ਬਰਦਾਸ਼ਤ ਦਾ ਤਾਂ ਜਮ੍ਹਾਂ ਮਾਦਾ ਹੀ ਨਹੀਂ ਤੁਹਾਡੇ 'ਚ। ਹੋ ਸਕਦੈ ਪੈਪਿਲੋਂ ਨੂੰ ਥੋੜ੍ਹਾ ਅਰਾਮ ਦੀ ਜ਼ਰੂਰਤ ਹੋਵੇ, ਆਖ਼ਰਕਾਰ ਐਨੀ ਲੰਮੀ ਆਫ਼ਿਸ ਦੀ ਜ਼ਿੰਦਗੀ..

**ਬੇਰੰਜਰ** (ਵਿਅੰਗ) ਤੇ ਤੁਸੀਂ ਕੁਝ ਜ਼ਿਆਦਾ ਹੀ ਸਹਿਨਸ਼ੀਲ ਹੋ, ਬਹੁਤ ਖੁਲ੍ਹਦਿਲੇ।

**ਡੇਯੂਡਾਰਡ** ਬੰਦੇ ਨੂੰ ਹਮੇਸ਼ਾ ਸਮਝਣ ਦੀ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਹੈ। ਤੇ ਕਿਸੇ ਵੀ ਵਰਤਾਰੇ ਤੇ ਉਸਦੇ ਪ੍ਰਭਾਵਾ ਨੂੰ ਸਮਝਣ ਲਈ ਪੂਰੀ ਈਮਾਨਦਾਰੀ ਨਾਲ ਬੁੱਧੀ ਨੂੰ ਝੋਕਣਾ ਪੈਂਦਾ ਹੈ, ਉਸਦੇ ਬੁਨਿਆਦੀ ਕਾਰਨਾਂ ਨੂੰ ਨੰਗਾ ਕਰਨਾ ਪੈਂਦਾ ਹੈ। ਤੇ ਸਾਨੂੰ ਵੀ ਇਹ ਕਰਨਾ ਚਾਹੀਦਾ ਹੈ; ਆਖਰ ਅਸੀਂ ਸੋਚਣ ਸਮਝਣ ਵਾਲੇ ਲੋਕ ਹਾਂ। ਠੀਕ ਹੈ ਮੈਂ ਭਾਵੇਂ ਹਾਲੇ ਕਾਮਯਾਬ ਨਹੀਂ ਹੋਇਆ ਤੇ ਪਤਾ ਨਹੀਂ ਕਦੇ ਹੋਵਾਂਗਾ ਵੀ ਜਾਂ ਨਹੀਂ। ਪਰ ਸ਼ੁਰੂਆਤ ਤਾਂ ਢੰਗ ਦੀ ਹੋਣੀ ਚਾਹੀਦੀ ਹੈ--ਸਾਫ਼ ਸਪਸ਼ਟ --ਘੱਟ ਘੱਟ ਨਿਰਪੱਖ ਤਾਂ ਹੋਵੇ। ਵਿਗਿਆਨਕ ਮਨ ਲਈ ਇਹ ਲਾਜ਼ਮੀ ਹੈ। ਹਰ ਸ਼ੈਅ ਤਰਕ ਦੇ ਦਾਇਰੇ 'ਚ ਹੈ। ਸਮਝਣਾ ਦਾ ਮਤਲਬ ਹੈ ਕਿ ਹਾਂ ਇਹ ਠੀਕ ਹੈ--ਜਾਇਜ਼।

**ਬੇਰੰਜਰ** ਉਹ ਸਮਾ ਦੂਰ ਨਹੀਂ ਜਦ ਤੂੰ ਗੈਂਡਿਆ ਨਾਲ ਖੜ੍ਹਾ ਹਏਂਗਾ।

**ਡੇਯੂਡਾਰਡ** ਨਹੀਂ, ਹਰਗਿਜ ਨਹੀਂ। ਇਸ ਹੱਦ ਤੱਕ ਮੈਂ ਕਦੇ ਨਹੀਂ ਜਾਣ ਲੱਗਾ। ਮੈਂ ਬਸ ਸੱਚਾਈ ਨੂੰ ਦੇਖਣ ਦੀ ਕੋਸ਼ਿਸ਼ ਕਰ ਰਿਹਾਂ, ਬਿਨਾ ਜਜ਼ਬਾਤੀ

ਹੋਏ, ਅੱਖਾਂ 'ਚ ਅੱਖਾ ਪਾ। ਮੇਰਾ ਦਾਅਵਾ ਹੈ ਕਿ ਜੋ ਵੀ ਕੁਦਰਤੀ ਤੌਰ 'ਤੇ ਹੁੰਦਾ, ਕਦੇ ਮਾੜਾ ਨਹੀਂ ਹੁੰਦਾ। ਹਰ ਚੀਜ 'ਚੋਂ ਬੁਰਾਈ ਸੁੰਘਣ 'ਚ ਮੇਰਾ ਕੋਈ ਯਕੀਨ ਨਹੀਂ। ਇਹ ਸੂਹੀਆਂ ਦਾ ਕੰਮ ਹੈ।

ਬੇਰੰਜਰ — ਤੇ ਤੈਨੂੰ ਇਹ ਸਭ ਕੁਦਰਤੀ ਲਗਦੈ?

ਡਯੂਡਾਰਡ — ਗੈਂਡੇ ਨਾਲੋਂ ਵੱਧ ਕੁਦਰਤੀ ਕੀ ਹੋ ਸਕਦੈ ਹੈ?

ਬੇਰੰਜਰ — ਬੇਸ਼ੱਕ। ਪਰ ਬੰਦਾ ਗੈਂਡਾ ਬਣ ਜਾਏ ਇਹ ਅਨਹੋਣੀ ਹੈ, ਇਸ 'ਚ ਕੋਈ ਸ਼ੱਕ ਨਹੀਂ।

ਡਯੂਡਾਰਡ — ਠੀਕ ਹੈ, ਆਪੋ ਆਪਣੀ ਸਮਝ ਹੈ ਇਹ ਤਾਂ।

ਬੇਰੰਜਰ — ਏਸ 'ਚ ਸ਼ੱਕ ਦੀ ਗੁੰਜਾਇਸ਼ ਹੀ ਨਹੀਂ, ਸਵਾਲ ਈ ਨੀ ਉੱਠਦਾ ਕੋਈ!

ਡਯੂਡਾਰਡ — ਅੱਛਾ, ਬੜਾ ਭਰੋਸਾ ਲਗਦਾ ਖ਼ੁਦ 'ਤੇ। ਕਿਸਨੂੰ ਪਤਾ ਕਿ ਨਾਰਮਲ ਕਿੱਥੇ ਖ਼ਤਮ ਹੁੰਦੈ ਤੇ ਅਨਹੋਣੀ ਕਿੱਥੇ ਸ਼ੁਰੂ ਹੁੰਦੀ ਹੈ? ਕੀ ਤੂੰ ਕੋਈ ਪਰਿਭਾਸ਼ਾ ਦੇ ਸਕਦੈਂ, ਕੀ ਹੈ ਨਾਰਮਲ ਤੇ ਅਨਹੋਣੀ ਕੀ ਹੈ? ਹਾਲੇ ਤਾਈਂ ਤਾਂ ਕੋਈ ਇਹ ਮਸਲਾ ਸੁਲਝਾ ਨਹੀਂ ਸਕਿਆ, ਨਾ ਹੀ ਮੈਡੀਕਲੀ ਤੇ ਨਾ ਫ਼ਲਸਫ਼ੇ ਦੇ ਪੱਧਰ 'ਤੇ। ਪਤਾ ਹੋਣਾ ਚਾਹੀਦਾ ਤੈਨੂੰ।

ਬੇਰੰਜਰ — ਫ਼ਲਸਫ਼ੇ ਦੀ ਗੱਲ ਹੋਰ ਹੈ, ਉੱਥੇ ਕੋਈ ਪੰਗਾ ਹੋ ਸਕਦਾ, ਪਰ ਅਮਲੀ ਤੌਰ 'ਤੇ ਮਾਮਲਾ ਬਿਲਕੁਲ ਸਿੱਧਾ ਹੈ। ਉਹ ਸਿੱਧ ਕਰ ਸਕਦੇ ਨੇ ਕਿ ਗਤੀ ਕੁਝ ਨਹੀਂ ਹੁੰਦੀ.. ਤੇ ਫੇਰ ਤੁਸੀਂ ਤੁਰਨ ਲੱਗਦੇ ਹੋ .. (ਉਹ ਉੱਠ ਕੇ ਘੁੰਮਣ ਲਗਦਾ ਹੈ।) .. ਤੇ ਬਸ ਤੁਰੀ ਜਾਂਦੇ ਹੋ, ਗਲੀਲਿਓ ਵਾਂਗ ਤੁਸੀਂ ਵੀ ਖ਼ੁਦ ਨੂੰ ਸਮਝਾ ਸਕਦੇ ਹੋ, 'ਈ ਪੁਰ ਸੀ ਮੂਵੇ', ਚਲ ਤਾਂ ਇਹ ਰਿਹਾ ਹੈ।

ਡਯੂਡਾਰਡ — ਤੂੰ ਚੀਜ਼ਾਂ ਨੂੰ ਉਲਝਾ ਰਿਹੈਂ! ਮੁੱਦੇ ਨੂੰ ਉਲਝਾਓ ਨਹੀਂ। ਗਲੀਲਿਓ ਦਾ ਕੇਸ ਬਿਲਕੁਲ ਉਲਟਾ ਸੀ: ਵਿਗਿਆਨ ਤੇ ਸਿਧਾਂਤਕ ਸੋਚ ਰੋਜ਼ ਦਿਖਾ ਰਹੇ ਹਨ ਕਿ ਉਹ ਕੱਟੜ ਮਤਾਂ ਤੇ ਜਨਤਕ ਰਾਏ ਨਾਲੋਂ ਕਿਤੇ ਬਿਹਤਰ ਹਨ।

ਬੇਰੰਜਰ — (ਉਲਝਿਆ ਹੋਇਆ) ਮਤਲਬ ਕੀ ਹੈ ਇਸ ਸਭ ਦਾ? ਜਨਤਕ ਰਾਏ, ਕੱਟੜ ਮਤ ... ਫੋਕੇ ਸ਼ਬਦ ਨੇ ਬਸ! ਹੋ ਸਕਦੈ ਮੇਰੇ ਦਿਮਾਗ਼ 'ਚ ਸਭ ਘਾਚਾ-ਮਾਚਾ ਹੋ ਰਿਹਾ ਹੋਵੇ .. ਪਰ ਤੂੰ ਗਵਾ ਬੈਠਾ. ਬਿਲਕੁਲ ਈ। ਤੂੰ ਤੇ ਫ਼ਰਕ ਈ ਨੀ ਕਰ ਸਕਦਾ ਕਿ ਨਾਰਮਲ ਕੀ ਹੈ ਤੇ ਕੀ ਨਹੀਂ। ਮੈਨੂੰ ਕੋਈ ਗਲੀਲਿਓ ਦੀ ਘੱਟ ਫ਼ਿਕਰ ਨਹੀਂ. ਹਅ ਢੱਠੇ ਖੂਹ 'ਚ ਪਵੇ ਗਲੀਲਿਓ।

ਡਯੂਡਾਰਡ — ਤੂੰ ਈ ਪਹਿਲੋਂ ਗੱਲ ਕੀਤੀ ਸੀ ਉਹਦੀ, ਤੂੰ ਹੀ ਇਹ ਮਾਮਲਾ ਉਠਾਇਆ ਸੀ ਕਿ ਹਮੇਸ਼ਾ ਅਮਲ ਦਾ ਹੀ ਹੱਥ ਉੱਪਰ ਹੁੰਦਾ ਹੈ ..

ਅੰਤਮ ਤੌਰ 'ਤੇ: ਹੋ ਸਕਦਾ ਹੈ, ਪਰ ਸਿਰਫ਼ ਉਦੋਂ ਜਦੋਂ ਉਹ ਸਿਧਾਂਤ ਤੋਂ ਸੇਧ ਲੈਂਦਾ! ਚਿੰਤਨ ਤੇ ਸਾਇੰਸ ਦਾ ਸਾਰਾ ਇਤਿਹਾਸ ਇਹੋ ਦੱਸਦਾ।

**ਬੇਰੰਜਰ** (ਗੁੱਸਾ ਵੱਧਦਾ ਜਾਂਦਾ ਹੈ) ਕੁਝ ਸਿੱਧ ਨਹੀਂ ਹੁੰਦਾ ਇਸਤੋਂ. ਕੁਝ ਵੀ। ਬਕਵਾਸ... ਜਿਬਰਿਸ਼ .. ਨਿਰਾ ਪਾਗਲਪਣ!

**ਡਯੂਡਾਰਡ** ਇੱਥੇ ਵੀ ਪਹਿਲੋਂ ਪਾਗਲਪਣ ਦੀ ਪਰਿਭਾਸ਼ਾ ਦੇਣੀ ਪਏਗੀ, ਮਤਲਬ ਕੀ ਹੈ ਇਸਦਾ।

**ਬੇਰੰਜਰ** ਪਾਗਲਪਣ... ਪਾਗਲਪਣ ਹੈ ਤੇ ਬਸ ਗੱਲ ਖ਼ਤਮ! ਸਭ ਨੂੰ ਪਤਾ ਹੈ ਕਿ ਕੀ ਹੈ ਪਾਗਲਪਣ। ਤੇ ਇਹ ਗੈਂਡੇ.. ਕੀ ਨੇ ਇਹ, ਥਿਊਰੀ ਕਿ ਪ੍ਰੈਕਟਿਸ, ਸਿਧਾਂਤ ਜਾਂ ਅਮਲ?

**ਡਯੂਡਾਰਡ** ਦੋਹੇਂ.

**ਬੇਰੰਜਰ** ਕਿਵੇਂ, ਦੋਹੇਂ ਕਿਵੇਂ?

**ਡਯੂਡਾਰਡ** ਦੋਹੇਂ ਇੱਕੋ ਨੇ ਤੇ ਨਹੀਂ ਵੀ, ਇੱਕੋ ਵੇਲੇ ਨਾਲੋ ਨਾਲ ਤੇ ਵੱਖੋ ਵੱਖ। ਇਹ ਬਹਿਸ ਦਾ ਮੁੱਦਾ ਹੈ।

**ਬੇਰੰਜਰ** ਫੇਰ ਏਸ ਮਾਮਲੇ 'ਚ ਮੈਨੂੰ ਸਿਰ ਖਪਾਉਣ ਦੀ ਲੋੜ ਨਹੀ!

**ਡਯੂਡਾਰਡ** ਇੰਨਾ ਉੱਛਲ ਕਿਉਂ ਰਿਹੈਂ। ਹੋ ਸਕਦੇ ਸਾਡੇ ਵਿਚਾਰ ਮੇਲ ਨਾ ਖਾਣ ਪਰ ਅਸੀਂ ਆਰਾਮ ਨਾਲ ਗੱਲ ਤਾਂ ਕਰ ਸਕਦੇ ਹਾਂ। ਇਨ੍ਹਾਂ ਮਾਮਲਿਆਂ 'ਤੇ ਚਰਚਾ ਜ਼ਰੂਰੀ ਹੈ।

**ਬੇਰੰਜਰ** ਤੈਨੂੰ ਲੱਗਦੈ ਮੈਂ ਉੱਛਲ ਰਿਹੈਂ, ਹੈ? ਹੋ ਸਕਦੈ ਮੈਂ ਜੋਨ ਹੋਵਾਂ ਨਹੀ, ਹਰਗਿਜ਼ ਨਹੀਂ, ਮੈਂ ਉਸ ਵਰਗਾ ਨਹੀਂ ਹੋਣਾ ਚਾਹੁੰਦਾ। (ਸ਼ਾਂਤ ਹੁੰਦਾ ਹੈ।) ਫ਼ਿਲਾਸਫ਼ੀ ਦਾ ਮੈਨੂੰ ਕੁਝ ਬਹੁਤਾ ਪਤਾ ਨਹੀ। ਕਦੇ ਮੈਂ ਅਧਿਐਨ ਨਹੀਂ ਕੀਤਾ; ਤੇਰੇ ਕੋਲ ਹਰ ਤਰ੍ਹਾਂ ਦੇ ਡਿਪਲੋਮੇ ਨੇ। ਇਸੇ ਲਈ ਬਹਿਸ ਕਰਨਾ ਤੇਰੇ ਲਈ ਇੰਨਾ ਆਸਾਨ ਹੈ, ਮੈਨੂੰ ਤਾਂ ਪਤਾ ਈ ਨਹੀਂ ਹੁੰਦੇ ਕਿ ਕੀ ਜਵਾਬ ਦੇਣਾ, ਮੈਂ ਬਿਲਕੁਲ ਅਨਾੜੀ ਹਾਂ। (ਗੈਂਡਿਆਂ ਦਾ ਭਿਅੰਕਰ ਸ਼ੋਰ ਉੱਠਦਾ ਹੈ, ਪਹਿਲਾਂ ਖਿੜਕੀ ਵਾਲੇ ਪਾਸਿਓਂ ਫੇਰ ਡਾਊਨ ਸਟੇਜ ਵੱਲੋਂ।) ਫੇਰ ਵੀ ਮੈਨੂੰ ਲੱਗਦੈ ਕਿ ਤੂੰ ਗ਼ਲਤ ਜਾ ਰਿਹੈਂ... ਬਸ ਸਹਿਜ ਹੀ ਇੰਜ ਲਗਦੈ। ਨਹੀਂ, ਇਹ ਮਤਲਬ ਨਹੀਂ ਮੇਰਾ, ਸਹਿਜ ਤਾਂ ਗੈਂਡੇ ਵੀ ਨੇ, ਮੈਨੂੰ ਅੰਦਰੋਂ ਮਹਿਸੂਸ ਹੁੰਦੈ... ਉੱਠਦੈ, ਹਾਂ, ਇਹ ਠੀਕ ਹੈ, ਅੰਦਰੋਂ ਉੱਠਦਾ।

**ਡਯੂਡਾਰਡ** 'ਅੰਦਰੋਂ ਉੱਠਦਾ', ਕੀ ਮਤਲਬ ਹੈ ਇਸਦਾ?

**ਬੇਰੰਜਰ** ਅੰਦਰੋਂ ਉੱਠਦਾ.. ਮਤਲਬ .. ਜਿਵੇਂ ਮਹਿਸੂਸ ਜਿਹਾ ਹੁੰਦਾ, ਲੱਗਦੈ . ਛੂੰਹਦਾ, ਹਾਂ। ਮੈਨੂੰ ਲੱਗਦੈ.. ਹੱਦੋਂ ਵੱਧ ਤੇਰੀ ਇਹ ਸਹਿਣਸ਼ੀਲਤਾ, ਇਹ ਭਰਪੂਰ ਉਦਾਰਤਾ, ਯਕੀਨ ਮੰਨ, ਇਹ ਸਿਰਫ਼ ਕਮਜ਼ੋਰੀਆਂ ਨੇ. ਹਨੇਰੇ ਕੋਨੇ ਜਿੱਥੇ ਕੁਝ ਮਹਿਸੂਸ ਨਹੀ ਹੁੰਦਾ।

ਡਯੂਡਾਰਡ — ਇਹ ਤੇਰਾ ਭੋਲਾਪਣ ਐ, ਤੂੰ ਸੋਚ ਸਕਦੈਂ ਇੰਦਾਂ।

ਬੇਰੰਜਰ — ਹਰ ਵਾਰ ਤੂੰ ਮੈਨੂੰ ਚਕਮਾ ਦੇ ਕੇ ਨਿਕਲ ਜਾਦੈਂ। ਪਰ ਮੈਂ ਤੈਨੂੰ ਦੱਸਾਂ ..ਹੂੰ ? ਮੈਂ ਜਾਵਾਂਗਾ ਤੇ ਲੱਭ ਕੇ ਲਿਆਵਾਂਗਾ ਉਸਨੂੰ, ..ਉਹ ਤਰਕ-ਸ਼ਾਸਤਰੀ

ਡਯੂਡਾਰਡ — ਕਿਹੜਾ ਤਰਕ-ਸ਼ਾਸਤਰੀ ?

ਬੇਰੰਜਰ — ਤਰਕ-ਸ਼ਾਸਤਰੀ, ਫ਼ਿਲਾਸਫਰ, ਹੂੰ. .ਤਰਕ-ਸ਼ਾਸਤਰੀ, ਵੇਖੀ.. ਊਂ ਤੈਨੂੰ ਮੇਰੇ ਨਾਲੋਂ ਵੱਧ ਪਤਾ ਕੀ ਹੁੰਦਾ ਹੈ ਤਰਕ ਸ਼ਾਸਤਰੀ। ਮੈਂ ਵੀ ਮਿਲਿਆ ਸੀ ਇੱਕ ਤਰਕ-ਸ਼ਾਸਤਰੀ ਨੂੰ, ਉਸਨੇ ਮੈਨੂੰ ਸਮਝਾਇਆ

ਡਯੂਡਾਰਡ — ਕੀ ਸਮਝਾਇਆ ?

ਬੇਰੰਜਰ — ਉਸਨੇ ਸਮਝਾਇਆ ਕਿ ਏਸ਼ਿਆਈ ਗੈਂਡੇ ਅਫਰੀਕਨ ਸੀ ਤੇ ਅਫਰੀਕਨ ਏਸ਼ਿਆਈ।

ਡਯੂਡਾਰਡ — ..ਮਤਲਬ।

ਬੇਰੰਜਰ — ਨਹੀਂ. .ਨਹੀਂ। ਉਲਟਾ ਕਿਹਾ ਸੀ ਉਸਨੇ,... ਸਿੱਧ ਕੀਤਾ ਸੀ ਕਿ ਜਿਹੜੇ ਅਫਰੀਕਨ ਸੀ ਉਹ ਏਸ਼ਿਆਈ ਸੀ ਤੇ ਏਸ਼ਿਆਈ ... ਹਾਂ, ਇਹੋ ਸੀ . ਮੈਨੂੰ ਪਤਾ ਮੈਂ ਸਮਝਾ ਨਹੀ ਪਾ ਰਿਹਾ ਪਰ ਤੇਰੀ ਉਹਦੇ ਨਾਲ ਖੂਬ ਨਿਭੇਗੀ। ਜਮਾ ਤੇਰੇ ਵਰਗਾ ਐ, ਬਹੁਤ ਨੇਕ ਆਦਮੀ . ਰੌਸ਼ਨ ਦਿਮਾਗ, ਤੇਜ਼।

(ਗੈਂਡਿਆਂ ਦਾ ਸ਼ੋਰ ਵੱਧਦਾ ਹੈ। ਦੋਹਾਂ ਦੀਆਂ ਅਵਾਜ਼ਾਂ ਉਸ ਰੌਲੇ 'ਚ ਦੱਬ ਜਾਂਦੀਆ ਹਨ, ਗੈਂਡੇ ਖਿੜਕੀ ਥੱਲਿਓ ਲੰਘਦੇ ਦਿਖਦੇ ਹਨ ਕੁਝ ਦੇਰ ਲਈ ਬਰੰਜਰ ਤੇ ਡਯੂਡਾਰਡ ਦੇ ਸਿਰਫ ਬੁੱਲ੍ਹ ਹਿਲਦੇ ਦਿਖਾਈ ਦਿੰਦੇ ਹਨ, ਕੋਈ ਸ਼ਬਦ ਸੁਣਾਈ ਨਹੀਂ ਪੈਂਦਾ।)

ਬੇਰੰਜਰ — ਲਓ ਫੇਰ ਆ ਗਏ! ਕਦੋ ਖਹਿੜਾ ਛੱਡਣਗੇ! (ਖਿੜਕੀ ਵੱਲ ਜਾਂਦਾ ਹੈ।) ਦਫਾ ਹੋ ਜਾਓ! ਦਫ਼ਾ, ਸ਼ੈਤਾਨ ਦੀਓ 'ਲਾਦੋ!

(ਗੈਂਡੇ ਦੂਰ ਜਾਦੇ ਹਨ। ਬੇਰੰਜਰ ਉਨ੍ਹਾਂ ਪਿੱਛੇ ਹਵਾ 'ਚ ਮੁੱਕੇ ਮਾਰਦਾ ਹੈ।)

ਡਯੂਡਾਰਡ — (ਬੈਠ ਜਾਂਦਾ ਹੈ) ਚੰਗਾ ਲੱਗੇਗਾ ਤੇਰੇ ਤਰਕ-ਸ਼ਾਸਤਰੀ ਨੂੰ ਮਿਲਕੇ। ਜੇ ਇਨ੍ਹਾਂ ਨਾਜ਼ੁਕ ਤੇ ਧੁੰਦਲੇ ਮੱਦਿਆਂ 'ਤੇ ਉਹ ਕੁਝ ਰੋਸ਼ਨੀ ਪਾ ਸਕੇ। ਖੁਸ਼ੀ ਹੀ ਹੋਏਗੀ ਮੈਨੂੰ ਤੇ।

ਬੇਰੰਜਰ — (ਦੌੜ ਕੇ ਹੇਠਲੀ ਖਿੜਕੀ ਵੱਲ ਜਾਂਦਾ ਹੈ) ਹਾਂ, ਲਿਆਵਾਂਗਾ ਉਸਨੂੰ, ਉਹੋ ਗੱਲ ਕਰੂ ਤੇਰੇ ਨਾਲ। ਗਜਬ ਬੰਦਾ ਏ, ਜਣਾ ਖਣਾ ਨੀ, ਦੇਖ ਲੀਂ ਤੂੰ। (ਖਿੜਕੀ 'ਚੋਂ, ਗੈਂਡਿਆਂ ਨੂੰ) ਓ ਸ਼ੈਤਾਨੋ(ਹਵਾ 'ਚ ਮੁੱਕੇ ਮਾਰਦਾ ਹੈ।)

ਡਯੂਡਾਰਡ — ਜਾਣ ਦੇ ਉਨ੍ਹਾ ਨੂੰ। ਨਾਲੇ ਨਰਮੀ ਨਾਲ ਗੱਲ ਕਰ ਇਹ ਕੋਈ ਢੰਗ ਨਹੀਂ ਗੱਲ ਕਰਨ ਦਾ।

ਬੇਰੰਜਰ — (ਹਾਲੇ ਵੀ ਖਿੜਕੀ 'ਚ ਖੜ੍ਹਾ ਹੈ) ਉਹ ਜਾ ਰਹੇ ..ਓਹ!

(ਆਰਕੈਸਟਰਾ ਪਿਟ 'ਚੋਂ ਇੱਕ ਗੈਂਡੇ ਦਾ ਸਿਰ ਉੱਭਰਦਾ ਹੈ, ਕੋਨ ਦਾ ਹੈਟ ਉਸਦੀ ਨੱਕ 'ਚੋ ਆਰ-ਪਾਰ ਹੋਇਆ ਪਿਆ ਹੈ, ਫ਼ੁਰਤੀ ਨਾਲ ਉਹ ਖੱਬਿਓਂ ਸੱਜੇ ਵੱਲ ਨੂੰ ਦੌੜ ਜਾਂਦਾ ਹੈ।)

ਬੇਰੰਜਰ — ਦੇਖਿਆ ਓਹ ਹੈਟ ...ਗੈਂਡੇ ਦੀ ਨੱਕ 'ਤੇ। ਓ! ਇਹ ਤਾਂ ਤਰਕ-ਸ਼ਾਸਤਰੀ ਦਾ ਹੈਟ ਹੈ, ਹਾਂ, ਤਰਕ-ਸ਼ਾਸਤਰੀ ਦਾ! ਹੱਦ ਹੋ ਗਈ। ਤਰਕ-ਸ਼ਾਸਤਰੀ ਗੈਂਡਾ ਹੋ ਗਿਆ!

ਡਯੂਡਾਰਡ — ਰੋਣ ਪਿੱਟਣ ਵਾਲੀ ਕੀ ਗੱਲ ਹੈ ਇਹਦੇ 'ਚ!

ਬੇਰੰਜਰ — ਓ ਪਰਮਾਤਮਾ! ਇਹ ਕਿਵੇ ਕਰ ਸਕਦੈਂ ਤੂੰ.. ? ਤੈਨੂੰ...ਤੈਨੂੰ ਪੁੱਛ ਰਿਹਾਂ ਮੈਂ! ਤਰਕ-ਸ਼ਾਸਤਰੀ .. ਗੈਂਡਾ!

ਡਯੂਡਾਰਡ — (ਖਿੜਕੀ 'ਤੇ ਆ ਕੇ) ਕਿੱਥੇ ਹੈ?

ਬੇਰੰਜਰ — (ਇਸ਼ਾਰਾ ਕਰਦਾ ਹੈ) ਓ ਰਿਹਾ ਓਧਰ.. ਓ ਵੇਖ. .! ਦੇਖਿਆ।

ਡਯੂਡਾਰਡ — ਇੱਕੋਇੱਕ ਗੈਂਡਾ ਹੈ ਹੈਟ ਵਾਲਾ! ਇਸੇ ਤੋਂ ਤੂੰ ਅੰਦਾਜ਼ਾ ਲਾਇਆ, ਕੀ ਤੈਨੂੰ ਪੱਕਾ ਹੈ ਕਿ ਇਹ ਉਹੀ ਹੈ, ਤੇਰਾ ਤਰਕ-ਸ਼ਾਸਤਰੀ?

ਬੇਰੰਜਰ — ਤਰਕ-ਸ਼ਾਸਤਰੀ . ਤੋਂ ਗੈਂਡਾ!!!

ਡਯੂਡਾਰਡ — ਪੁਰਾਣੀ ਆਪਣੀ ਸ਼ਖ਼ਸੀਅਤ ਦੀ ਨਿਸ਼ਾਨੀ ਹਾਲੇ ਵੀ ਸਾਂਭੀ ਹੈ ਉਸਨੇ।

ਬੇਰੰਜਰ — (ਹੈਟ ਵਾਲੇ ਗੈਂਡੇ ਪਿੱਛੇ ਮੁੱਕੇ ਉਛਾਲਦਾ ਹੈ, ਜਿਹੜਾ ਜਾ ਚੁੱਕਾ ਹੈ।) ਮੈਂ ਕਦੇ ਤੇਰੇ ਨਾਲ ਨਹੀ ਆਉਣ ਲੱਗਾ। ਮੈਂ ਕਦੇ ਨਹੀਂ!

ਡਯੂਡਾਰਡ — ਜੇ ਉਹ ਸੱਚਮੁੱਚ ਇੱਕ ਚਿੰਤਨਸ਼ੀਲ ਪ੍ਰਾਣੀ ਸੀ, ਜਿਵੇ ਤੂੰ ਦੱਸਿਆ, ਤਾਂ ਉਸਨੂੰ ਵਰਗਲਾਇਆ ਨਹੀਂ ਜਾ ਸਕਦਾ। ਜ਼ਰੂਰ ਉਸਨੇ ਚੰਗਾ-ਮਾੜਾ ਸਾਰੇ ਪੱਖਾਂ ਨੂੰ ਤੋਲਿਆ ਹੋਏਗਾ, ਫੇਰ ਹੀ ਫ਼ੈਸਲਾ ਲਿਆ ਹੋਇਗਾ।

ਬੇਰੰਜਰ — (ਹਾਲੇ ਵੀ ਸਾਬਕਾ ਤਰਕ-ਸ਼ਾਸਤਰੀ ਅਤੇ ਹੋਰ ਗੈਂਡਿਆ ਪਿੱਛੇ ਚੀਖ਼ ਰਿਹਾ ਹੈ, ਉਹ ਜਾ ਚੁੱਕੇ ਹਨ।) ਮੈਂ ਕਦੇ ਨਹੀਂ ਰਲਾਂਗਾ ਤੁਹਾਡੇ ਨਾਲ।

ਡਯੂਡਾਰਡ — (ਆਰਾਮ-ਕੁਰਸੀ 'ਚ ਧਸ ਜਾਂਦਾ ਹੈ) ਹਾਂ, ਇਹ ਗੱਲ ਸੋਚਣ ਲਈ ਮਜਬੂਰ ਕਰਦੀ ਹੈ...

(ਬੇਰੰਜਰ ਡਾਊਨ-ਸਟੇਜ ਵਾਲੀ ਖਿੜਕੀ ਬੰਦ ਕਰਦਾ ਹੈ, ਉੱਪਰਲੀ ਖਿੜਕੀ ਵੱਲ ਜਾਂਦਾ ਹੈ, ਜਿੱਥੋਂ ਗੈਂਡੇ ਲੰਘਦੇ ਦਿਖਦੇ ਹਨ। ਜਿਵੇਂ ਪੂਰੇ ਘਰ ਦਾ ਗੇੜਾ ਲਾ ਰਿਹਾ ਹੋਏ। ਖਿੜਕੀ ਖੋਲ੍ਹ ਕੇ ਮੁੜ ਫੇਰ ਚੀਖ਼ਦਾ ਹੈ।)

ਬੇਰੰਜਰ — ਨਹੀਂ, ਕਦੇ ਨਹੀਂ, ਰਲਾਂਗਾ ਤੁਹਾਡੇ ਨਾਲ।

ਡਯੂਡਾਰਡ — (ਆਰਾਮ-ਕੁਰਸੀ 'ਚ ਧੱਸਿਆ, ਖ਼ੁਦ ਨਾਲ) ਉਹ ਘਰ ਦੇ ਆਲੇ-

ਦੁਆਲੇ ਚੱਕਰ ਕੱਢ ਰਹੇ ਨੇ। ਖੇਡ ਰਹੇ ਨੇ! ਖਰੂਦੀ ਬੱਚੇ!

(ਡੇਜ਼ੀ ਪੌੜੀਆਂ ਚੜ੍ਹ ਰਹੀ ਹੈ। ਉਹ ਬੇਰੰਜਰ ਦਾ ਦਰਵਾਜ਼ਾ ਖੜਕਾਉਂਦੀ ਹੈ। ਉਸਦੇ ਹੱਥ 'ਚ ਇੱਕ ਟੋਕਰੀ ਹੈ।)

**ਡਯੂਡਾਰਡ** ਬੇਰੰਜਰ, ਦਰਵਾਜ਼ੇ 'ਤੇ ਕੋਈ ਹੈ!

(ਫੇਰ ਉਹ ਬੇਰੰਜਰ ਨੂੰ ਬਾਂਹ ਤੋਂ ਫੜ ਕੇ ਹਿਲਾਂਦਾ ਹੈ, ਜਿਹੜਾ ਹਾਲੇ ਵੀ ਖਿੜਕੀ 'ਤੇ ਖੜ੍ਹਾ ਚੀਕ ਰਿਹਾ ਹੈ।)

**ਬੇਰੰਜਰ** ਡੁੱਬ ਮਰਨ ਵਾਲੀ ਗੱਲ ਹੈ, ਇਉਂ ਮਖੌਟੇ ਪਾ ਕੇ ਜਿਉਣਾ, ਕੋਈ ਜਿਉਣਾ... ਲਾਹਨਤ!

**ਡਯੂਡਾਰਡ** ਦਰਵਾਜ਼ਾ ਖੜਕ ਰਿਹੈ, ਸੁਣਦਾ ਨਹੀਂ ਤੈਨੂੰ?

**ਬੇਰੰਜਰ** ਤੇ ਫੇਰ ਖੋਲ੍ਹ ਦੇ, ਜੇ ਤੇਰਾ ਜੀ ਕਰਦਾ ਤੇ।

(ਉਹ ਬਾਹਰ ਦੇਖਦਾ ਰਹਿੰਦਾ ਹੈ ਗੈਂਡਿਆਂ ਦੀ ਅਵਾਜ਼ ਦੂਰ ਜਾ ਰਹੀ ਹੈ। ਡਯੂਡਾਰਡ ਦਰਵਾਜ਼ਾ ਖੋਲ੍ਹਣ ਜਾਂਦਾ ਹੈ।)

**ਡੇਜ਼ੀ** (ਅੰਦਰ ਆਉਂਦੀ ਹੈ) ਮਾਰਨਿੰਗ ਮਿਸਟਰ ਡਯੂਡਾਰਡ।

**ਡਯੂਡਾਰਡ** ਓ ਮਿਸ ਡੇਜ਼ੀ.. ਤੁਸੀਂ ਹੋ।

**ਡੇਜ਼ੀ** ਬੇਰੰਜਰ ਹੈ , ਠੀਕ ਹੈ ਹੁਣ?

**ਡਯੂਡਾਰਡ** ਚੰਗਾ ਲੱਗ ਰਿਹੈ ਤੁਹਾਨੂੰ ਇਥੇ ਦੇਖ ਕੇ, ਅਕਸਰ ਆਉਂਦੇ ਹੋ ਤੁਸੀਂ?

**ਡੇਜ਼ੀ** ਕਿੱਥੇ ਹੈ ਉਹ?

**ਡਯੂਡਾਰਡ** (ਇਸ਼ਾਰਾ ਕਰਦਾ ਹੈ) ਓ ਰਿਹਾ।

**ਡੇਜ਼ੀ** ਓ ਵਿਚਾਰਾ ਕਿੰਨਾ ਇਕੱਲਾ ਹੈ। ਤੇ ਤਬੀਅਤ ਵੀ ਠੀਕ ਨਹੀਂ ਹੈ, ਕੋਈ ਚਾਹੀਦਾ ਹੈ ਸਹਾਰਾ ਦੇਣ ਨੂੰ।

**ਡਯੂਡਾਰਡ** ਤੁਸੀਂ ਬਹੁਤ ਚੰਗੇ ਮਿੱਤਰ ਹੋ, ਮਿਸ ਡੇਜ਼ੀ।

**ਡੇਜ਼ੀ** ਹਾਂ, ਉਹ ਤਾਂ ਮੈਂ ਹਾਂ ਹੀ, ਚੰਗੀ ਮਿੱਤਰ।

**ਡਯੂਡਾਰਡ** ਬੜਾ ਨਿੱਘਾ ਦਿਲ ਹੈ ਤੁਹਾਡਾ।

**ਡੇਜ਼ੀ** ਚੰਗੀ ਮਿੱਤਰ! ਬਸ, ਹੋਰ ਕੁਝ ਨਹੀਂ।

**ਬੇਰੰਜਰ** (ਖਿੜਕੀ ਖੁੱਲ੍ਹੀ ਛੱਡ ਕੇ ਮੁੜਦਾ ਹੈ) ਓ ਮਿਸ ਡੇਜ਼ੀ। ਤੁਸੀਂ! ਬਹੁਤ ਚੰਗਾ ਕੀਤਾ ਤੁਸੀਂ . ਸ਼ੁਕਰੀਆ, ਬਹੁਤ ਸ਼ੁਕਰੀਆ, ਆਉਣ ਲਈ!

**ਡਯੂਡਾਰਡ** ਉਹ ਤਾਂ ਹੈ।

**ਬੇਰੰਜਰ** ਤੁਹਾਨੂੰ ਪਤੈ ਮਿਸ ਡੇਜ਼ੀ.. ਤਰਕ-ਸ਼ਾਸਤਰੀ ਗੈਂਡਾ ਬਣ ਗਿਆ?

**ਡੇਜ਼ੀ** ਹਾਂ, ਪਤਾ ਹੈ। ਗਲੀ 'ਚ ਆਉਂਦੇ ਹੋਏ ਝਲਕ ਜਿਹੀ ਦੇਖੀ ਸੀ। ਇਸ ਉਮਰ 'ਚ ਵੀ ਕਿੰਨੀ ਤੇਜ਼ ਦੌੜ ਰਿਹਾ ਸੀ! ਤਬੀਅਤ ਕੁਝ ਠੀਕ ਹੋਈ ਪਹਿਲੋਂ ਨਾਲੋਂ?

**ਬੇਰੰਜਰ** ਸਿਰ ਫਟ ਰਿਹੈ ਮੇਰਾ! ਹਾਲੇ ਵੀ ਉਵੇਂ ਈ..! ਤੁਹਾਨੂੰ ਨੀ ਲੱਗਦਾ ਕਿ ਭਿਆਨਕ ਹੈ ਇਹ ਡਰਾਉਣਾ?

**ਡੇਜ਼ੀ** ਮੇਰੇ ਖ਼ਿਆਲ 'ਚ ਤੁਹਾਨੂੰ ਆਰਾਮ ਦੀ ਲੋੜ ਹੈ ਬਸ ਥੋੜ੍ਹੇ ਦਿਨ

ਹੋਰ .. ਚੁੱਪਚਾਪ ਬਰਦਾਸਤ ਕਰੋ।

ਡਯੂਡਾਰਡ (ਬੇਰੰਜਰ ਤੇ ਡੇਜ਼ੀ ਨੂੰ) ਗੁਸਤਾਖ਼ੀ ਮਾਫ਼. ਮੈਂ ਹਣ ਚਲਦਾ।

ਬੇਰੰਜਰ (ਡੇਜ਼ੀ ਨੂੰ) ਮੇਰਾ ਮਤਲਬ ਸੀ ਤਰਕ-ਸ਼ਾਸਤਰੀ. .

ਡੇਜ਼ੀ ਕਿਉਂ ਕੀ ਗੱਲ ਹੋਈ ? (ਬੇਰੰਜਰ ਨੂੰ) ਓਹ, ਤਰਕ-ਸ਼ਾਸਤਰੀ, ਮੈਂ ਕੁਝ ਨੀ ਸੋਚਦੀ ਉਸ ਬਾਰੇ!

ਡਯੂਡਾਰਡ ਮੈਨੂੰ ਲੱਗਾ ਮੈਂ ਐਵੇਂ ਵਿੱਚ ਕਿਤੇ...

ਡੇਜ਼ੀ (ਬੇਰੰਜਰ ਨੂੰ) ਤੈਨੂੰ ਕੀ ਲੱਗਦੈ. . ਕੀ ਸੋਚਣਾ ਚਾਹੀਦਾ ਮੈਨੂੰ ? (ਦੋਹਾਂ ਨੂੰ) ਮੇਰੇ ਕੋਲ ਵੀ ਇੱਕ ਖ਼ਬਰ ਹੈ: ਬੋਟਾਰਡ ਗੈਂਡਾ ਬਣ ਗਿਆ।

ਡਯੂਡਾਰਡ ਵਾਹ! ਵਾਹ!

ਬੇਰੰਜਰ ਮੈਂ ਨਹੀਂ ਮੰਨਦਾ, ਉਹ ਤਾਂ ਖਿਲਾਫ਼ ਸੀ। ਕੋਈ ਗ਼ਲਤੀ ਲੱਗੀ ਹੈ . । ਵਿਰੋਧ ਕੀਤਾ ਸੀ ਉਸਨੇ। ਡਯੂਡਾਰਡ ਹੁਣ ਤਾਂ ਦਸ ਰਿਹਾ ਸੀ। ਡਯੂਡਾਰਡ, ਤੂੰ ਕਿਹਾ ਸੀ ਨਾ?

ਡਯੂਡਾਰਡ ਉਹ ਤਾ ਹੈ।

ਡੇਜ਼ੀ ਮੈਨੂੰ ਪਤਾ ਹੈ ਉਹ ਖਿਲਾਫ਼ ਸੀ। ਪਰ ਇਹ ਗਲ ਉਸਨੂੰ ਰੋਕ ਨਹੀਂ ਸਕੀ. ਪੈਂਖਿਲੋਂ ਤੋਂ ਪੌਣੇ ਘੰਟੇ ਦੇ ਅੰਦਰ ਹੀ ਉਹ ਮੁਰ. .

ਡਯੂਡਾਰਡ ਠੀਕ ਹੈ, ਹੋ ਸਕਦੈ ਉਸਨੇ ਮਨ ਬਦਲ ਲਿਆ ਹਵੇ! ਸਭ ਨੂੰ ਹੱਕ ਹੈ।

ਬੇਰੰਜਰ ਫੇਰ ਤਾਂ ਕੁਝ ਵੀ ਹੋ ਸਕਦੈ!

ਡਯੂਡਾਰਡ (ਬੇਰੰਜਰ ਨੂੰ) ਥੋੜ੍ਹੀ ਦੇਰ ਪਹਿਲਾਂ ਉਹ ਬੜਾ ਸ਼ਾਨਦਾਰ ਆਦਮੀ ਸੀ ਤੁਹਾਡੇ ਲਈ।

ਡੇਜ਼ੀ ਮੇਰੇ ਸਾਹਮਣੇ ਹੋਇਆ ਸਭ।

ਬੇਰੰਜਰ ਫੇਰ ਉਹ ਜਰੂਰ ਝੂਠ-ਮੂਠ ਕਰ ਰਿਹਾ ਹੋਏਗਾ, ਨੌਟੰਕੀ, ਡਰਾਮਾ.

ਡੇਜ਼ੀ ਬਹੁਤ ਸੰਜੀਦਾ ਲੱਗ ਰਿਹਾ ਸੀ; ਬੇਹਦ ਗੰਭੀਰ।

ਬੇਰੰਜਰ ਕੋਈ ਵਜ੍ਹਾ ਦੱਸੀ ?

ਡੇਜ਼ੀ ਜੋ ਉਸਨੇ ਕਿਹਾ, ਸਮੇਂ ਦੇ ਨਾਲ ਬਦਲਣਾ ਚਾਹੀਦਾ ਹੈ: ਉਸਦੇ ਆਖ਼ਰੀ ਮਨੁੱਖੀ ਬੋਲ ਇਹੋ ਸੀ।

ਡਯੂਡਾਰਡ ਮੈਨੂੰ ਪੱਕਾ ਸੀ ਮਿਸ ਡੇਜ਼ੀ ਕਿ ਤੁਸੀਂ ਇੱਥੇ ਈ ਮਿਲੋਂਗੇ।

ਬੇਰੰਜਰ ਸਮੇਂ ਨਾਲ ਚੱਲੋ! ਕਿਆ ਮਾਨਸਿਕਤਾ ਹੈ! (ਦੋਹੇਂ ਹੱਥ ਫੈਲਾਉਂਦਾ ਹੈ)

ਡਯੂਡਾਰਡ (ਡੇਜ਼ੀ ਨੂੰ) ਦਫਤਰ ਬੰਦ ਹੈ ਤਾਂ ਫੇਰ ਤੁਸੀਂ ਹੋਰ ਕਿਤੇ ਹੋ ਹੀ ਨਹੀਂ ਸਕਦੇ।

ਬੇਰੰਜਰ (ਆਪਣੇ ਆਪ 'ਚ) ਕੀ ਬਚਪਨਾ ਹੈ! (ਫੇਰ ਉਂਵੇ ਕਰਦਾ ਹੈ।)

ਡੇਜ਼ੀ (ਡਯੂਡਾਰਡ ਨੂੰ) ਮਿਲਣਾ ਚਾਹੁੰਦੇ ਸੀ ਤਾਂ ਫੋਨ ਕਰ ਦਿੰਦੇ।

ਡਯੂਡਾਰਡ ਓ, ਤੁਹਾਨੂੰ ਤਾਂ ਪਤਾ ਈ ਹੈ, ਮਿਸ ਡੇਜ਼ੀ, ਮੈਂ ਕਿਸੇ ਦੇ ਮਾਮਲੇ 'ਚ ਦਖਲ ਨਹੀਂ ਦਿੰਦਾ।

ਬੇਰੰਜਰ — ਪਰ ਹੁਣ ਮੈਨੂੰ ਸਮਝ ਆ ਗਈ, ਬੋਟਾਰਡ 'ਤੇ ਹੁਣ ਮੈਨੂੰ ਕੋਈ ਹੈਰਾਨੀ ਨਹੀਂ ਜੋ ਵੀ ਉਸਨੇ ਕੀਤਾ, ਉਸਦੀ ਦ੍ਰਿੜਤਾ ਮਹਿਜ਼ ਦਿਖਾਵਾ ਸੀ। ਬੇਸ਼ਕ ਉਹ ਉਸਨੂੰ ਵਧੀਆ ਬੰਦਾ ਹੋਣ ਤੋਂ ਨਹੀਂ ਸੀ ਰੋਕਦੀ। ਮੰਦਭਾਗੀਂ ਚੰਗੇ ਬੰਦਿਆਂ ਦੇ ਚੰਗੇ ਗੈਂਡੇ ਬਣਦੇ। ਚੰਗੇ ਨੇ ਇਸੇ ਲਈ ਤਾਂ ਫ਼ਸ ਜਾਂਦੇ।

ਡੇਜ਼ੀ — ਇਹ ਟੋਕਰੀ ਇੱਥੇ ਮੇਜ਼ 'ਤੇ ਰੱਖ ਦਿਆਂ। (ਰੱਖ ਦਿੰਦੀ ਹੈ।)

ਬੇਰੰਜਰ — ਪਰ ਉਹ ਤਾਂ ਵਧੀਆ ਬੰਦਾ ਸੀ, ਗੁੱਸਾ ਵੀ ਬਹੁਤ ਸੀ ...

ਡਯੂਡਾਰਡ — (ਤੇਜ਼ੀ ਨਾਲ ਡੇਜ਼ੀ ਕੋਲ ਜਾ ਕੇ ਉਸਦੀ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹੈ।) ਮਾਫ਼ ਕਰਨਾ, ਅਸੀਂ ਦੋਹੇਂ ਈ ਬਸ, ਤੁਹਾਡਾ ਹੱਥ ਵੰਡਾਉਣਾ ਚਾਹੀਦਾ ਸੀ ਸਾਨੂੰ... ਪਹਿਲਾਂ ਈ।

ਬੇਰੰਜਰ — ... ਕਮਤਰੀ ਦੇ ਅਹਿਸਾਸ ਦਾ ਮਾਰਿਆ, ਆਪਣੇ ਤੋਂ ਉੱਤਲਿਆਂ ਲਈ ਨਫ਼ਰਤ ਮੱਚਦੀ ਰਹਿੰਦੀ ਉਸਦੇ ਅੰਦਰ, ਚੌਵੀ ਘੰਟੇ।

ਡਯੂਡਾਰਡ — ਤੇਰੀ ਦਲੀਲ 'ਚ ਜਾਨ ਹੈ ਨਹੀਂ, ਮਿਸਾਲ ਤਾਂ ਉਸਨੇ ਆਪਣੇ ਚੀਫ਼ ਨੂੰ ਬਣਾਇਆ, ਜਿਹੜਾ, ਉਸਦੇ ਕਹਿਣ ਮੁਤਾਬਕ, ਉਨ੍ਹਾਂ ਲੋਕਾਂ ਦਾ ਹਥਿਆਰ ਸੀ ਜਿਹੜੇ ਉਸਨੂੰ ਲੁੱਟਦੇ ਸੀ। ਓ ਹੰਅ, ਮੇਰੇ ਹਿਸਾਬ ਨਾਲ ਉਹਦੇ ਕੇਸ 'ਚ ਹੋਇਆ ਇਹ ਕਿ ਉਸਦੀਆ ਬੇਲਗਾਮ ਲਾਲਸਾਵਾਂ ਨੂੰ ਭਾਈਚਾਰੇ ਦੀ ਭਾਵਨਾ ਨੇ ਦੱਬ ਲਿਆ।

ਬੇਰੰਜਰ — ਬੇਲਗਾਮ ਤਾਂ ਗੈਂਡੇ ਨੇ, ਕਿਉਂਕਿ ਉਹ ਘੱਟਗਿਣਤੀ 'ਚ ਨੇ।

ਡਯੂਡਾਰਡ — ਹਾਂ, ਓ ਨੇ, ਹਾਲ ਦੀ ਘੜੀ... ਘੱਟਗਿਣਤੀ।

ਡੇਜ਼ੀ — ਕਾਫ਼ੀ ਵੱਡੀ ਘੱਟਗਿਣਤੀ 'ਚ ਨੇ ਉਹ, ਤੇ ਵਧਦੇ ਵੀ ਜਾ ਰਹੇ ਨੇ। ਮੇਰਾ ਭਤੀਜਾ ਗੈਂਡਾ ਬਣ ਗਿਆ ਤੇ ਉਸਦੀ ਘਰਵਾਲੀ ਹੋਰ ਜਾਣੀਆਂ ਪਛਾਣੀਆਂ ਹਸਤੀਆ ਦੀ ਤਾਂ ਛੱਡੋ, ਰੇਤਜ਼ ਦਾ ਕਾਰਡੀਨਲ..

ਡਯੂਡਾਰਡ — ਇੱਕ ਪਾਦਰੀ।

ਡੇਜ਼ੀ — ਬਜ਼ੁਰਗ ਔਰਤਾਂ ਵੀ ਨੇ।

ਡਯੂਡਾਰਡ — ਇਹ ਦੂਸਰੇ ਦੇਸ਼ਾਂ 'ਚ ਵੀ ਫੈਲਣ ਵਾਲਾ. , ਦੇਖ ਲੈਣਾ

ਬੇਰੰਜਰ — ਤੇ ਸੋਚੋ ਤਾਂ ਸਹੀ, ਸ਼ੁਰੂਆਤ ਸਾਥੋਂ ਹੋ ਰਹੀ ਹੈ।

ਡੇਜ਼ੀ — ਚੰਗੇ ਵੱਡੇ ਘਰਾਣਿਆਂ ਦੇ ਲੋਕ .., ਸੇਂਟ ਸਿਮੋਨ ਦਾ ਡਯੂਕ।

ਬੇਰੰਜਰ — (ਬਾਹਾਂ ਉਲਾਰਦੇ ਹੋਏ) ਜਿੰਨੇ ਸਾਡੇ ਵੱਡੇ ਵੱਡੇ ਨਾਮ।

ਡੇਜ਼ੀ — ਤੇ ਆਮ ਲੋਕ ਵੀ, ਹੇੜਾਂ ਦੀਆਂ ਹੇੜਾਂ। ਸ਼ਹਿਰ ਦਾ ਚੌਥਾ ਹਿੱਸਾ ਭਾਵੇਂ ਹੁਣ.

ਬੇਰੰਜਰ — ਹਾਲੇ ਵੀ ਸਾਡੀ ਬਹੁਗਿਣਤੀ ਹੈ। ਇਸਦਾ ਸਾਨੂੰ ਫ਼ਾਇਦਾ ਲੈਣਾ ਚਾਹੀਦਾ ਹੈ। ਇਸਤੋਂ ਪਹਿਲਾਂ ਕਿ ਉਹ ਸਾਨੂੰ ਵਹਾਅ ਕੇ ਲੈ ਜਾਣ, ਕੁਝ ਕਰਨਾ ਚਾਹੀਦਾ ਹੈ।

ਡਯੂਡਾਰਡ — ਬਹੁਤ ਤਾਕਤਵਰ ਨੇ ਉਹ, ਬਹੁਤ।

ਡੇਜ਼ੀ — ਚਲੋ, ਫ਼ਿਲਹਾਲ ਕੁਝ ਖਾ ਲਓ ਪਹਿਲੋਂ, ਮੈਂ ਲੈ ਕੇ ਆਈ ਹਾਂ।

ਬੇਰੰਜਰ — ਤੁਸੀਂ ਬਹੁਤ ਮਿਹਰਬਾਨ ਹੋ, ਮਿਸ ਡੇਜ਼ੀ।

ਡਯੂਡਾਰਡ — (ਖ਼ੁਦ ਨਾਲ) ਜ਼ਿਆਦਾ ਈ ਮਿਹਰਬਾਨ ਏ।

ਬੇਰੰਜਰ — ਕਿਵੇਂ ਸ਼ੁਕਰੀਆ ਕਰਾਂ ਤੁਹਾਡਾ!

ਡੇਜ਼ੀ — (ਡਯੂਡਾਰਡ ਨੂੰ) ਤੁਸੀਂ ਰੁਕੋਂਗੇ ਸਾਡਾ ਸਾਥ ਦੇਣ ਲਈ ?

ਡਯੂਡਾਰਡ — ਮੈਂ ਕੋਈ ਪਰੇਸ਼ਾਨੀ ਨਹੀਂ ਬਣਨੀ ਚਾਹੁੰਦਾ।

ਡੇਜ਼ੀ — ਕੀ ਕਹਿ ਰਹੇ ਹੋ ਮਿਸਟਰ ਡਯੂਡਾਰਡ ? ਤੁਹਾਨੂੰ ਪਤਾ ਹੈ ਕਿ ਸਾਨੂੰ ਚੰਗਾ ਲੱਗੇਗਾ ਜੇ ਤੁਸੀਂ ਰੁਕੋਂ।

ਡਯੂਡਾਰਡ — ਹਾਂ, ਪਰ ਮੈਨੂੰ ਚੰਗਾ ਨਹੀਂ ਲੱਗੇਗਾ ਜੇ ਮੈਂ ਵਿੱਚ...

ਬੇਰੰਜਰ — ਛੱਡੋ ਵੀ, ਬੈਠੋ। ਤੁਹਾਡੇ ਨਾਲ ਗੱਲਬਾਤ ਕਰਨ ਦਾ ਹਮੇਸ਼ਾ ਇੱਕ ਮਜ਼ਾ ਹੈ।

ਡਯੂਡਾਰਡ — ਅਸਲ 'ਚ ਮੈਂ ਥੋੜ੍ਹਾ ਜਲਦੀ 'ਚ ਹਾਂ। ਕਿਸੇ ਨੂੰ ਮਿਲਣਾ।

ਬੇਰੰਜਰ — ਹੁਣੇ ਤੁਸੀਂ ਕਹਿ ਰਹੇ ਸੀ ਕਿ ਕੋਈ ਖ਼ਾਸ ਕੰਮ ਨਹੀਂ।

ਡੇਜ਼ੀ — (ਟੋਕਰੀ 'ਚੋਂ ਸਮਾਨ ਕੱਢਦੇ ਹੋਏ) ਬੜੀ ਮੁਸ਼ਕਿਲ ਨਾਲ ਖਾਣਾ ਮਿਲਿਆ ਮੈਨੂੰ। ਪਤਾ ਵੀ ਹੈ ਕੁਝ; ਦੁਕਾਨਾਂ ਲੁੱਟੀਆ ਪਈਆਂ ਹਰ ਥਾਂ, ਸਭ ਤਹਿਸ ਨਹਿਸ ਕਰ ਦਿੱਤਾ ਉਨ੍ਹਾਂ ਨੇ। ਬਹੁਤੀਆਂ ਦੁਕਾਨਾਂ ਤੇ ਬੰਦ ਪਈਆ। ਬਾਹਰ ਤਖ਼ਤੀਆਂ ਲਟਕੀਆ : 'ਤਬਦੀਲੀ ਖ਼ਾਤਰ ਦੁਕਾਨ ਬੰਦ ਹੈ।'

ਬੇਰੰਜਰ — ਇੱਕ ਜਗ੍ਹਾ ਤਾੜ ਦੇਣਾ ਚਾਹੀਦਾ ਉਨ੍ਹਾਂ ਨੂੰ ਕਿਸੇ ਵੱਡੇ ਵਾੜੇ 'ਚ, ਸਖ਼ਤ ਨਿਗਰਾਨੀ ਹੇਠ।

ਡਯੂਡਾਰਡ — ਕਹਿਣਾ ਹੀ ਸੌਖਾ ਹੈ। ਪਸ਼ੂਆ ਦੇ ਹੱਕਾਂ ਵਾਲੀ ਲੀਗ ਸਭ ਤੋਂ ਪਹਿਲਾਂ ਝੰਡਾ ਚੁੱਕੇਗੀ।

ਡੇਜ਼ੀ — ਤੇ ਹਰ ਕਿਸੇ ਦਾ ਕਈ ਨਾ ਕੋਈ ਆਪਣਾ ਹੈ ਉਨ੍ਹਾਂ 'ਚ, ਕੋਈ ਰਿਸ਼ਤੇਦਾਰ, ਭਰਾ-ਭਤੀਜਾ; ਇਹ ਗੱਲ ਹੋਰ ਮੁਸੀਬਤ ਬਣ ਜਾਣੀ।

ਬੇਰੰਜਰ — ਤਾਂ ਹਰ ਕੋਈ ਰਲ ਗਿਆ ਉਨ੍ਹਾਂ ਨਾਲ

ਡਯੂਡਾਰਡ — ਇੱਕੋ ਕਿਸ਼ਤੀ 'ਚ ਸਵਾਰ ਨੇ ਸਭ!

ਬੇਰੰਜਰ — ਪਰ ਲੋਕ ਗੇਂਡੇ ਕਿਵੇਂ ਬਣ ਸਕਦੇ ? ਸੋਚ ਕੇ ਵੀ ਝੁਣਝੁਣੀ ਆਉਂਦੀ! (ਡੇਜ਼ੀ ਨੂੰ) ਮੈਂ ਕੋਈ ਮਦਦ ਕਰਾਂ ?

ਡੇਜ਼ੀ — ਬੈਠੇ ਰਹੋ, ਆਰਾਮ ਨਾਲ। ਮੈਨੂੰ ਪਤਾ ਪਲੇਟਾਂ ਕਿੱਥੇ ਪਈਆਂ। (ਉਹ ਕੱਪਬੋਰਡ ਕੋਲ ਜਾ ਕੇ ਪਲੇਟਾਂ ਕੱਢਦੀ ਹੈ।)

ਡਯੂਡਾਰਡ — (ਖ਼ੁਦ ਨਾਲ) ਹਰ ਚੀਜ਼ ਪਤਾ, ਉਸਨੂੰ ਘਰ ਦੀ।

ਡੇਜ਼ੀ — (ਡਯੂਡਾਰਡ ਨੂੰ) ਤਿੰਨ ਜਗ੍ਹਾ ਲਿਆ ਰਹੀ ਹਾਂ ਮੈਂ, ਓਕੇ ? ਤੁਸੀਂ ਰੁਕ ਰਹੇ ਹੋ ਨਾ ?

**ਬੇਰੈਂਜਰ** ਹਾਂ-ਹਾਂ! ਰੁਕ ਰਹੇ ਨੇ

**ਡੇਜ਼ੀ** (ਬੇਰੈਂਜਰ ਨੂੰ) ਪਤਾ ਹੈ, ਕਦੋਂ ਤੁਸੀਂ ਆਦੀ ਹੋ ਜਾਂਦੇ ਹੋ। ਧਾੜਾਂ ਦੀਆਂ ਧਾੜਾਂ.. ਗੈਂਡੇ ਗਲੀਆਂ 'ਚੋਂ ਮੁੱਛਰੇ ਲੰਘਦੇ.. ਹੁਣ ਤਾਂ.. ਕੋਈ ਹੈਰਾਨ ਵੀ ਨਹੀਂ ਹੁੰਦਾ। ਉਹ ਬਸ ਥੋੜ੍ਹਾ ਸਾਈਡ 'ਤੇ ਹੋ ਜਾਂਦੇ ਤੇ ਫੇਰ.. ਚਲੋ ਚੱਲ ਜਿਵੇਂ ਕੁਝ ਹੋਇਆ ਹੀ ਨਹੀਂ।

**ਡਯੂਡਾਰਡ** ਸਭ ਤੋਂ ਸਿਆਣੀ ਗੱਲ ਇਹੋ ਹੈ।

**ਬੇਰੈਂਜਰ** ਮੈਂ ਨਹੀਂ ਆਦੀ ਹੋ ਸਕਦਾ ਇਸਦਾ।

**ਡਯੂਡਾਰਡ** (ਸੋਚਦੇ ਹੋਏ) ਮੈਂ ਸੋਚਦਾਂ ਇੱਕ ਵਾਰ ਟਰਾਈ ਨੀ ਕਰ ਕੇ ਵੇਖਣਾ ਚਾਹੀਦਾ?

**ਡੇਜ਼ੀ** ਫ਼ਿਲਹਾਲ ਲੰਚ ਕਰੋ

**ਬੇਰੈਂਜਰ** ਸਮਝ ਨਹੀਂ ਆਉਂਦਾ ਤੇਰੇ ਵਰਗਾ ਕਨੂੰਨੀ ਬੰਦਾ ਕਿਵੇਂ ਇਹ.. (ਗੈਂਡਿਆਂ ਦੇ ਹੜਦੰਗ ਦਾ ਸ਼ੋਰ ਉੱਠਦਾ ਹੈ। ਢੋਲ-ਨਗਾਰੇ ਤੇ ਵਾਜਿਆਂ ਦਾ ਸ਼ੋਰ।) ਹੋ ਕੀ ਰਿਹਾ? (ਸਾਰੇ ਡਾਊਨ ਸਟੇਜ ਵੱਲ ਦੌੜਦੇ ਹਨ।) ਕੀ ਹੈ ਕੀ?

(ਇੱਕ ਕੰਧ ਦੇ ਡਿੱਗਣ ਦੀ ਅਵਾਜ਼ ਆਉਂਦੀ ਹੈ। ਮੰਚ 'ਤੇ ਧੂੜ ਹੀ ਧੂੜ ਹੋ ਜਾਂਦੀ ਹੈ, ਸਾਰੇ ਉਸ 'ਚ ਘਿਰ ਜਾਂਦੇ ਹਨ। ਸਿਰਫ਼ ਅਵਾਜ਼ਾਂ ਸੁਣਦੀਆਂ ਹਨ।)

**ਬੇਰੈਂਜਰ** ਕੱਖ ਨਜ਼ਰ ਨਹੀਂ ਆਉਂਦਾ! ਹੋਇਆ ਕੀ ਹੈ?

**ਡਯੂਡਾਰਡ** ਦਿਖਦਾ ਨਹੀਂ, ਪਰ ਸੁਣਦਾ ਤਾਂ ਹੈ ਨਾ।

**ਬੇਰੈਂਜਰ** ਮਾੜਾ ਹੋ ਰਿਹਾ।

**ਡੇਜ਼ੀ** ਪਲੇਟਾਂ ਸਾਰੀਆਂ ਧੂੜ ਨਾਲ ਭਰ ਜਾਣੀਆਂ।

**ਬੇਰੈਂਜਰ** ਨਿਰੀ ਬੀਮਾਰੀ।

**ਡੇਜ਼ੀ** ਚਲੋ ਖਾਣਾ ਖਾਓ ਫਟਾਫਟ। ਧਿਆਨ ਈ ਨਾ ਦਿਓ ਉਨ੍ਹਾਂ ਵੱਲ। (ਧੂੜ ਬੈਠਦੀ ਹੈ।)

**ਬੇਰੈਂਜਰ** (ਦਰਸ਼ਕਾਂ ਵੱਲ ਨੂੰ ਇਸ਼ਾਰਾ ਕਰਦੇ ਹੋਏ) ਫਾਇਰ-ਸਟੇਸ਼ਨ ਦੀ ਕੰਧ ਢਾਹ 'ਤੀ ਉਨ੍ਹਾਂ ਨੇ।

**ਡੇਜ਼ੀ** ਹਾਂ, ਉਹ ਤਾਂ ਹੈ, ਉਨ੍ਹਾਂ ਢਾਹ 'ਤੀ!

**ਡੇਜ਼ੀ** (ਜਿਹੜੀ ਹੁਣ ਮੇਜ਼ ਕੋਲ ਆ ਕੇ ਪਲੇਟਾਂ ਸਾਫ਼ ਕਰਨ ਲੱਗੀ ਸੀ, ਦੌੜ ਕੇ ਉਨ੍ਹਾਂ ਕੋਲ ਜਾਂਦੀ ਹੈ।) ਉਹ ਬਾਹਰ ਆ ਰਹੇ ਨੇ।

**ਬੇਰੈਂਜਰ** ਫਾਇਰ-ਬ੍ਰਿਗੇਡ ਵਾਲੇ ਸਾਰੇ ਗੈਂਡੇ ਬਣ ਗਏ। ਪੂਰੀ ਦੀ ਪੂਰੀ ਰੈਜੀਮੈਂਟ, ਬੈਂਡ ਪਿੱਛੇ ਚੱਲ ਰਹੇ।

**ਡੇਜ਼ੀ** ਇਹ ਤਾਂ ਹੜ੍ਹ ਈ ਆ ਗਿਆ!

**ਬੇਰੈਂਜਰ** ਹੱਦ ਹੋ ਗਈ, ਪਾਣੀ ਸਿਰ ਤੋਂ ਟੱਪ ਗਿਆ।

**ਡੇਜ਼ੀ** ਓ ਕਚਹਿਰੀ ਵਾਲੇ ਪਾਸਿਓਂ ਹੋਰ ਤੁਰੀ ਆ ਰਹੀ ਪੂਰੀ, ਗੈਂਡੇ ਦੀ

ਗੈਂਡੇ।

ਬੇਰੰਜਰ — ਓ ਘਰਾਂ 'ਚੋਂ...

ਡਯੂਡਾਰਡ — ਤੇ ਖਿੜਕੀਆਂ 'ਚੋਂ ਵੀ!

ਡੇਜ਼ੀ — ਉਹ ਸਾਰੇ ਇਕੱਠੇ ਹੋ ਰਹੇ।

(ਇੱਕ ਬੰਦਾ ਪੌੜੀਆਂ 'ਚੋਂ ਛਾਲਾਂ ਮਾਰਦਾ ਦੌੜਦਾ ਹੋਇਆ ਨਿਕਲ ਜਾਂਦਾ ਹੈ, ਫੇਰ ਉਸਦੇ ਪਿੱਛੇ ਇਕ ਹੋਰ, ਜਿਸਦੀ ਨੱਕ 'ਤੇ ਵੱਡਾ ਸਾਰਾ ਸਿੰਗ ਹੈ; ਫੇਰ ਇੱਕ ਔਰਤ ਜਿਸਨੇ ਗੈਂਡੇ ਦਾ ਪੂਰਾ ਸਿਰ ਲਾਇਆ ਹੋਇਆ।)

ਡਯੂਡਾਰਡ — ਸਾਡੇ ਵਰਗਾ ਤਾਂ ਹੁਣ ਕੋਈ ਟਾਵਾਂ-ਟਾਵਾਂ ਹੀ ਬਚਿਆ

ਬੇਰੰਜਰ — ਇੱਕ ਸਿੰਗ ਵਾਲੇ ਕਿੰਨੇ ਤੇ ਦੋ ਸਿੰਗਾਂ ਵਾਲੇ ਕਿੰਨੇ?

ਡਯੂਡਾਰਡ — ਅੰਕੜਾ ਵਿਭਾਗ ਨੂੰ ਸਾਰੇ ਅੰਕੜੇ ਇਕੱਠੇ ਕਰਨੇ ਪੈਣੇ। ਬੜੇ ਸਿੰਗ ਫਸਣੇ, ਦੇਖੀਂ ਤੂੰ!

ਬੇਰੰਜਰ — ਉਹ ਸਿਰਫ਼ ਅੰਦਾਜ਼ਾ ਲਾ ਸਕਦੇ ਨੇ, ਮੋਟਾ ਮੋਟਾ। ਸਾਰਾ ਕੁਝ ਐਨੀ ਤੇਜ਼ੀ ਨਾਲ ਹੋ ਰਿਹੈ। ਹਿਸਾਬ ਲਾਉਣ ਦਾ ਸਮਾਂ ਕਿੱਥੇ ਹੈ!

ਡੇਜ਼ੀ — ਇਹ ਦਿਮਾਗ਼ ਤੁਸੀਂ ਉਨ੍ਹਾਂ ਨੂੰ ਖਪਾਉਣ ਦਿਓ। ਖਾਣਾ ਖਾ ਲਓ ਆ ਕੇ। ਥੋੜ੍ਹਾ ਆਸਰਾ ਜਿਹਾ ਤਾਂ ਹੋਵੇ। ਢਿੱਡ ਭਰਿਆ ਤੇ ਸਭ ਚੰਗਾ ਲਗਦੈ। (ਡਯੂਡਾਰਡ ਨੂੰ) ਆ ਜਾਓ ਤੁਸੀਂ ਵੀ।

(ਉਹ ਖਿੜਕੀ 'ਤੋਂ ਹੱਟਦੇ ਹਨ। ਡੇਜ਼ੀ ਬੇਰੰਜਰ ਨੂੰ ਬਾਂਹ ਤੋਂ ਫੜ ਕੇ ਲੈ ਕੇ ਜਾਂਦੀ ਹੈ, ਉਹ ਵੀ ਆਰਾਮ ਨਾਲ ਤੁਰਿਆ ਜਾਂਦਾ ਹੈ। ਡਯੂਡਾਰਡ ਅਚਾਨਕ ਰੁਕ ਜਾਂਦਾ ਹੈ।)

ਡਯੂਡਾਰਡ — ਮੈਨੂੰ ਕੋਈ ਖ਼ਾਸ ਭੁੱਖ ਨਹੀਂ, ਅੰਦਰਲੀ ਗੱਲ ਤਾਂ ਇਹ ਹੈ ਕਿ ਇਹ ਡਿੱਬਾਬੰਦ ਖਾਣਾ ਮੈਨੂੰ ਪਸੰਦ ਹੀ ਨਹੀਂ। ਮੇਰਾ ਜੀਅ ਬਾਹਰ . ਹਰੀ ਹਰੀ ਘਾਹ.. 'ਤੇ ਬਹਿ ਕੇ ਖਾਣ ਨੂੰ ਕਰਦੈ।

ਬੇਰੰਜਰ — ਸਚ ਵੀ ਨਾ! ਖ਼ਤਰਾ ਤਾਂ ਦੇਖ!

ਡਯੂਡਾਰਡ — ਪਰ ਮੈਂ ਤੁਹਾਨੂੰ ਤਕਲੀਫ਼ ਨਹੀਂ ਦੇਣੀ ਚਾਹੁੰਦਾ।

ਬੇਰੰਜਰ — ਕਿਹਾ ਨਾ ਤੁਹਾਨੂੰ.. ਅਸੀਂ

ਡਯੂਡਾਰਡ — (ਰੋਕ ਕੇ) ਮੈਂ ਸੱਚੀਂ...

ਡੇਜ਼ੀ — (ਡਯੂਡਾਰਡ) ਠੀਕ ਹੈ, ਜੇ ਤੁਸੀਂ ਸੱਚੀਂ ਜਾਣਾ ਚਾਹੁੰਦੇ ਹੋ ਤਾਂ ਜ਼ਬਰਦਸਤੀ ਕੋਈ ਨਹੀਂ।

ਡਯੂਡਾਰਡ — ਮੈਂ ਨਰਾਜ਼ ਨਹੀਂ ਕਰਨਾ ਚਾਹੁੰਦਾ ਤੁਹਾਨੂੰ.

ਬੇਰੰਜਰ — (ਡੇਜ਼ੀ ਨੂੰ) ਰੋਕੋ ਉਸਨੂੰ, ਨਹੀਂ ਜਾਣਾ ਚਾਹੀਦਾ ਉਸਨੂੰ।

ਡੇਜ਼ੀ — ਮੈਂ ਤਾਂ ਕਿਹਾ ਸੀ, ਪਰ ਹਰੇਕ ਦੀ ਹੁਣ ਆਪਣੀ ਮਰਜ਼ੀ ਹੈ।

ਬੇਰੰਜਰ — (ਡਯੂਡਾਰਡ ਨੂੰ) ਬੰਦਾ ਗੈਂਡੇ ਨਾਲੋਂ ਬੇਹਤਰ ਹੈ।

ਡਯੂਡਾਰਡ — ਮੈਂ ਨਹੀਂ ਕਹਿੰਦਾ ਕਿ ਉਹ ਸੀ ਨਹੀਂ। ਪਰ ਮੈਂ ਸੌ ਫ਼ੀਸਦੀ ਵੀ ਨਹੀਂ

ਮੰਨਦਾ ਇਹਨੂੰ। ਮੈਨੂੰ ਨਹੀਂ ਪਤਾ, ਸਿਰਫ਼ ਤਜਰਬਾ ਦਸ ਸਕਦਾ...।

ਬੇਰੰਜਰ — ਤੂੰ ਵੀ ਕਮਜ਼ੋਰ ਪੈ ਰਿਹੈਂ, ਡਯੂਡਾਰਡ। ਇਹ ਐਵੇਂ ਥੜ੍ਹੇ ਦਿਨ ਐ . ਫੇਰ ਤੂੰ ਪਛਤਾਏਂਗਾ।

ਡੇਜ਼ੀ — ਜੇ ਸਚੀਓਂ ਥੋੜ੍ਹੇ ਦਿਨ ਦੀ ਗੱਲ ਹੈ ਤਾਂ ਫੇਰ ਕੋਈ ਘਬਰਾਉਣ ਦੀ ਗੱਲ ਨਹੀਂ।

ਡਯੂਡਾਰਡ — ਮੇਰਾ ਮਨ ਕੁਝ ਡੋਲ ਰਿਹੈ। ਮੈਨੂੰ ਲਗਦੈ ਕਿ, ਸੰਕਟ ਦੀ ਇਸ ਘੜੀ, ਮੈਨੂੰ ਆਪਣੇ ਮਾਲਕਾ ਤੇ ਮਿੱਤਰਾਂ ਦੇ ਨਾਲ ਖੜ੍ਹਨਾ ਚਾਹੀਦਾ।

ਬੇਰੰਜਰ — ਤੂੰ ਕਈ ਉਨ੍ਹਾਂ ਨਾਲ ਵਿਆਹਿਆ ਨਹੀਂ...

ਡਯੂਡਾਰਡ — ਮੈਂ ਵਿਆਹ ਨਹੀ ਕੀਤਾ। ਵੱਡੇ ਬ੍ਰਹਿਮੰਡੀ ਪਰਿਵਾਰ ਖ਼ਾਤਰ ਛੋਟੇ ਤੱਛ ਪਰਿਵਾਰ ਦਾ ਤਿਆਗ ਕਰ ਦਿੱਤਾ।

ਡੇਜ਼ੀ — (ਨਰਮ ਲਹਿਜ਼ੇ 'ਚ) ਬਹੁਤ ਯਾਦ ਆਓਗੇ, ਡਯੂਡਾਰਡ; ਦਿਲ ਡੁਬੇਗਾ, ਪਰ ਕਰ ਵੀ ਕੀ ਸਕਦੇ ਹਾਂ।

ਡਯੂਡਾਰਡ — ਉਨ੍ਹਾ ਦੇ ਨਾਲ ਖੜ੍ਹੇ ਰਹਿਣਾ, ਮੇਰਾ ਫ਼ਰਜ ਹੈ, ਇਹ ਫਰਜ਼ ਨਿਭਾਉਣਾ ਪਏਗਾ।

ਬੇਰੰਜਰ — ਬਕਵਾਸ, ਸਰਾਸਰ ਗ਼ਲਤ; ਤੇਰਾ ਫ਼ਰਜ਼.. ਤੈਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਤੇਰਾ ਫ਼ਰਜ ਹੈ ਕੀ, ਤੇਰਾ ਫ਼ਰਜ਼.. ਅਮਲ 'ਚ ਹੈ . ਉਨ੍ਹਾਂ ਦੇ ਖ਼ਿਲਾਫ਼ ਡੱਟਣਾ, ਮਜ਼ਬੂਤ ਤੇ ਸਪਸ਼ਟ ਇਰਾਦੇ ਨਾਲ।

ਡਯੂਡਾਰਡ — ਆਪਣਾ ਦਿਮਾਗ਼ ਮੈਂ ਸਾਫ਼ ਰੱਖਾਂਗਾ। (ਉਹ ਮੰਚ 'ਤੇ ਗੋਲ-ਗੋਲ ਘੁੰਮਣਾ ਸ਼ੁਰੂ ਹੁੰਦਾ ਹੈ।) ਐਨਾ ਸਾਫ਼, ਜਿਵੇਂ ਹਮੇਸ਼ਾ ਰਿਹਾ। ਜੇ ਡੱਟਣਾ ਵੀ ਹੈ, ਆਲੋਚਨਾ ਵੀ ਕਰਨੀ ਹੈ ਕਿਸੇ ਦੀ ਤਾਂ ਅੰਦਰੋ ਹੋਣੀ ਚਾਹੀਦੀ ਹੈ, ਤਜਰਬੇ 'ਚੋਂ। ਮੈਂ ਉਨ੍ਹਾਂ ਨੂੰ ਨਹੀਂ ਛੱਡਣ ਲੱਗਾ। ਨਹੀ ਛੱਡਾਂਗਾ ਸਾਥ ਉਨ੍ਹਾਂ ਦਾ।

ਡੇਜ਼ੀ — ਦਿਲ ਦਾ ਬਹੁਤ ਵਧੀਆ ਸੀ ਉਹ।

ਬੇਰੰਜਰ — ਬਹੁਤ ਵਧੀਆ ਹੈ ਦਿਲ ਦਾ। (ਡਯੂਡਾਰਡ ਨੂੰ ਉਸਦੇ ਮੂਹਰੇ ਹੋ ਕੇ) ਤੂੰ ਬਹੁਤ ਵਧੀਆ ਹੈਂ ਦਿਲ ਦਾ, ਬਹੁਤ ਹੀ ਵਧੀਆ, ਗ਼ਲਤੀ ਲੱਗੀ ਹੈ ਤੈਨੂੰ। (ਡੇਜ਼ੀ ਨੂੰ) ਰੋਕ ਉਸਨੂੰ। ਗ਼ਲਤੀ ਕਰ ਰਿਹੈ ਉਹ। ਉਹ ਬੰਦਾ ਹੈ।

ਡੇਜ਼ੀ — ਮੈਂ ਕੀ ਕਰ ਸਕਦੀ ਹਾਂ?

(ਡਯੂਡਾਰਡ ਦਰਵਾਜ਼ਾ ਖੋਲ੍ਹਦਾ ਹੈ ਤੇ ਦੌੜ ਜਾਂਦਾ ਹੈ। ਉਹ ਸ਼ੂਟ ਵੱਟਦਾ ਪੌੜੀਆ ਉਤਰ ਜਾਂਦਾ ਹੈ ਤੇ ਬੇਰੰਜਰ ਪੌੜੀਆਂ 'ਤੇ ਖੜ੍ਹਾ ਮਗਰੋਂ ਅਵਾਜ਼ਾਂ ਮਾਰਦਾ ਰਹਿ ਜਾਂਦਾ ਹੈ।)

ਬੇਰੰਜਰ — ਮੁੜ ਆ, ਡਯੂਡਾਰਡ! ਰੁਕ ਜਾ, ਵਾਪਸ ਆ ਜਾ, ਤੂੰ ਤਾਂ ਸਾਡਾ ਚਹੇਤਾ ਹੈਂ..! ਬਹੁਤ ਦੇਰ ਹੋ ਗਈ। (ਵਾਪਸ ਆਉਂਦਾ ਹੈ।) ਬਹੁਤ ਦੇਰ।

| | |
|---|---|
| ਡੇਜ਼ੀ | ਅਸੀਂ ਕੁਝ ਨਹੀਂ ਕਰ ਸਕਦੇ। (ਬੇਰੰਜਰ ਦੇ ਅੰਦਰ ਆਉਣ 'ਤੇ ਉਹ ਦਰਵਾਜ਼ਾ ਬੰਦ ਕਰ ਦਿੰਦੀ ਹੈ। ਬੇਰੰਜਰ ਡਾਊਨ ਸਟੇਜ ਵਾਲੀ ਖਿੜਕੀ 'ਚੋਂ ਲਗਾਤਾਰ ਬਾਹਰ ਘੂਰ ਰਿਹਾ ਹੈ।) |
| ਬੇਰੰਜਰ | ਉਹ ਰਲ ਗਿਐ ਉਨ੍ਹਾਂ 'ਚ। ਕਿੱਥੇ ਹੈ ਉਹ ਹੁਣ? |
| ਡੇਜ਼ੀ | ਉਨ੍ਹਾਂ ਦੇ ਨਾਲ। |
| ਬੇਰੰਜਰ | ਕਿਹੜਾ ਹੈ ਉਨ੍ਹਾਂ 'ਚੋਂ? |
| ਡੇਜ਼ੀ | ਕੋਈ ਨੀ ਦਸ ਸਕਦਾ। ਤੁਸੀਂ ਹੁਣ ਪਛਾਣ ਨਹੀ ਸਕਦੇ ਉਸਨੂੰ। |
| ਬੇਰੰਜਰ | ਉਹ ਸਾਰੇ ਇੱਕੋ ਜਿਹੇ ਲੱਗਦੇ, ਹੂ-ਬ-ਹੂ। (ਡੇਜ਼ੀ ਨੂੰ) ਹਿਚਕਚਾਹਟ ਸੀ ਉਸ 'ਚ। ਤੈਨੂੰ ਧੱਕੇ ਨਾਲ ਰੋਕਣਾ ਚਾਹੀਦਾ ਸੀ ਉਸਨੂੰ |
| ਡੇਜ਼ੀ | ਮੇਰੇ 'ਚ ਹਿੰਮਤ ਨਹੀਂ ਸੀ। |
| ਬੇਰੰਜਰ | ਤੈਨੂੰ ਥੋੜ੍ਹਾ ਮਜਬੂਤੀ ਨਾਲ ਪੇਸ਼ ਆਉਣਾ ਚਾਹੀਦਾ ਸੀ ਉਹਦੇ ਨਾਲ, ਥੋੜ੍ਹੀ ਜਿਦ। ਉਹ ਪਿਆਰ ਕਰਦਾ ਸੀ ਤੇਰੇ ਨਾਲ, ਤੈਨੂੰ ਨੀ ਪਤਾ? |
| ਡੇਜ਼ੀ | ਕਦੀ ਖੁੱਲ੍ਹ ਕੇ ਤਾਂ ਕਿਹਾ ਨਹੀਂ ਉਸਨੇ... |
| ਬੇਰੰਜਰ | ਸਭ ਨੂੰ ਪਤਾ ਸੀ। ਮੁਹੱਬਤ ਦੀ ਨਕਾਮੀ ਤੋਂ ਡਰਦਾ ਉਹ ਚੁੱਪ ਰਿਹਾ। ਸੰਗਾਊ ਆਦਮੀ ਸੀ ਉਹ। ਤੇਰੇ 'ਤੇ ਪ੍ਰਭਾਵ ਪਾਉਣ ਲਈ ਉਹ ਕੁਝ ਵੱਡਾ ਕਰਨਾ ਚਾਹੁੰਦਾ .। ਕੀ ਤੇਰਾ ਜੀਅ ਨਹੀਂ ਕਰਦਾ ਕਿ ਉਸਦੇ ਪਿੱਛੇ ਜਾਵੇਂ? |
| ਡੇਜ਼ੀ | ਉੱਕਾ ਈ ਨਹੀਂ। ਨਹੀਂ ਤਾਂ ਮੈਂ ਇੱਥੇ ਨਾ ਹੁੰਦੀ! |
| ਬੇਰੰਜਰ | (ਖਿੜਕੀ 'ਚੋਂ ਬਾਹਰ ਦੇਖਦੇ ਹੋਏ) ਸਾਰੀ ਗਲੀ 'ਚ ਸਿਵਾਏ ਉਨ੍ਹਾਂ ਦੇ ਹੋਰ ਕੁਝ ਦਿਖਾਈ ਨਹੀਂ ਦਿੰਦਾ। (ਪਿਛਲੀ ਖਿੜਕੀ ਵੱਲ ਦੇਖਦਾ ਹੈ) ਹਰ ਪਾਸੇ ਓਹੀ। ਤੂੰ ਗਲਤ ਸੀ ਡੇਜ਼ੀ। (ਫੇਰ ਮੂਹਰਲੀ ਖਿੜਕੀ 'ਚੋਂ ਦੇਖਦਾ ਹੈ।) ਇੱਕ ਵੀ ਬੰਦਾ ਦਿਖਾਈ ਨੀ ਦਿੰਦਾ, ਜਿੱਥੇ ਤਾਈਂ ਨਜ਼ਰ ਜਾਂਦੀ, ਸਭ ਪਾਸੇ ਉਹੀ ਨੇ। ਅੱਧੇ ਇੱਕ-ਸਿੰਗੇ ਤੇ ਅੱਧੇ ਦੋ-ਸਿੰਗੇ, ਇਹੋ ਇੱਕ -ਇੱਕ ਫਰਕ ਹੈ। |

(ਗੈਂਡਿਆਂ ਦੇ ਲੰਘਣ ਦਾ ਸ਼ੋਰ ਉੱਭਰਦਾ ਹੈ, ਪਰ ਉਸ ਵਿੱਚ ਹੁਣ ਇੱਕ ਤਰ੍ਹਾਂ ਦਾ ਸੰਗੀਤ ਹੈ। ਸਟੇਜ ਦੇ ਉੱਪਰ ਵਾਲੀ ਖਿੜਕੀ 'ਚੋਂ ਗੈਂਡਿਆ ਦੇ ਬੜੇ ਵੰਨ-ਸੁਵੰਨੇ ਸਿਰ ਨਿਕਲਦੇ ਹਨ। ਉਨ੍ਹਾਂ ਦੀ ਗਿਣਤੀ ਨਿਰੰਤਰ ਵੱਧਦੀ ਹੀ ਜਾ ਰਹੀ ਹੈ। ਜਿਉਂ ਜਿਉਂ ਨਾਟਕ ਖ਼ਤਮ ਹੋਣ ਵੱਲ ਵੱਧਦਾ ਹੈ, ਉਨ੍ਹਾਂ ਦੇ ਰੁਕਣ ਦਾ ਸਮਾਂ ਵੱਧਦਾ ਜਾਂਦਾ ਹੈ। ਅਖ਼ੀਰ ਤੱਕ ਉਹ ਪਿਛਲੀ ਪੂਰੀ ਕੰਧ ਨੂੰ ਢਕ ਦਿੰਦੇ ਹਨ, ਤੇ ਉੱਥੇ ਅਹਿੱਲ ਖੜ੍ਹੇ ਰਹਿੰਦੇ ਹਨ। ਆਪਣੀ ਦੈਂਤਾ ਵਾਲੀ ਦਿੱਖ ਦੇ ਬਾਵਜੂਦ, ਲੱਗਦਾ ਹੈ ਗੈਂਡਿਆਂ ਦੇ ਸਿਰ ਹੁਣ ਸੋਹਣੇ ਹੁੰਦੇ

ਜਾ ਰਹੇ ਹਨ।)

**ਬੇਰੰਜਰ** ਨਿਰਾਸ਼ ਨਾ ਹੋਈਂ ਡੇਜ਼ੀ, ਤੂੰ ਹੋ ਰਹੀ ਹੈਂ ? ਪਛਤਾਵਾ ਤਾਂ ਨਹੀਂ, ਨਾ ?

**ਡੇਜ਼ੀ** ਨਹੀਂ, ਬਿਲਕੁਲ ਨਹੀਂ।

**ਬੇਰੰਜਰ** ਮੈਂ ਤੈਨੂੰ ਹਰ ਸੁਖ ਅਰਾਮ ਦੇਣਾ ਚਾਹੁੰਦਾਂ। ਡੇਜ਼ੀ, ਮੈਂ ਤੈਨੂੰ ਪ੍ਰੇਮ ਕਰਦਾਂ; ਮੈਨੂੰ ਛੱਡ ਕੇ ਨਾ ਜਾਈਂ ਕਦੇ ਵੀ...

**ਡੇਜ਼ੀ** ਡਾਰਲਿੰਗ! ਖਿੜਕੀ ਬੰਦ ਕਰ ਦਿਓ। ਕਿੰਨਾ ਸ਼ੋਰ ਕਰ ਰਹੇ ਨੇ ਉਹ। ਘੱਟਾ ਇਥੇ ਤੱਕ ਆ ਰਿਹਾ ਹੈ। ਸਭ ਗੰਦਾ ਹੋ ਜਾਣੈ।

**ਬੇਰੰਜਰ** ਹਾਂ ਹਾਂ (ਹੇਠਲੀ ਖਿੜਕੀ ਬੰਦ ਕਰਦਾ ਹੈ। ਡੇਜ਼ੀ ਉਪਰਲੀ ਖਿੜਕੀ ਬੰਦ ਕਰਦੀ ਹੈ। ਦੋਹੇਂ ਸੈਂਟਰ-ਸਟੇਜ 'ਤੇ ਇਕੱਠੇ ਹੁੰਦੇ ਹਨ।) ਜਿੰਨੀ ਦੇਰ ਤੱਕ ਅਸੀਂ ਇਕੱਠੇ ਹਾਂ, ਮੈਨੂੰ ਕਿਸੇ ਚੀਜ਼ ਦਾ ਡਰ ਨਹੀਂ। ਕਝ ਪਰਵਾਹ ਨਹੀਂ, ਕੀ ਹੁੰਦਾ...। ਤੈਨੂੰ ਪਤਾ ਡੇਜ਼ੀ, ਮੈਨੂੰ ਨਹੀਂ ਸੀ ਲੱਗਦਾ ਕਿ ਮੈਂ ਮੁੜ ਕਦੇ ਪਿਆਰ ਕਰ ਪਾਵਾਂਗਾ। (ਉਸਦਾ ਹੱਥ ਫੜ ਲੈਂਦਾ ਹੈ, ਤੇ ਬਾਹਾਂ ਸਹਿਲਾਉਂਦਾ ਹੈ।)

**ਡੇਜ਼ੀ** ਦੇਖਿਆ ਨਾ, ਹਰ ਚੀਜ਼ ਮੁਮਕਿਨ ਹੈ।

**ਬੇਰੰਜਰ** ਮੈਂ ਤੈਨੂੰ ਕਿੰਨਾ ਖ਼ੁਸ਼ ਵੇਖਣਾ ਚਾਹੁੰਦਾ। ਕੀ ਤੈਨੂੰ ਲਗਦੈ ਤੂੰ ਮੇਰੇ ਨਾਲ ਖ਼ੁਸ਼ ਰਹਿ ਸਕਦੀ ਹੈਂ ?

**ਡੇਜ਼ੀ** ਕਿਉਂ ਨਹੀਂ ? ਜੇ ਤੂੰ ਖ਼ੁਸ਼ ਏਂ ਤਾਂ ਮੈਂ ਵੀ ਖ਼ੁਸ਼ ਰਹਾਂਗੀ। ਤੂੰ ਕਿਹਾ ਕਿਸੇ ਤੋਂ ਡਰ ਨਹੀਂ ਲੱਗਦਾ ਤੈਨੂੰ, ਪਰ ਅਸਲ 'ਚ ਤੂੰ ਹਰ ਚੀਜ਼ ਤੋਂ ਡਰਦਾਂ। ਕੀ ਹੋ ਸਕਦਾ ਹੈ ਸਾਨੂੰ ?

**ਬੇਰੰਜਰ** (ਹਕਲਾਂਦਾ ਹੈ) ਓ ਡੇਜ਼ੀ ਮਾਈ ਲਵ, ਮੇਰੀ ਪਿਆਰੀ.. ਆਪਣੇ ਬੁੱਲ੍ਹਾਂ ਨੂੰ ਚੁੰਮਣ ਦੇ ਮੈਨੂੰ। ਸੁਫ਼ਨੇ 'ਚ ਵੀ ਨੀ ਸੀ ਸੋਚਿਐ ਕਿ ਮੈਂ ਹਾਲੇ ਵੀ ਏਨਾ ਜਜ਼ਬਾਤੀ ਹੋ ਸਕਦਾਂ!

**ਡੇਜ਼ੀ** ਹੁਣ ਤੈਨੂੰ ਥੋੜ੍ਹਾ ਸ਼ਾਂਤ ਹੋਣਾ ਚਾਹੀਦਾ, ਥੋੜ੍ਹਾ ਧੈਰਜ ਸਿਹ।

**ਬੇਰੰਜਰ** ਹਾਂ-ਹਾਂ, ਚੁੰਮਣ ਤਾਂ ਦੇ ਇੱਕ।

**ਡੇਜ਼ੀ** ਊਂ ਹੂੰ ਮੈਂ ਬਹੁਤ ਥੱਕ ਗਈ ਹਾਂ। ਦਿਮਾਗ ਥੋੜ੍ਹਾ ਠੰਡਾ ਰੱਖ ਤੇ ਦਿਲ ਟਿਕਾਣੇ। ਇਥੇ ਬੈਠ... ਅਰਾਮਕੁਰਸੀ 'ਤੇ।

(ਬੇਰੰਜਰ ਖ਼ੁਦ ਨੂੰ ਉਸਦੇ ਹਵਾਲੇ ਕਰ ਦਿੰਦਾ ਹੈ ਤੇ ਡੇਜ਼ੀ ਉਸਨੂੰ ਅਰਾਮਕੁਰਸੀ 'ਤੇ ਬਿਠਾਉਂਦੀ ਹੈ।)

**ਬੇਰੰਜਰ** ਜੋ ਵੀ ਸਾਹਮਣੇ ਆ ਰਿਹੈ, ਡਯੂਡਾਰਡ ਤੇ ਬੋਟਾਰਡ ਦੇ ਝਗੜੇ ਦਾ ਤਾਂ ਕੋਈ ਮੁੱਦਾ ਹੀ ਕੋਈ ਨਹੀਂ ਰਿਹਾ।

**ਡੇਜ਼ੀ** ਦਫ਼ਾ ਕਰ ਹੁਣ ਡਯੂਡਾਰਡ ਨੂੰ ਜਾਣ ਦੇ। ਮੈਂ ਹਾਂ ਨਾ ਤੇਰੇ ਕੋਲ। ਦੂਜਿਆਂ ਦੀ ਜ਼ਿੰਦਗੀ 'ਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਸਾਨੂੰ।

**ਬੇਰੰਜਰ** ਪਰ ਤੂੰ ਮੇਰੇ ਜੀਵਨ 'ਚ ਦੇ ਰਹੀ ਹੈਂ। ਤੈਨੂੰ ਪਤੈ ਮੇਰੇ ਨਾਲ ਕਿਵੇਂ ਪੇਸ਼ ਆਉਣੈ।

ਡੇਜ਼ੀ ਇਹ ਉਹ ਗੱਲ ਨਹੀਂ ਹੈ, ਮੈਂ ਕਦੇ ਡਯੂਡਾਰਡ ਨੂੰ ਪਿਆਰ ਨਹੀਂ ਕੀਤਾ।

ਬੇਰੰਜਰ ਮੈਂ ਸਮਝ ਰਿਹਾਂ ਤੇਰਾ ਮਤਲਬ। ਜੇ ਉਹ ਰੁਕਦਾ ਤਾਂ ਹਮੇਸ਼ਾ ਉਸਨੇ ਸਾਡੇ ਦਰਮਿਆਨ ਅੜਚਨ ਬਣੇ ਰਹਿਣਾ ਸੀ। ਆਹ! ਖ਼ੁਸ਼ੀ ਵੀ ਕਿੰਨੀ ਸੁਆਰਥੀ ਚੀਜ਼ ਹੈ!

ਡੇਜ਼ੀ ਖ਼ੁਸ਼ੀ ਲਈ ਲੜਨਾ ਪੈਂਦਾ। ਤੈਨੂੰ ਨੀ ਲਗਦੈ?

ਬੇਰੰਜਰ ਮੈਂ ਤੇਰਾ ਉਪਾਸ਼ਕ ਹਾਂ ਡੇਜ਼ੀ, ਪ੍ਰਸ਼ੰਸਕ।

ਡੇਜ਼ੀ ਜਦੋਂ ਥੋੜ੍ਹਾ ਹੋਰ ਚੰਗੀ ਤਰ੍ਹਾਂ ਜਾਣ ਲਏਂਗਾ ਤਾਂ ਹੋ ਸਕਦਾ ਇਹ ਕਹਿਣਾ ਮੁਸ਼ਕਿਲ ਹੋ ਜਾਏ।

ਬੇਰੰਜਰ ਜਿੰਨਾ ਜਾਣਦਾ ਜਾਂਦਾ ਹਾਂ ਓਨੀ ਹੀ ਹੋਰ ਚੰਗੀ ਲੱਗਦੀ ਏਂ: ਤੂੰ ਐਨੀ ਸੋਹਣੀ ਏਂ, ਐਨੀ ਖ਼ੂਬਸੂਰਤ। (ਹੋਰ ਗੈਂਡਿਆਂ ਦੇ ਲੰਘਣ ਦੀਆਂ ਅਵਾਜ਼ਾਂ।) ਖ਼ਾਸ ਤੌਰ 'ਤੇ ਉਨ੍ਹਾਂ ਦੇ ਮੁਕਾਬਲੇ... (ਖਿੜਕੀ ਵੱਲ ਇਸ਼ਾਰਾ ਕਰਦਾ ਹੈ।) ਤੈਨੂੰ ਲੱਗ ਸਕਦੈ ਕਿ ਇਹ ਕੋਈ ਤਰੀਫ਼ ਨਹੀਂ, ਪਰ ਉਨ੍ਹਾਂ ਨੂੰ ਦੇਖ ਕੇ ਤੂੰ ਹੋਰ ਸੋਹਣੀ ਲੱਗਣ ਲੱਗੀ ਏਂ ਕਿਤੇ ਵੱਧ ਸੋਹਣੀ।

ਡੇਜ਼ੀ ਹੋਸ਼ 'ਚ ਤਾਂ ਹੈਂ, ਅੱਜ ਕੁਝ..? ਬਰਾਂਡੀ ਨਹੀਂ ਲਈ?

ਬੇਰੰਜਰ ਓ ਹਾਂ, ਬਿਲਕੁਲ ਹੋਸ਼ 'ਚ ਹਾਂ।

ਡੇਜ਼ੀ ਸੱਚ, ਬਿਲਕੁਲ?

ਬੇਰੰਜਰ ਹਾਂ, ਬਿਲਕੁਲ, ਯਕੀਨ ਕਰ..

ਡੇਜ਼ੀ ਕੀ ਮੈਂ ਕਰ ਸਕਦੀ ਹਾਂ, ...ਤੂੰ?

ਬੇਰੰਜਰ (ਥੋੜ੍ਹਾ ਘਬਰਾ ਜਾਂਦਾ ਹੈ) ਓ ਹਾਂ, ਤੈਨੂੰ ਯਕੀਨ ਕਰਨਾ ਚਾਹੀਦਾ ਮੇਰੇ 'ਤੇ..

ਡੇਜ਼ੀ ਠੀਕ ਹੈ ਫੇਰ, ਛੋਟੀ ਜਿਹੀ ਗਿਲਾਸੀ ਲੈ ਲੈ। ਚੰਗੀ ਰਹੇਗੀ, ਮੂਡ ਥੋੜ੍ਹਾ ਖਿੜ ਜਾਏਗਾ। (ਬੇਰੰਜਰ ਉੱਠਣ ਲੱਗਦਾ ਹੈ।) ਰਹਿਣ ਦੇ, ਬੈਠਾ ਰਹਿ ਬਸ। ਬੋਤਲ ਕਿੱਥੇ ਹੈ?

ਬੇਰੰਜਰ ਓ ਉਥੇ, ਛੋਟੀ ਮੇਜ਼ 'ਤੇ।

ਡੇਜ਼ੀ (ਮੇਜ਼ ਕੋਲ ਜਾ ਕੇ ਬੋਤਲ ਤੇ ਗਿਲਾਸ ਚੁੱਕਦੀ ਹੈ।) ਬੜੀ ਸੋਹਣੀ ਲੁਕਾ ਕੇ ਰੱਖੀ ਹੈ।

ਬੇਰੰਜਰ ਐਵੇਂ ਦੇਖ ਕੇ ਮਨ ਕਰਨ ਲੱਗ ਪੈਂਦਾ।

ਡੇਜ਼ੀ (ਛੋਟਾ ਜਿਹਾ ਪੈੱਗ ਬਣਾਉਂਦੀ ਹੈ) ਬੜਾ ਸ਼ਰੀਫ ਬੱਚਾ ਬਣ ਗਿਐਂ.. ਤੂੰ। ਸੁਧਰ ਰਿਹੈਂ ਹੁਣ।

ਬੇਰੰਜਰ ਤੇਰੇ ਨਾਲ ਹਾਂ, ਹੋਰ ਵੀ ਬੰਦਾ ਬਣ ਜਾਵਾਂਗਾ।

ਡੇਜ਼ੀ ਤੂੰ ਹੈਂ। (ਗਿਲਾਸ ਫੜਾਉਂਦੇ ਹੋਏ) ਇਹ ਤੇਰਾ ਇਨਾਮ।

ਬੇਰੰਜਰ (ਇੱਕੋ ਘੁੱਟ 'ਚ ਪੀ ਜਾਂਦਾ ਹੈ) ਸ਼ੁਕਰੀਆ। (ਖ਼ਾਲੀ ਗਿਲਾਸ ਡੇਜ਼ੀ

ਨੂੰ ਫੜਾਉਂਦਾ ਹੈ।)

ਡੇਜ਼ੀ — (ਲਾਡ ਨਾਲ) ਊਂ ਹੂੰਅ, ਬਸ ਅੱਜ ਲਈ ਏਨੀ ਬਹੁਤ ਹੈ। (ਉਹ ਗਿਲਾਸ ਤੇ ਬੋਤਲ ਮੁੜ ਕੇ ਮੇਜ਼ 'ਤੇ ਰੱਖ ਦਿੰਦੀ ਹੈ।) ਮੈਂ ਨਹੀਂ ਚਾਹੁੰਦੀ ਕਿ ਇਹ ਤੈਨੂੰ ਬੀਮਾਰ ਕਰੇ। (ਮੁੜ ਕੇ ਉਸ ਕੋਲ ਆਉਂਦੀ ਹੈ।) ਸਿਰਦਰਦ ਕਿਵੇਂ ਹੈ ਹੁਣ ?

ਬੇਰੰਜਰ — ਹੁਣ ਤਾਂ ਬਹੁਤ ਆਰਾਮ ਹੈ।

ਡੇਜ਼ੀ — ਫੇਰ ਪੱਟੀ ਉਤਾਰ ਦਿੰਦੇ ਹਾਂ। ਬਿਲਕੁਲ ਨਹੀਂ ਫੱਬਦੀ ਤੈਨੂੰ। (ਪੱਟੀ ਉਤਾਰਨ ਲੱਗਦੀ ਹੈ।)

ਬੇਰੰਜਰ — (ਹੱਥ ਫੜਦਾ ਹੈ।) ਓ ਨਹੀਂ, ਇਸਨੂੰ ਰਹਿਣ ਦੇ।

ਡੇਜ਼ੀ — ਕੀ ਨਿਆਣਪੁਣਾ, ਲਾਹ ਦੇ ਹੁਣ ਇਸਨੂੰ।

ਬੇਰੰਜਰ — ਮੈਨੂੰ ਡਰ ਲਗਦੈ.. ਜੇ ਥੱਲੇ ਕੁਝ ਹੋਇਆ।

ਡੇਜ਼ੀ — (ਧੱਕੇ ਨਾਲ ਪੱਟੀ ਲਾਹ ਦਿੰਦੀ ਹੈ।) ਤੂੰ ਐਵੇਂ ਹਮੇਸ਼ਾ ਡਰਿਆ ਰਹਿੰਦੈ, ਮਾੜਾ ਈ ਸੋਚਦਾਂ ਹਰ ਵੇਲੇ! ਕੁਝ ਨਹੀਂ ਇੱਥੇ, ਵੇਖ ਲੈ। ਤੇਰਾ ਮੱਥਾ ਬਿਲਕੁਲ ਪੱਧਰਾ.. ਬੱਚੇ ਵਰਗਾ।

ਬੇਰੰਜਰ — (ਮੱਥੇ ਨੂੰ ਛੂਹ ਕੇ ਦੇਖਦਾ ਹੈ) ਹੂੰ.., ਤੂੰ ਠੀਕ ਹੈਂ! ਇਹ ਕਮਤਰੀ ਦੇ ਮੇਰੇ ਅਹਿਸਾਸ, ਤੂੰ ਖੋਰ ਰਹੀ ਏਂ ਇਨ੍ਹਾਂ ਨੂੰ। (ਡੇਜ਼ੀ ਉਸਦਾ ਮੱਥਾ ਚੁੰਮਦੀ ਹੈ।) ਕੀ ਕਰਾਂਗਾ ਮੈਂ ਤੇਰੇ ਬਗੈਰ ?

ਡੇਜ਼ੀ — ਮੈਂ ਹੁਣ ਕਦੇ ਇਕੱਲਾ ਨਹੀਂ ਛੱਡਾਂਗੀ ਤੈਨੂੰ।

ਬੇਰੰਜਰ — ਹੁਣ ਤੇਰੇ ਨਾਲ ਹਾਂ ਤਾਂ ਕੋਈ ਡਰ ਨਹੀਂ ਸਤਾਉਂਦਾ ਮੈਨੂੰ।

ਡੇਜ਼ੀ — ਮੈਂ ਹਮੇਸ਼ਾ ਦੂਰ ਰੱਖਾਂਗੀ ਉਨ੍ਹਾ ਨੂੰ।

ਬੇਰੰਜਰ — ਅਸੀਂ 'ਕੱਠੇ ਕਿਤਾਬਾਂ ਪੜ੍ਹਾਂਗੇ। ਮੈਂ ਹੁਸ਼ਿਆਰ ਹੋ ਜਾਵਾਂਗਾ।

ਡੇਜ਼ੀ — ਹੁਣ ਤਾਂ ਰਸ ਵੀ ਕੋਈ ਨਹੀਂ ਲੋਕਾਂ ਦਾ, ਖ਼ੂਬ ਲੰਬੀ ਸੈਰ 'ਤੇ ਜਾਇਆ ਕਰਾਂਗੇ ਅਸੀਂ।

ਬੇਰੰਜਰ — ਹਾਂ, ਰਾਇਨ ਦ ਕੰਢੇ-ਕੰਢੇ, ਤੇ ਲਗਜ਼ਮਬਰਗ ਦੇ ਬਾਗਾਂ 'ਚ ..

ਡੇਜ਼ੀ — ਤੇ ਚਿੜੀਆਘਰ ਵੀ.

ਬੇਰੰਜਰ — ਮੈਂ ਤਕੜਾ ਹੋ ਜਾਵਾਂਗਾ ਤੇ ਬਹਾਦਰ। ਹਰ ਮਸੀਬਤ ਤੋਂ ਮਹਿਫ਼ੂਜ਼ ਰੱਖਾਂਗਾ ਤੈਨੂੰ।

ਡੇਜ਼ੀ — (ਪਿਆਰ ਨਾਲ) ਮੈਨੂੰ ਬਚਾਉਣ ਦੀ ਨੌਬਤ ਨਹੀਂ ਆਏਗੀ, ਨਲਾਇਕ! ਅਸੀਂ ਕਿਸੇ ਦਾ ਬੁਰਾ ਨਹੀਂ ਸੋਚਦੇ। ਤਾਂ ਸਾਡਾ ਕੋਈ ਬੁਰਾ ਕਿਉਂ ਸੋਚੇਗਾ, ਹੂੰ!

ਬੇਰੰਜਰ — ਕਈ ਵਾਰ ਪਤਾ ਵੀ ਨਹੀਂ ਚੱਲਦਾ, ਪਰ ਨੁਕਸਾਨ ਹੋ ਜਾਂਦਾ, ਜਾਂ ਅਸੀਂ ਖਸ ਹੋਣ ਦਿੰਦੇ ਹਾਂ.. ਰੋਕਦੇ ਨਹੀਂ। ਮੈਨੂੰ ਪਤੈ ਕਿ ਤੂੰ ਉਸ ਬੇਚਾਰੇ ਪੈਪਿਲੋਂ ਨੂੰ ਪਸੰਦ ਨਹੀਂ ਸੀ ਕਰਦੀ, ਪਰ ਤੈਨੂੰ ਓਦਣ ਐਂ ਟੁੱਟ ਕੇ ਨਹੀਂ ਸੀ ਪੈਣਾ ਚਾਹੀਦਾ ਉਹਨੂੰ, ਜਿੱਦਣ ਬਿਊਫ਼ ਗੈਂਡਾ

ਬਣਿਆ ਸੀ। ਤੈਨੂੰ ਇਹ ਜਤਾਉਣ ਦੀ ਲੋੜ ਨਹੀਂ ਸੀ ਕਿ ਉਸਦੇ ਹੱਥ ਕਿੰਨੇ ਖੁਰਦਰੇ ਨੇ।

ਡੇਜ਼ੀ — ਸਚਾਈ ਇਹੋ ਹੈ, ਉਸਦੇ ਹੱਥਾਂ ਨੂੰ ਕੰਡੇ..

ਬੇਰੰਜਰ — ਮੈਨੂੰ ਪਤੈ.. ਡਾਰਲਿੰਗ.. ਇਵੇਂ ਹੈ! ਪਰ ਇੰਨਾ ਚੁੱਭਵੇਂ ਹੋਣ ਤੋਂ ਬਿਨਾ ਵੀ ਕਿਹਾ ਜਾ ਸਕਦਾ ਸੀ, ਉਸਦੇ ਜਜ਼ਬਾਤਾਂ ਨੂੰ ਸੱਟ ਲਾਏ ਬਗੈਰ। ਇਸਦਾ ਬੜਾ ਮਾੜਾ ਅਸਰ ਪਿਆ ਉਸਤੇ।

ਡੇਜ਼ੀ — ਇੱਦਾਂ ਲੱਗਦਾ ਤੈਨੂੰ?

ਬੇਰੰਜਰ — ਉਸਨੇ ਜਾਹਿਰ ਨਹੀਂ ਕੀਤਾ; ਉਸ ਲਈ ਬਹੁਤ ਔਖਾ ਹੋਏਗਾ ਇਹ ਮੰਨਣਾ, ਪਰ ਗੱਲ ਸਿੱਧੀ ਦਿਲ 'ਤੇ ਲੱਗੀ ਸੀ। ਇਸਨੇ ਉਸਦੇ ਨਿਰਣੇ 'ਤੇ ਲਾਜਮੀ ਅਸਰ ਪਾਇਆ ਹੋਏਗਾ। ਸ਼ਾਇਦ ਤੂੰ ਉਸਨੂੰ ਬਚਾ ਪਾਉਂਦੀ।

ਡੇਜ਼ੀ — ਮੈਂ ਇਹ ਕਿਵੇਂ ਦੇਖ ਸਕਦੀ ਸੀ ਕਿ ਉਸ ਨਾਲ ਕੀ ਵਾਪਰਣ ਵਾਲਾ ਹੈ.. ਨਾਲੇ ਕਿੰਨਾ ਬਦਤਮੀਜ ਸੀ ਉਹ।

ਬੇਰੰਜਰ — ਮੈਂ ਖੁਦ ਨੂੰ ਵੀ ਕਦੇ ਮਾਫ਼ ਨਹੀਂ ਕਰ ਪਾਵਾਂਗਾ, ਜੋਨ ਨਾਲ ਮੈਂ ਚੰਗਾ ਨਹੀਂ ਕੀਤਾ। ਮੈਂ ਕਦੇ ਉਸਨੂੰ ਆਪਣੀ ਦੋਸਤੀ ਦਾ ਠੋਸ ਸਬੂਤ ਦੇ ਹੀ ਨਹੀਂ ਪਾਇਆ, ਜੋ ਮੇਰੇ ਦਿਲ 'ਚ ਸੀ। ਮੈਂ ਉਸ ਨਾਲ ਨਿਭਾ ਹੀ ਨਹੀਂ ਸਕਿਆ।

ਡੇਜ਼ੀ — ਕਿਉਂ ਫ਼ਾਲਤੂ ਬੋਝ ਪਾਇਆ। ਜੋ ਤੂੰ ਕਰ ਸਕਦਾ ਸੀ ਕੀਤਾ। ਨਾਮੁਮਕਿਨ ਨੂੰ ਕੋਈ ਮੁਮਕਿਨ ਨਹੀਂ ਕਰ ਸਕਦਾ। ਹੁਣ ਆਪਣੇ ਆਪ ਨੂੰ ਕੋਸਣ ਦਾ ਕੋਈ ਮਤਲਬ ਨਹੀਂ। ਹੁਣ ਇਨ੍ਹਾਂ ਸਾਰਿਆਂ ਬਾਰੇ ਸੋਚਣਾ ਬੰਦ ਕਰ। ਭੁੱਲ ਜਾ ਉਨ੍ਹਾਂ ਨੂੰ। ਸਾਰੀਆਂ ਮਾੜੀਆਂ ਯਾਦਾਂ ਦਿਮਾਗ 'ਚੋਂ ਕੱਢ ਦੇ।

ਬੇਰੰਜਰ — ਪਰ ਉਹ ਆ ਰਹੀਆਂ.. ਵਾਰ-ਵਾਰ। ਉਹ ਬਹੁਤ ਠੋਸ ਨੇ।

ਡੇਜ਼ੀ — ਮੈਨੂੰ ਨਹੀਂ ਸੀ ਪਤਾ ਕਿ ਤੂੰ ਐਨਾ ਹਕੀਕਤਪਸੰਦ ਏਂ, ਮੈਨੂੰ ਤਾਂ ਬੜਾ ਸ਼ਾਇਰਾਨਾ ਲੱਗਾ ਸੀ। ਤੇਰੀ ਕਲਪਨਾ ਨੂੰ ਕੀ ਹੋਇਆ? ਹਕੀਕਤ ਦੇ ਕਈ ਪਹਿਲੂ ਹੁੰਦੇ। ਉਸਨੂੰ ਚੁਣ ਜੋ ਤੇਰੇ ਲਈ ਸਭ ਤੋਂ ਢੁੱਕਵਾਂ ਹੈ। ਕਲਪਨਾਵਾਂ ਦੀ ਦੁਨੀਆਂ 'ਚ ਲੁਕ ਜਾ...

ਬੇਰੰਜਰ — ਕਹਿਣਾ ਆਸਾਨ ਐ।

ਡੇਜ਼ੀ — ਕੀ ਮੈਂ ਤੇਰੇ ਲਈ ਕਾਫ਼ੀ ਨਹੀਂ?

ਬੇਰੰਜਰ — ਓ ਹਾਂ, ਤੂੰ ਤੇ ਕਾਫ਼ੀ ਤੋਂ ਕਿਤੇ ਜ਼ਿਆਦਾ ਏਂ!

ਡੇਜ਼ੀ — ਜੇ ਤੂੰ ਐਂ ਈ ਮਨ 'ਤੇ ਬੋਝ ਪਾਈ ਰੱਖਿਆ ਤਾਂ ਬਰਬਾਦ ਕਰ ਬੈਠੇਂਗਾ ਸਭ। ਘਾਟਾਂ ਹਰ ਬੰਦੇ 'ਚ ਹੁੰਦੀਆਂ ਨੇ, ਪਰ ਤੇਰੇ 'ਚ, ਮੇਰੇ 'ਚ ਕਿਤੇ ਘੱਟ ਨੇ ਹੋਰਾਂ ਨਾਲੋਂ।

ਬੇਰੰਜਰ — ਕੀ ਤੈਨੂੰ ਸੱਚੀਂ ਲੱਗਦਾ ਏਦਾਂ?

ਡੇਜ਼ੀ
ਅਸੀਂ ਬਹੁਤਿਆ ਨਾਲੋਂ ਚੰਗੇ ਹਾਂ। ਭਲੇ ਲੋਕ ਹਾਂ, ਅਸੀਂ ਦੋਹਾਂ।

ਬੇਰੰਜਰ
ਹਾਂ, ਇਹ ਤਾਂ ਹੈ, ਤੂੰ ਕਿੰਨੀ ਨੇਕ ਏਂ ਤੇ ਮੈਂ ਵੀ, ਹਾਂ। ਇਹ ਤਾਂ ਹੈ।

ਡੇਜ਼ੀ
ਫੇਰ ਸਾਨੂੰ ਜਿਊਣ ਦਾ ਹੱਕ ਤਾਂ ਹੈ ਨਾ। ਸਾਡੀ ਆਪਣੇ ਵੱਲ ਵੀ ਕੋਈ ਜਿੰਮਵਾਰੀ ਬਣਦੀ ਹੈ, ਹਰ ਹਾਲ 'ਚ ਖੁਸ਼ ਰਹਿਣ ਦੀ! ਗੁਨਾਹ ਦਾ ਅਹਿਸਾਸ ਤਾਂ ਕੀਟਾਣੂ ਹੈ ਇੱਕ। ਇਸਤੋਂ ਸਾਫ਼ ਹੈ ਕਿ ਕਿਤੇ ਕੋਈ ਖੋਟ ਹੈ।

ਬੇਰੰਜਰ
ਤੇਰੀ ਗੱਲ ਸਹੀ ਹੈ. ਇਹ ਓਧਰ ਨੂੰ ਲਿਜਾ ਸਕਦੈ (ਉਹ ਖਿੜਕੀ ਵੱਲ ਇਸ਼ਾਰਾ ਕਰਦਾ ਹੈ ਜਿਸ ਦੇ ਥੱਲਿਓਂ ਗੈਂਡੇ ਲੰਘ ਰਹੇ ਹਨ ਤੇ ਫੇਰ ਪਿਛਲੀ ਕੰਧ ਵੱਲ ਜਿੱਥੋਂ ਗੈਂਡਿਆਂ ਦੇ ਹੋਰ ਵੀ ਸਿਰ ਲੱਗ ਗਏ ਹਨ।)... ਉਨ੍ਹਾਂ 'ਚੋਂ ਵੀ ਬਹੁਤਿਆਂ ਦੀ ਸ਼ੁਰੂਆਤ ਐਂ ਹੀ ਹੋਈ ਸੀ।

ਡੇਜ਼ੀ
ਅਸੀਂ ਕੋਸ਼ਿਸ਼ ਕਰਾਂਗੇ ਤੇ ਬਿਲਕੁਲ ਵੀ ਗੁਨਾਹਗਾਰ ਨਹੀਂ ਮਹਿਸੂਸ ਕਰਾਂਗੇ।

ਬੇਰੰਜਰ
ਤੂੰ ਕਿੰਨੀ ਸਹੀ ਹੈਂ, ਗ਼ਜਬ ਹੈਂ, ਮੇਰਾ ਪਿਆਰ ਮੇਰੀ ਸਾਰੀ ਖੁਸ਼ੀ, ਮੇਰੇ ਜੀਵਨ ਦੀ ਰੌਸ਼ਨੀ, ਤੇ ਅਸੀਂ ਇਕੱਠੇ ਹਾ, ਹਾ ਨਾ? ਕੋਈ ਸਾਨੂੰ ਜੁਦਾ ਨਹੀਂ ਕਰ ਸਕਦਾ। ਸਾਡਾ ਪਿਆਰ ਹੀ ਇੱਕ-ਇੱਕ ਸੱਚਾਈ ਹੈ। ਕਿਸੇ ਨੂੰ ਇਹ ਹੱਕ ਨਹੀਂ ਕਿ ਉਹ ਸਾਨੂੰ ਖ਼ੁਸ਼ ਹੋਣ ਤੋਂ ਰੋਕੇ ਕੋਈ ਨਹੀਂ ਰੋਕ ਸਕਦਾ, ਰੋਕ ਸਕਦੈ ਕੋਈ? (ਫੋਨ ਦੀ ਘੰਟੀ ਵੱਜਦੀ ਹੈ) ਕੌਣ ਹੋ ਸਕਦਾ ਹੈ?

ਡੇਜ਼ੀ
(ਡਰੀ ਹੋਈ) ਨਹੀਂ ਚੱਕਣਾ ..!

ਬੇਰੰਜਰ
ਕਿਉਂ?

ਡੇਜ਼ੀ
ਪਤਾ ਨਹੀਂ; ਪਰ ਮੈਨੂੰ ਲੱਗਦਾ ਹੈ ਕਿ ਇਹੋ ਠੀਕ ਰਹੇਗਾ

ਬੇਰੰਜਰ
ਪੈਪਿਲੋਂ ਵੀ ਹੋ ਸਕਦੈ, ਬੋਟਾਰਡ, ਜੀਨ ਜਾਂ ਡਯੂਡਾਰਡ ਇਹ ਕਹਿਣ ਲਈ ਫੋਨ ਕਰ ਸਕਦੇ ਨੇ ਕਿ ਉਨ੍ਹਾਂ ਨੂੰ ਪਛਤਾਵਾ ਹੋ ਰਿਹੈ। ਤੂੰ ਹੀ ਕਿਹਾ ਸੀ ਕਿ ਇਹ ਬਸ ਵਕਤੀ ਗੱਲ ਹੈ।

ਡੇਜ਼ੀ
ਮੈਨੂੰ ਨਹੀਂ ਲਗਦਾ. ਉਹ ਐਨੀ ਛੇਤੀ ਆਪਣਾ ਮਨ ਬਦਲਣ ਨਹੀਂ ਲੱਗੇ। ਹਾਲੇ ਉਨ੍ਹਾ ਕੋਲ ਟਾਈਮ ਨਹੀਂ ਕਿ ਉਹ ਇਹਦੇ ਬਾਰੇ ਸੋਚਣ। ਉਨ੍ਹਾਂ ਨੂੰ ਇਸ ਅਜ਼ਮਾਇਸ਼ 'ਚੋਂ ਲੰਘਣਾ ਈ ਪੈਣਾ।

ਬੇਰੰਜਰ
ਹੋ ਸਕਦੈ ਸਰਕਾਰ ਨੇ ਆਖ਼ਰ ਕੋਈ ਐਕਸ਼ਨ ਦਾ ਫੈਸਲਾ ਲਿਆ ਹੋਵੇ; ਹੋ ਸਕਦੈ ਉਨ੍ਹਾਂ ਨੂੰ ਉਸ 'ਚ ਸਾਡੀ ਮਦਦ ਦੀ ਲੋੜ ਹੋਵੇ, ਜੋ ਵੀ ਐਕਸ਼ਨ ਦਾ ਉਨ੍ਹਾਂ ਫ਼ੈਸਲਾ ਲਿਆ ਹੋਵੇ।

ਡੇਜ਼ੀ
ਮੈਨੂੰ ਨਹੀਂ ਲੱਗਦੈ ਕਿ ਉਹ ਹੋਣਗੇ।
(ਫੋਨ ਫੇਰ ਵੱਜਦਾ ਹੈ।)

ਬੇਰੰਜਰ
ਇਹ ਸਰਕਾਰੀ ਰਿੰਗ ਹੈ, ਮੈਂ ਪਛਾਣਦਾਂ .. ਲੰਬੀ ਘੰਟੀ ਵੱਜਦੀ। ਮੈਂ ਕਹਿ ਰਿਹਾਂ, ਮੈਂ ਇਸ ਅਪੀਲ ਲਈ ਐਂ ਕੰਨ ਬੰਦ ਨਹੀਂ ਕਰ ਸਕਦਾ।

ਹੋਰ ਕੋਈ ਹੋ ਈ ਨਹੀਂ ਸਕਦਾ। (ਉਹ ਫੋਨ ਚੁੱਕਦਾ ਹੈ।) ਹੈਲੋ? (ਫੋਨ 'ਚੋ ਨਗਾੜਿਆਂ ਦੀਆਂ ਅਵਾਜ਼ਾਂ ਆ ਰਹੀਆਂ ਹਨ।) ਸੁਣਿਆ ਤੂੰ? ਨਗਾੜੇ ਵੱਜ ਰਹੇ! ਸੁਣ!

(ਡੇਜ਼ੀ ਕੰਨਾ ਨੂੰ ਫੋਨ ਲੈਂਦੀ ਹੈ, ਅਵਾਜ਼ ਸੁਣ ਕੇ ਤ੍ਰਭਕ ਜਾਂਦੀ ਹੈ, ਰਸੀਵਰ ਕੰਨ ਤੋਂ ਲਾਹੁੰਦੀ ਹੈ।)

ਡੇਜ਼ੀ (ਸਹਿਮੀ ਹੋਈ) ਕੀ ਹੋ ਰਿਹੈ ਸਭ?

ਬੇਰੰਜਰ ਹੁਣ ਉਹ... ਮਖੌਲਾਂ ਕਰਨ ਲੱਗੇ।

ਡੇਜ਼ੀ ਐਨੇ ਗੰਦੇ ਮਜ਼ਾਕ!

ਬੇਰੰਜਰ ਦੇਖਿਆ..! ਮੈਂ ਕਿਹਾ ਸੀ ਨਾ ਤੈਨੂੰ?

ਡੇਜ਼ੀ ਤੂੰ ਕੁਝ ਨਹੀਂ ਕਿਹਾ ਸੀ।

ਬੇਰੰਜਰ ਮੈਨੂੰ ਲੱਗਦਾ ਈ ਸੀ ਇਹ ਹੋਣ ਵਾਲਾ, ਇਹੋ ਕਿਹਾ ਸੀ ਮੈਂ..

ਡੇਜ਼ੀ ਤੂੰ ਕਦੇ ਕੁਝ ਨਹੀਂ ਕਿਹਾ। ਇਹ ਤਾਂ ਬਿਲਕੁਲ ਨਹੀਂ। ਤੂੰ ਸਿਰਫ਼ ਉਦੋਂ ਭਵਿੱਖਬਾਣੀ ਕਰ ਸਕਦੈਂ, ਜਦ ਸਭ ਵਾਪਰ ਚੁੱਕਾ ਹੁੰਦੈ।

ਬੇਰੰਜਰ ਓ ਹਾਂ, ਮੈਂ ਕਰ ਸਕਦਾਂ; ਠੀਕ-ਠੀਕ ਦਸ ਸਕਦਾਂ ਪਹਿਲੋਂ.. ਕੀ ਹੋਣ ਵਾਲਾ।

ਡੇਜ਼ੀ ਇਹ ਤਾਂ ਠੀਕ ਨਹੀਂ ਉਨ੍ਹਾਂ ਲਈ, ਬੜੀ ਹੋਛੀ ਗੱਲ ਹੈ। ਐਂ ਮੇਰਾ ਕੋਈ ਮਜਾਕ ਉਡਾਏ ਬਰਦਾਸ਼ਤ ਨਹੀਂ ਕਰ ਸਕਦੀ ਮੈਂ।

ਬੇਰੰਜਰ ਤੇਰਾ ਮਜ਼ਾਕ ਉਡਾਉਣ ਦੀ ਉਹ ਹਿੰਮਤ ਨਹੀਂ ਕਰ ਸਕਦੇ। ਉਹ ਮੇਰਾ ਮੌਜੂ ਖਿੱਚ ਰਹੇ।

ਡੇਜ਼ੀ ਤੇ ਮੈਂ ਇਸਦਾ ਸ਼ਿਕਾਰ ਬਣ ਰਹੀ ਹਾਂ, ਕਿਉਂਕਿ ਮੈਂ ਤੇਰੇ ਨਾਲ ਹਾਂ, ਕੁਦਰਤੀ ਗੱਲ ਹੈ, ਉਹ ਆਪਣਾ ਬਦਲਾ ਲੈ ਰਹੇ .. ਪਰ ਅਸੀਂ ਉਨ੍ਹਾਂ ਦਾ ਕੀ ਵਿਗਾੜਿਆ? (ਫੋਨ ਫੇਰ ਵੱਜਦਾ ਹੈ।) ਪਿੱਛੋਂ ਪਲੱਗ ਕੱਢ ਦੇ।

ਬੇਰੰਜਰ ਟੈਲੀਫੋਨ ਮਹਿਕਮੇ ਮੁਤਾਬਕ ਤੁਸੀਂ ਇਹ ਨਹੀਂ ਕਰ ਸਕਦੇ।

ਡੇਜ਼ੀ ਓਫ! ਤੇਰੇ ਕੋਲੋਂ ਕਦੇ ਕੁਝ ਨਹੀਂ ਹੁੰਦਾ; ਫੜ੍ਹ ਐਡੀ ਕਿ ਹਿਫਾਜ਼ਤ ਕਰੇਗਾ ਮੇਰੀ!

ਬੇਰੰਜਰ (ਰੇਡੀਓ ਵੱਲ ਨੂੰ ਘੂਰਦੇ ਹੋਏ) ਰੇਡੀਓ ਲਾ ਲੈਨੇ ਆਂ, ਖ਼ਬਰਾਂ ਵਾਸਤੇ।

ਡੇਜ਼ੀ ਹੂੰ, ਪਤਾ ਤਾਂ ਲੱਗੇ ਕਿ ਚਲ ਕੀ ਰਿਹੈ।

(ਰੇਡੀਓ 'ਚੋਂ ਨਗਾੜਿਆਂ ਦੀ ਅਵਾਜ਼ ਆਉਂਦੀ ਹੈ। ਬੇਰੰਜਰ ਫਟਾਫਟ ਬੰਦ ਕਰ ਦਿੰਦਾ ਹੈ। ਪਰ ਦੂਰੋਂ ਇਸੇ ਤਰ੍ਹਾਂ ਦੀਆਂ ਅਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ।)

ਡੇਜ਼ੀ ਮਾਮਲਾ ਤਾਂ ਗੰਭੀਰ ਹੁੰਦਾ ਜਾ ਰਿਹਾ ਸਾਫ਼ ਸਾਫ਼ ਦੱਸ ਦਿਆਂ ਤੈਨੂੰ, ਮੈਨੂੰ ਬਿਲਕੁਲ ਪਸੰਦ ਨਹੀਂ ਇਹ! (ਉਹ ਕੰਬ ਰਹੀ ਹੈ।)

ਬੇਰੰਜਰ (ਬੇਹਦ ਘਬਰਾਇਆ ਹੋਇਆ) ਤੂੰ ਫ਼ਿਕਰ ਨਾ ਕਰ ਫ਼ਿਕਰ ਨਾ

| | |
|---|---|
| | ਕਰ! |
| ਡੇਜ਼ੀ | ਉਨ੍ਹਾਂ ਰੇਡੀਓ ਸਟੇਸ਼ਨ 'ਤੇ ਕਬਜਾ ਕਰ ਲਿਆ! |
| ਬੇਰੰਜਰ | (ਘਬਰਾਇਆ ਤੇ ਕੰਬਦਾ ਹੋਇਆ) ਤੂੰ ਸ਼ਾਂਤ ਰਹਿ, ਸ਼ਾਂਤ, ਹਾ! (ਡੇਜ਼ੀ ਅੱਪ-ਸਟੇਜ ਵੱਲ ਜਾਂਦੀ ਹੈ ਤੇ ਫੇਰ ਡਾਊਨ ਸਟੇਜ ਵੱਲ ਤੇ ਖਿੜਕੀ ਖੋਲ੍ਹ ਕੇ ਦੇਖਦੀ ਹੈ। ਬੇਰੰਜਰ ਦੂਜੀ ਖਿੜਕੀ 'ਚੋਂ ਬਾਹਰ ਦੇਖ ਰਿਹਾ ਹੈ, ਤੇ ਫੇਰ ਦੋਹੇਂ ਸੈਂਟਰ ਸਟੇਜ 'ਤੇ ਆ ਕੇ ਇੱਕ-ਦੂਜੇ ਦੇ ਸਾਹਮਣੇ ਹੁੰਦੇ ਹਨ।) |
| ਡੇਜ਼ੀ | ਇਹ ਹੁਣ ਮਜ਼ਾਕ ਨਹੀਂ ਰਿਹਾ। ਉਹ ਤਾ ਸੀਰੀਅਸ ਨੇ! |
| ਬੇਰੰਜਰ | ਸਿਰਫ਼ ਉਹੀ ਬਚੇ ਨੇ ਹੁਣ ਤੇ; ਸਿਰਫ਼ ਉਹੀ, ਹੋਰ ਹੈ ਹੀ ਕੋਈ ਨੀ। ਸਰਕਾਰਾਂ ਨਾਲ ਰਲ਼ ਗਈਆਂ ਨੇ ਉਨ੍ਹਾਂ ਦੇ। (ਫੇਰ ਉਹ ਖਿੜਕੀਆਂ ਬਦਲ ਕੇ ਦੇਖਦੇ ਹਨ ਤੇ ਵਾਪਸ ਉੱਥੇ ਆ ਕੇ ਮਿਲਦੇ ਹਨ।) |
| ਡੇਜ਼ੀ | ਸੌਂਹ ਖਾਣ ਨੂੰ ਵੀ ਕੋਈ ਰੂਹ ਨੀ ਬਚੀ... |
| ਬੇਰੰਜਰ | ਅਸੀਂ ਬਸ ਇਕੱਲੇ ਹਾ, ਇਕੱਲਿਆਂ ਛੱਡ ਦਿੱਤਾ ਗਿਆ ਸਾਨੂੰ। |
| ਡੇਜ਼ੀ | ਇਹੋ ਤਾਂ ਚਾਹੁੰਦਾ ਸੀ ਤੂੰ। |
| ਬੇਰੰਜਰ | ਤੇਰਾ ਮਤਲਬ ਜੋ ਤੂੰ ਚਾਹੁੰਦੀ ਸੀ! |
| ਡੇਜ਼ੀ | ਇਹ ਤੂੰ ਸੀ! |
| ਬੇਰੰਜਰ | ਤੂੰ! (ਸਾਰੇ ਪਾਸਿਓਂ ਇੱਕੋ ਵੇਲੇ ਸ਼ੋਰ ਉੱਠਦਾ ਹੈ। ਪਿਛਲੀ ਦੀਵਾਰ ਗੈਂਡਿਆਂ ਦੇ ਸਿਰਾਂ ਨਾਲ ਭਰ ਜਾਂਦੀ ਹੈ। ਘਰ ਦੇ ਸੱਜੇ-ਖੱਬਿਓਂ ਦੌੜਦੇ ਖੁਰਾਂ ਤੇ ਹੱਫ਼ਦੇ ਜਾਨਵਰਾਂ ਦੇ ਸਾਹਾਂ ਦੀ ਅਵਾਜ਼ ਗੂੰਜਦੀ ਹੈ। ਪਰ ਇਹ ਸਾਰੀਆਂ ਸ਼ੋਰੀਲੀਆਂ ਅਵਾਜ਼ਾਂ ਹੁਣ ਕੁਝ ਹੱਦ ਤੱਕ ਇੱਕ ਰਿਦਮ 'ਚ ਹਨ, ਇੱਕ ਤਰ੍ਹਾਂ ਦੀ ਧੁਨ ਬਣਾਉਂਦੀਆਂ ਹੋਈਆਂ। ਸਭ ਤੋਂ ਉੱਚੀ ਅਵਾਜ਼ ਛੱਤ ਤੋਂ ਆ ਰਹੀ ਹੈ, ਜਿਵੇਂ ਕੋਈ ਲਗਾਤਾਰ ਸੱਟ ਮਾਰ ਰਿਹਾ ਹੋਵੇ। ਛੱਤ ਤੋਂ ਪਲਸਤਰ ਡਿੱਗਦਾ ਹੈ। ਸਾਰਾ ਘਰ ਬੁਰੀ ਤਰ੍ਹਾਂ ਕੰਬ ਰਿਹਾ ਹੈ।) |
| ਡੇਜ਼ੀ | ਧਰਤੀ ਕੰਬ ਰਹੀ ਹੈ! (ਉਸਨੂੰ ਸੁੱਝਦਾ ਨਹੀਂ ਕਿ ਕਿਧਰ ਨੂੰ ਜਾਵੇ।) |
| ਬੇਰੰਜਰ | ਨਹੀਂ, ਇਹ ਤਾਂ ਗਵਾਂਢੀ ਨੇ। (ਉਹ ਖੱਬੇ-ਸੱਜੇ ਤੇ ਉੱਪਰ ਵੱਲ ਨੂੰ ਮੁੱਠੀਆਂ ਉਛਾਲਦਾ ਹੈ।) ਓਇ ਓਇ.. ਬੰਦ ਕਰੋ ਇਹ ਸਭ। ਸਾਡੇ ਕੰਮ 'ਚ ਦਖ਼ਲ ਦੇ ਰਹੇ ਹੋ ਤੁਸੀਂ। ਇਨ੍ਹਾਂ ਫਲੈਟਾਂ 'ਚ ਸ਼ੋਰ ਦੀ ਮਨਾਹੀ ਹੈ! ਰੌਲਾ ਪਾਉਣਾ ਮਨ੍ਹਾ ਹੈ। |
| ਡੇਜ਼ੀ | ਉਹ ਤੇਰੀ ਨਹੀਂ ਸੁਣਨ ਲੱਗੇ! (ਰੌਲਾ ਥੋੜ੍ਹਾ ਘੱਟਦਾ ਹੈ। ਪਿੱਠ-ਭੂਮੀ 'ਚੋਂ ਇੱਕ ਤਰ੍ਹਾਂ ਦਾ ਸੰਗੀਤ ਉੱਭਰਦਾ ਹੈ।) |

| | |
|---|---|
| ਬੇਰੰਜਰ | (ਖ਼ੁਦ ਡਰਿਆ ਹੋਇਆ) ਤੂੰ ਡਰ ਨਾ ਬਿਲਕੁਲ ਵੀ। ਅਸੀਂ ਇਕੱਠੇ ਹਾਂ, ਤੂੰ ਮੇਰੇ ਨਾਲ ਖੁਸ਼ ਹੈਂ, ਹੈਂ ਨਾ? ਐਨਾ ਕਾਫੀ ਹੈ ਕਿ ਮੈਂ. ਤੇਰੇ ਨਾਲ ਹਾਂ, ਹੈ ਕਿ ਨਹੀਂ? ਮੈਂ ਸਾਰੇ ਡਰ ਦੂਰ ਭਜਾ ਦਿਆਗਾ। |
| ਡੇਜ਼ੀ | ਸ਼ਾਇਦ ਸਭ ਆਪਣਾ ਹੀ ਕੀਤਾ ਧਰਿਆ ਹੈ। |
| ਬੇਰੰਜਰ | ਹੋਰ ਨਾ ਸੋਚ ਇਹਦੇ ਬਾਰੇ। ਸਾਨੂੰ ਪਛਤਾਉਣ ਦੀ ਲੋੜ ਨਹੀਂ। ਗੁਨਾਹ ਦਾ ਅਹਿਸਾਸ ਬਹੁਤ ਖ਼ਤਰਨਾਕ ਹੁੰਦੈ। ਸਾਨੂੰ ਬਸ ਆਪਣੀ ਜ਼ਿੰਦਗੀ ਜਿਉਣੀ ਚਾਹੀਦੀ ਤੇ ਖ਼ੁਸ਼ ਰਹਿਣਾ ਚਾਹੀਦਾ ਹੈ। ਸਾਨੂੰ ਹੱਕ ਹੈ ਖੁਸ਼ ਰਹਿਣ ਦਾ। ਉਹ ਕਈ ਖਦਕੀ ਨਹੀ .. ਤੇ ਨਾ ਹੀ ਅਸੀਂ ਉਨ੍ਹਾਂ ਦਾ ਕੁਝ ਵਿਗਾੜਿਆ। ਉਹ ਸਾਨੂੰ ਸਾਡੇ ਹਾਲ 'ਤੇ ਛੱਡ ਦੇਣਗੇ। ਤੂੰ ਬਸ ਸ਼ਾਂਤ ਰਹਿ, ਸ਼ਾਂਤ। ਇੱਥੇ ਬੈਠ ਅਰਾਮਕੁਰਸੀ 'ਤੇ। (ਉਹ ਉਸਨੂੰ ਅਰਾਮਕੁਰਸੀ ਵੱਲ ਲੈ ਕੇ ਜਾਂਦਾ ਹੈ।) ਸ਼ਾਤ ਰਹਿ ਬਸ! (ਡੇਜ਼ੀ ਅਰਾਮਕੁਰਸੀ 'ਤੇ ਬੈਠ ਜਾਂਦੀ ਹੈ।) ਥੋੜ੍ਹੀ ਬਰਾਂਡੀ ਲਏਂਗੀ, ਠੀਕ ਹੋ ਜਾਏਂਗੀ.. ਬਸ ਥੋੜ੍ਹੀ..? |
| ਡੇਜ਼ੀ | ਸਿਰ ਦੁਖ ਰਿਹਾ ਮੇਰਾ... |
| ਬੇਰੰਜਰ | (ਆਪਣੀ ਪੱਟੀ ਲਾਹ ਕੇ ਉਸਦੇ ਬੰਨ੍ਹਦਾ ਹੈ) ਡੇਜ਼ੀ ਡਾਰਲਿੰਗ, ਮੈਂ ਬਹੁਤ ਪਿਆਰ ਕਰਦਾ ਤੇਨੂੰ। ਫ਼ਿਕਰ ਨਾ ਕਰ, ਸਭ ਭੁੱਲ ਭੁਲਾ ਜਾਣਗੇ ਉਹ। ਛੇਤੀ ਓ ਬੀਤ ਜਾਏਗਾ ਇਹ ਸਭ। |
| ਡੇਜ਼ੀ | ਕੁਝ ਨਹੀਂ ਭੁੱਲਣਗੇ ਉਹ। ਇਹ ਸਭ ਚੰਗੇ ਲਈ ਹੈ। |
| ਬੇਰੰਜਰ | ਆਈ ਲਵ ਯੂ। ਮੈਂ ਬਹੁਤ ਪਿਆਰ ਕਰਦਾਂ ਤੈਨੂੰ.. ਪਾਗਲਾਂ ਵਾਂਗ। |
| ਡੇਜ਼ੀ | (ਪੱਟੀ ਉਤਾਰ ਦਿੰਦੀ ਹੈ।) ਜੋ ਜਿਵੇਂ ਹੁੰਦੈ ਹੋਣ ਦਿਓ। ਅਸੀਂ ਕੀ ਕਰ ਸਕਦੇ ਹਾਂ? |
| ਬੇਰੰਜਰ | ਉਹ ਪਾਗਲ ਹੋ ਗਏ ਨੇ। ਸੰਸਾਰ ਬੀਮਾਰ ਹੈ। ਉਹ ਸਾਰੇ ਬੀਮਾਰ ਨੇ। |
| ਡੇਜ਼ੀ | ਅਸੀਂ ਨੀਂ ਉਨ੍ਹਾਂ ਨੂੰ ਠੀਕ ਕਰਨ ਵਾਲੇ ਹੋਣ ਲੱਗੇ। |
| ਬੇਰੰਜਰ | ਕਿਵੇਂ ਅਸੀਂ ਇੱਕੋ ਘਰ 'ਚ ਰਹਾਂਗੇ ਉਨ੍ਹਾਂ ਨਾਲ। |
| ਡੇਜ਼ੀ | (ਸ਼ਾਤ ਹੁੰਦੇ ਹੋਏ) ਸਿਆਣੇ ਹੋਣਾ ਚਾਹੀਦਾ ਸਾਨੂੰ। ਢਾਲਣਾ ਚਾਹੀਦਾ ਖ਼ਦ ਨੂੰ ਉਨ੍ਹਾਂ ਮੁਤਾਬਕ ਬਣਾ ਕੇ ਰੱਖਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ। |
| ਬੇਰੰਜਰ | ਉਹ ਨਹੀਂ ਸਾਨੂੰ ਸਮਝ ਸਕਦੇ। |
| ਡੇਜ਼ੀ | ਸਮਝਣਗੇ। ਕੋਈ ਚਾਰਾ ਨਹੀਂ ਹੋਰ। |
| ਬੇਰੰਜਰ | ਕੀ ਤੂੰ ਸਮਝਦੀ ਹੈਂ ਉਨ੍ਹਾ ਨੂੰ। |
| ਡੇਜ਼ੀ | ਹਾਲੇ ਨਹੀਂ। ਕੋਸ਼ਿਸ਼ ਕਰਨੀ ਪਵੇਗੀ ਸਾਨੂੰ ਕਿ ਸਮਝੀਏ ਕਿਵੇਂ ਉਨ੍ਹਾਂ ਦਾ ਦਿਮਾਗ਼ ਕੰਮ ਕਰਦਾ ਹੈ, ਤੇ ਭਾਸ਼ਾ ਸਿੱਖੀਏ ਉਨ੍ਹਾ ਦੀ। |
| ਬੇਰੰਜਰ | ਕੋਈ ਭਾਸ਼ਾ ਨਹੀਂ ਉਨ੍ਹਾਂ ਦੀ! ਸੁਣ, ਕੀ ਇਹ ਭਾਸ਼ਾ ਏ? |
| ਡੇਜ਼ੀ | ਤੈਨੂੰ ਕਿਵੇਂ ਪਤਾ? ਤੂੰ ਮਾਹਿਰ ਨਹੀਂ ਭਾਸ਼ਾਵਾਂ ਦਾ। |

ਬੇਰੰਜਰ ਬਾਅਦ 'ਚ ਗੱਲ ਕਰਾਂਗੇ ਇਹਦੇ ਬਾਰੇ। ਪਹਿਲਾਂ ਕੁਝ ਖਾ ਲੈਣਾ ਚਾਹੀਦਾ।

ਡੇਜ਼ੀ : ਭੁੱਖ ਨਹੀਂ ਹੁਣ ਮੈਨੂੰ। ਬਹੁਤ ਹੋ ਗਿਆ ਸਭ। ਹੁਣ ਮੈਂ ਹੋਰ ਬਰਦਾਸ਼ਤ ਨਹੀਂ ਕਰ ਸਕਦੀ।

ਬੇਰੰਜਰ ਪਰ ਤੂੰ ਤਾਂ ਤਕੜੀ ਏਂ.. ਹਿੰਮਤਵਰ। ਤੂੰ ਉਨ੍ਹਾਂ ਮੂਹਰੇ ਗੋਡੇ ਨਹੀਂ ਟੇਕਣ ਵਾਲੀ, ਉਹ ਤੈਨੂੰ ਤੋੜ ਨਹੀਂ ਸਕਦੇ। ਤੇਰੀ ਇਸ ਹਿੰਮਤ ਦਾ ਹੀ ਤਾਂ ਮੈਂ ਏਡਾ ਕਦਰਦਾਨ ਹਾਂ।

ਡੇਜ਼ੀ ਤੂੰ ਕਿਹਾ ਸੀ ਪਹਿਲੋਂ ਵੀ।

ਬੇਰੰਜਰ ਮੇਰੇ ਪਿਆਰ 'ਤੇ ਭਰੋਸਾ ਹੈ ਤੈਨੂੰ ?

ਡੇਜ਼ੀ ਹਾਂ, ਬੇਸ਼ਕ...

ਬੇਰੰਜਰ ਮੈਂ ਐਨਾ ਪਿਆਰ ਕਰਦਾਂ ਤੈਨੂੰ...

ਡੇਜ਼ੀ ਵਾਰ ਵਾਰ ਉਹੀ ਦੋਹਰਾ ਰਿਹੈਂ ਤੂੰ।

ਬੇਰੰਜਰ ਸੁਣ, ਡੇਜ਼ੀ.., ਕੁਝ ਹੈ ਜੋ ਅਸੀਂ ਕਰ ਸਕਦੇ ਹਾਂ। ਸਾਡੇ ਬੱਚੇ ਹੋਣਗੇ ਤੇ ਫੇਰ ਉਨ੍ਹਾਂ ਦੇ ਬੱਚੇ; ਸਮਾਂ ਲੱਗੇਗਾ, ਪਰ ਮਿਲਕੇ ਅਸੀਂ ਮਨੁੱਖ ਜਾਤੀ ਨੂੰ ਨਵੇਂ ਸਿਰ 'ਤੋਂ ਜਿਉਂਦਿਆਂ ਕਰ ਸਕਦੇ ਹਾਂ।

ਡੇਜ਼ੀ ਮਨੁੱਖ ਦਾ ਨਵਾਂ ਜਨਮ ?

ਬੇਰੰਜਰ ਪਹਿਲੋਂ ਵੀ ਹੋਇਆ ਏਦਾਂ।

ਡੇਜ਼ੀ ਜੁੱਗਾਂ ਪਹਿਲੋਂ। ਆਦਮ ਤੇ ਹੱਵਾ, ਉਨਾ 'ਚ ਬਹੁਤ ਹਿੰਮਤ ਸੀ।

ਬੇਰੰਜਰ ਅਸੀਂ ਵੀ ਹਿੰਮਤ ਕਰ ਸਕਦੇ ਹਾਂ। ਸਾਨੂੰ ਕੁਝ ਬਹੁਤ ਜ਼ਿਆਦਾ ਨਹੀਂ ਚਾਹੀਦਾ। ਸਮੇਂ ਨਾਲ ਸਭ ਆਪੇ ਹੁੰਦਾ ਜਾਏਗਾ.. ਬਸ ਥੋੜ੍ਹਾ ਸਬਰ।

ਡੇਜ਼ੀ : ਫ਼ਾਇਦਾ ਕੀ ਇਸਦਾ ?

ਬੇਰੰਜਰ : ਬਸ ਥੋੜ੍ਹੀ ਜਿਹੀ ਹਿੰਮਤ... ਤੇ ਅਸੀਂ ਕਰ ਸਕਾਂਗੇ।

ਡੇਜ਼ੀ : ਮੈਂ ਬੱਚੇ ਨਹੀਂ ਚਾਹੁੰਦੀ, ਬੋਰਿੰਗ ਕੰਮ ਹੈ ਇਹ।

ਬੇਰੰਜਰ : ਜੇ ਤੂੰ ਸਾਥ ਨਹੀਂ ਦੇਵੇਂਗੀ ਤਾਂ ਕਿਵੇਂ ਇਸ ਸੰਸਾਰ ਨੂੰ ਬਚਾਵਾਂਗੇ ?

ਡੇਜ਼ੀ : ਕੀ ਲੋੜ ਕੀ ਹੈ ਬਚਾਉਣ ਦੀ ?

ਬੇਰੰਜਰ : ਇਹ ਕੀ ਕਹਿ ਰਹੀ ਏਂ! ਮੇਰੀ ਖ਼ਾਤਰ ਡੇਜ਼ੀ! ਆ! ਦੁਨੀਆਂ ਨੂੰ ਬਚਾ ਲਈਏ...

ਡੇਜ਼ੀ ਸ਼ਾਇਦ ਇਹ.. ਅਸੀਂ ਓ ਹਾਂ.. ਜਿਨ੍ਹਾਂ ਨੂੰ ਬਚਾਏ ਜਾਣ ਦੀ ਲੋੜ ਹੈ। ਸ਼ਾਇਦ ਅਸੀਂ ਓ ਕੁਝ ਅਜੀਬ ਹਾਂ।

ਬੇਰੰਜਰ ਤੂੰ ਆਪਣੇ ਆਪ 'ਚ ਨਹੀਂ, ਡੇਜ਼ੀ.., ਲਾਗ ਲੱਗ ਗਈ ਏ ਤੈਨੂੰ।

ਡੇਜ਼ੀ ਸਾਡੇ ਵਰਗੇ ਹੁਣ ਕਿਤੇ ਕੋਈ ਨਹੀਂ ਬਚੇ, ਬਚੇ ਕਿਤੇ ?

ਬੇਰੰਜਰ ਡੇਜ਼ੀ, ਇਸ ਤਰ੍ਹਾਂ ਗੱਲ ਨਾ ਕਰ, ਤੈਥੋਂ ਉਮੀਦ ਨਹੀਂ ..!

(ਡੇਜ਼ੀ ਦੀਵਾਰ ਉੱਪਰਲੇ ਗੈਂਡਿਆਂ ਦੇ ਸਿਰਾਂ ਨੂੰ ਦੇਖਦੀ ਹੈ, ਹਰ ਪਾਸੇ ਉਹੀ ਨੇ, ਪੌੜੀਆਂ 'ਚ, ਹੁਣ ਫ਼ੁੱਟ-ਲਾਈਟਸ ਦੇ ਨਾਲ ਨਾਲ

ਵੀ ਉਹੋ ਦਿਖਣ ਲੱਗੇ ਹਨ।)

ਡੇਜ਼ੀ ਅਸਲ ਲੋਕ ਤਾਂ ਉਹੀ ਨੇ। ਕਿੰਨੇ ਖ਼ੁਸ਼ ਲੱਗਦੇ। ਉਹ ਜੋ ਹਨ ਉਸੇ 'ਚ ਖ਼ੁਸ਼ ਹਨ। ਪਾਗਲ ਨਹੀਂ ਲੱਗਦੇ, ਬਿਲਕੁਲ ਨਹੀਂ। ਸੁਭਾਵਿਕ ਨੇ ਬਿਲਕੁਲ। ਉਹ ਸਹੀ ਸਨ.. ਜ ਉਨ੍ਹਾਂ ਕੀਤਾ. . ਬਿਲਕੁਲ ਠੀਕ।

ਬੇਰੰਜਰ : (ਹੱਥ ਮਲਦੇ ਹੋਏ ਤੇ ਘੋਰ ਨਿਰਾਸ਼ਾ 'ਚ ਡੇਜ਼ੀ ਵੱਲ ਦੇਖਦੇ ਹੋਏ) ਅਸੀਂ ਹਾਂ ਜੋ ਸਹੀ ਰਾਹ ਤੇ ਹਾਂ, ਡੇਜ਼ੀ, ਇਹ ਬਿਲਕੁਲ ਪੱਕਾ ਹੈ।

ਡੇਜ਼ੀ ਇਹ ਬਸ ਘਮੰਡ ਹੈ ਤੇਰਾ ...!

ਬੇਰੰਜਰ ਤੈਨੂੰ ਪਤਾ ਹੈ ਕਿ ਮੈਂ ਸਹੀ ਹਾਂ।

ਡੇਜ਼ੀ ਸੌ ਫ਼ੀਸਦੀ ਸਹੀ ਵਰਗਾ ਕੁਝ ਨਹੀਂ ਹੁੰਦਾ। ਸੰਸਾਰ ਹੈ ਜੋ ਸਹੀ ਹੈ, ਤੂੰ ਤੇ ਮੈਂ ਨਹੀਂ।

ਬੇਰੰਜਰ ਮੈਂ ਸਹੀ ਹਾਂ, ਡੇਜ਼ੀ ਤੇ ਇਸਦਾ ਸਬੂਤ ਇਹ ਹੈ ਕਿ ਜਦ ਮੈਂ ਕੁਝ ਕਹਿੰਦਾਂ ਤਾਂ ਤੂੰ ਸਮਝਦੀ ਏਂ ਉਸਨੂੰ।

ਡੇਜ਼ੀ ਇਸ ਤੋਂ ਕੀ ਸਾਬਤ ਹੁੰਦੈ ?

ਬੇਰੰਜਰ ਸਬੂਤ ਇਹ ਹੈ ਕਿ ਮੈਂ ਤੈਨੂੰ ਇੰਨਾ ਪਿਆਰ ਕਰਦਾਂ ਜਿੰਨਾ ਕੋਈ ਵੀ ਆਦਮੀ ਕਿਸੇ ਔਰਤ ਨੂੰ ਕਰ ਸਕਦੈ।

ਡੇਜ਼ੀ ਕੀ ਹਾਸੋਹੀਣਾ ਤਰਕ ਹੈ!

ਬੇਰੰਜਰ ਇਹ ਤੂੰ ਕੀ ਕਹਿ ਰਹੀ ਏਂ, ਡੇਜ਼ੀ, ਮਾਈ ਡਾਰਲਿੰਗ, ਮੈਂ ਪਿਆਰ ਦੀ ਗੱਲ ਕਰ ਰਿਹਾਂ, ਆਪਣੇ ਪਿਆਰ ਦੀ; ਮੈਨੂੰ ਤੇਰੀ ਸਮਝ ਨਹੀਂ ਆ ਰਹੀ, ਤੈਨੂੰ ਨੀ ਪਤਾ ਤੂੰ ਕੀ ਕਹਿ ਰਹੀ ਏਂ। ਜ਼ਰਾ ਸੋਚ ਸਾਡਾ ਪਿਆਰ......

ਡੇਜ਼ੀ ਜਿਸ ਨੂੰ ਤੂੰ ਪਿਆਰ ਕਹਿ ਰਿਹਾਂ ਮੈਨੂੰ ਉਸਤੇ ਸ਼ਰਮ ਆ ਰਹੀ ਏ, ਕੀ ਹੈ ਇਹ, ਬੀਮਾਰ ਅਹਿਸਾਸ, ਮਰਦ ਦੀ ਇੱਕ ਕਮਜ਼ੋਰੀ ਤੇ ਔਰਤ ਦੀ ਵੀ। ਇਸਦੀ ਤੁਲਨਾ ਹਰਗਿਜ਼ ਉਸ ਜ਼ਬਰਦਸਤ ਪਰਚੰਡ ਊਰਜਾ ਨਾਲ ਨਹੀਂ ਹੋ ਸਕਦੀ... ਜੋ ਉਨ੍ਹਾਂ 'ਚੋਂ ਉੱਠ ਰਹੀ ਹੈ ਤੇ ਫੈਲ ਰਹੀ ਹੈ, ਠਾਠਾਂ ਮਾਰਦੀ ਚਾਰੇ ਪਾਸੇ।

ਬੇਰੰਜਰ ਊਰਜਾ! ਊਰਜਾ ਚਾਹੀਦੀ ਹੈ ਤੈਨੂੰ... ਹੈਂ? ਮੈਂ ਦਿੰਨਾਂ, ਤੈਨੂੰ ਊਰਜਾ। (ਥੱਪੜ ਮਾਰਦਾ ਹੈ।)

ਡੇਜ਼ੀ ਓਹ! ਮੈਂ ਸੋਚ ਵੀ ਨਹੀਂ ਸੀ ਸਕਦੀ... ਤੂੰ... (ਅਰਾਮਕੁਰਸੀ 'ਚ ਧੱਸ ਜਾਂਦੀ ਹੈ।)

ਬੇਰੰਜਰ ਓਹ! ਇਹ ਮੈਂ.., ਮਾਫ਼ ਕਰ ਦੇ ਮੈਨੂੰ, ਪਲੀਜ਼... ਮਾਫ਼ ਕਰਦੇ.. (ਬਾਹਾਂ 'ਚ ਲੈਣ ਦੀ ਕੋਸ਼ਿਸ਼ ਕਰਦਾ ਹੈ, ਉਹ ਧੱਕਾ ਦਿੰਦੀ ਹੈ।)... ਮੈਨੂੰ। ਮੇਰਾ ਬਿਲਕੁਲ ਈ ਇਰਾਦਾ ਨਹੀਂ ਸੀ। ਪਤਾ ਨਹੀਂ ਕੀ ਭੂਤ ਵੜ ਗਿਆ ਮੇਰੇ 'ਚ, ਕਿਉਂ ਇਸ ਤਰ੍ਹਾਂ ਕੰਟਰੋਲ ਤਾਂ ਮੈਂ ਕਦੇ ਨਹੀਂ!

ਡੇਜ਼ੀ ਕਿਉਂਕਿ ਕਹਿਣ ਨੂੰ ਤੇਰੇ ਕੋਲ ਬਚਿਆ ਕੁਝ ਨਹੀਂ ਸੀ, ਇਸਲਈ।

ਬੇਰੰਜਰ | ਓਹ... ਡੇਜ਼ੀ! ਕੁਝ ਹੀ ਮਿੰਟਾਂ 'ਚ ਸ਼ਾਦੀਸ਼ੁਦਾ ਜ਼ਿੰਦਗੀ ਦਾ ਪੱਚੀ ਵਰ੍ਹਿਆਂ ਦਾ ਪੈਂਡਾ ਮੁਕਾ ਲਿਆ ਅਸੀਂ।

ਡੇਜ਼ੀ | ਤਰਸ ਆਉਂਦਾ ਤੇਰੇ 'ਤੇ। ਚੰਗੀ ਤਰ੍ਹਾਂ ਸਮਝ ਗਈ ਹਾਂ ਮੈਂ ਤੈਨੂੰ।

ਬੇਰੰਜਰ | (ਡੇਜ਼ੀ ਰੋਂਦੀ ਹੈ) ਸ਼ਾਇਦ ਤੂੰ ਠੀਕ ਏਂ, ਮੇਰੇ ਤਰਕ ਮੁੱਕ ਗਏ ਨੇ। ਤੂੰ ਸੋਚਦੀ ਏਂ ਉਹ ਤਕੜੇ ਨੇ ਮੇਰੇ ਨਾਲੋਂ, ਸਾਡੇ ਨਾਲੋਂ ਤਕੜੇ। ਹੋ ਸਕਦਾ ਉਹ ਹੋਣ।

ਡੇਜ਼ੀ | ਉਹ ਹਨ। ਸੱਚਮੁੱਚ ਹਨ।

ਬੇਰੰਜਰ | ਠੀਕ ਹੈ, ਫੇਰ ਵੀ, ਚਾਹੇ ਕੁਝ ਵੀ ਹੋਵੇ, ਮੈਨੂੰ ਤੇਰੀ ਸੌਂਹ, ਕਦੇ ਹਥਿਆਰ ਨਹੀਂ ਸੁੱਟਾਂਗਾ, ਕਦੇ ਨਹੀਂ!

ਡੇਜ਼ੀ | (ਉੱਠ ਕੇ ਬੇਰੰਜਰ ਕੋਲ ਜਾਂਦੀ ਹੈ, ਉਸਦੇ ਗਲ਼ੇ 'ਚ ਬਾਹਾਂ ਪਾ ਕੇ) ਓ ਪਿਆਰੇ, ਮੈਂ ਮਦਦ ਕਰਾਂਗੀ ਤੇਰੀ ਤਾਂ ਜੋ ਤੂੰ ਖੜ੍ਹਾ ਰਹਿ ਸਕੇਂ ਆਖ਼ਰ ਤਕ।

ਬੇਰੰਜਰ | ਕਰ ਪਾਵੇਂਗੀ?

ਡੇਜ਼ੀ | ਪੱਕਾ ਵਾਅਦਾ ਹੈ, ਤੂੰ ਭਰੋਸਾ ਕਰ ਸਕਦੈਂ ਮੇਰਾ। (ਗੈਂਡਿਆਂ ਦੇ ਸੁਰ 'ਚ ਮਿਠਾਸ ਆ ਜਾਂਦੀ ਹੈ।) ਸੁਣ, ਉਹ ਗਾ ਰਹੇ ਨੇ!

ਬੇਰੰਜਰ | ਗਾ ਨਹੀਂ ਰਹੇ, ਗਰਜ ਰਹੇ ਨੇ।

ਡੇਜ਼ੀ | ਗਾ ਰਹੇ ਨੇ. .

ਬੇਰੰਜਰ | ਮੈਂ ਕਿਹਾ ਨਾ, ਗਰਜ ਰਹੇ ਨੇ

ਡੇਜ਼ੀ | ਪਾਗਲ ਏਂ ਤੂੰ, ਗਾ ਰਹੇ ਨੇ ਉਹ...

ਬੇਰੰਜਰ | ਫੇਰ ਤੇਰੇ ਕੰਨ ਬੇਸੁਰ ਨੇ।

ਡੇਜ਼ੀ | ਸੰਗੀਤ ਦਾ ਊੜਾ ਐੜਾ ਵੀ ਨਹੀਂ ਪਤਾ ਤੈਨੂੰ, ਵੇਖ ਕਿਵੇਂ ਮਸਤੀ ਕਰ ਰਹੇ .. ਤੇ ਡਾਂਸ ਵੀ।

ਬੇਰੰਜਰ | ਤੂੰ ਇਹਨੂੰ ਡਾਂਸ ਕਹਿੰਦੀ ਏਂ।

ਡੇਜ਼ੀ | ਡਾਂਸ ਦਾ ਉਨ੍ਹਾਂ ਦਾ ਆਪਣਾ ਤਰੀਕਾ ਹੈ। ਖ਼ੂਬਸੂਰਤ ਨੇ ਓਹ ..

ਬੇਰੰਜਰ | ਭੱਦੇ . ਬੇਹੂਦਾ!

ਡੇਜ਼ੀ | ਖ਼ਬਰਦਾਰ ਜੇ ਇੱਕ ਲਫ਼ਜ਼ ਵੀ ਉਨ੍ਹਾਂ ਦੇ ਖ਼ਿਲਾਫ਼ ਕਿਹਾ; ਦਿਮਾਗ਼ ਖ਼ਰਾਬ ਹੁੰਦਾ ਮੇਰਾ।

ਬੇਰੰਜਰ | ਠੀਕ ਹੈ, ਗ਼ਲਤੀ ਹ ਗਈ। ਉਨ੍ਹਾ ਨੂੰ ਲੈ ਕੇ ਨਹੀਂ ਲੜਾਂਗੇ ਅਸੀਂ।

ਡੇਜ਼ੀ | ਦੇਵਤਿਆਂ ਵਰਗੇ ਨੇ ਉਹ ..

ਬੇਰੰਜਰ | ਇਹ ਤਾਂ ਜ਼ਿਆਦਤੀ ਏ, ਡੇਜ਼ੀ; ਧਿਆਨ ਨਾਲ ਦੇਖ ਜ਼ਰਾ ਉਨ੍ਹਾਂ ਨੂੰ।

ਡੇਜ਼ੀ | ਸਾਡ਼ਾ ਮਾੜੀ ਚੀਜ਼ ਹੈ, ਮੇਰੇ ਭੋਂਦੂ।

(ਉਹ ਬੇਰੰਜਰ ਕੋਲ ਜਾ ਕੇ ਉਸਨੂੰ ਬਾਹਾ 'ਚ ਲੈਣ ਦੀ ਕੋਸ਼ਿਸ਼ ਕਰਦੀ ਹੈ, ਇਸ ਵਾਰ ਬੇਰੰਜਰ ਹੈ ਜੋ ਖ਼ੁਦ ਨੂੰ ਛੁਡਾਉਂਦਾ ਹੈ।)

**ਬੇਰੰਜਰ** ਸਾਫ਼ ਹੈ ਕਿ ਸਾਡੇ ਖ਼ਿਆਲ ਬਿਲਕੁਲ ਉਲਟੇ ਨੇ। ਚੰਗਾ ਹੈ ਅਸੀਂ ਇਸ ਬਾਰੇ ਗੱਲ ਈ ਨਾ ਕਰੀਏ।

**ਡੇਜੀ** ਇਹ ਕੀ ਬੇਵਕੂਫ਼ੀ ਏ।

**ਬੇਰੰਜਰ** ਫੇਰ ਤੂੰ ਬੇਵਕੂਫ਼ੀ ਬੰਦ ਕਰ।

**ਡੇਜ਼ੀ** (ਬੇਰੰਜਰ ਨੂੰ, ਜਿਹੜਾ ਉਸ ਵੱਲੋਂ ਮੂੰਹ ਮੋੜ ਚੁੱਕਾ ਹੈ।) ਹੁਣ ਸਾਡਾ ਇਕੱਠੇ ਰਹਿਣਾ ਮੁਸ਼ਕਿਲ ਹੈ। (ਉਹ ਆਪਣੇ ਆਪ ਨੂੰ ਸ਼ੀਸ਼ੇ 'ਚ ਬੜੀ ਗੌਰ ਨਾਲ ਦੇਖ ਰਿਹਾ ਹੈ। ਉਹ ਇਹ ਕਹਿੰਦੀ ਹੋਈ ਦਰਵਾਜ਼ੇ ਵੱਲ ਜਾਂਦੀ ਹੈ।) ਚੰਗੀ ਨਹੀਂ ਕੀਤੀ ਉਸਨੇ, ਬਿਲਕੁਲ ਚੰਗੀ ਨਹੀਂ ਕੀਤੀ। (ਬਾਹਰ ਨਿਕਲ ਜਾਂਦੀ ਹੈ ਤੇ ਹੌਲੀ-ਹੌਲੀ ਪੌੜੀਆਂ ਉੱਤਰਦੀ ਦਿਖਦੀ ਹੈ।)

**ਬੇਰੰਜਰ** (ਹਾਲੇ ਵੀ ਸ਼ੀਸ਼ੇ 'ਚ ਖ਼ੁਦ ਨੂੰ ਦੇਖ ਰਿਹਾ ਹੈ) ਬੰਦੇ ਐਨੇ ਬਦਸੂਰਤ ਤਾਂ ਨਹੀਂ... ਹੂੰ... ਮੈਂ ਕੋਈ ਬਹੁਤ ਸੋਹਣਾ ਸੈਂਪਲ ਤਾਂ ਨਹੀਂ। ਪਰ ਡੇਜ਼ੀ (ਮੁੜਦਾ ਹੈ) ਡੇਜ਼ੀ! ਕਿੱਥੇ ਹੈਂ ਤੂੰ, ਡੇਜ਼ੀ! ਤੂੰ ਇਸ ਤਰ੍ਹਾਂ ਨਹੀਂ ਕਰ ਸਕਦੀ ਮੇਰੇ ਨਾਲ (ਉਹ ਦਰਵਾਜ਼ੇ ਵੱਲ ਘੂਰਦਾ ਹੈ ਤੇ ਫੇਰ ਦੌੜ ਕੇ ਬਾਹਰ ਵੱਲ ਜਾਂਦਾ ਹੈ ਤੇ ਰੇਲਿੰਗ 'ਤੇ ਝੁਕ ਕੇ 'ਵਾਜਾਂ ਮਾਰਦਾ ਹੈ।) ਡੇਜ਼ੀ ਮੁੜ ਆ, ਮੁੜ ਆ ਡੇਜ਼ੀ. ਪਲੀਜ਼ ਡੇਜ਼ੀ.. ਨਾ ਜਾ. ਤੂੰ ਤੇ ਲੰਚ ਵੀ ਨੀ ਕੀਤਾ, ਡੇਜ਼ੀ, ਮੈਨੂੰ 'ਕੱਲ੍ਹਾ ਨਾ ਛੱਡ। ਯਾਦ ਕਰ ਤੂੰ ਵਾਅਦਾ ਕੀਤਾ ਸੀ। ਡੇਜ਼ੀ! ਡੇਜ਼ੀ। (ਉਹ ਪੁਕਾਰਨਾ ਬੰਦ ਕਰ ਦਿੰਦਾ ਹੈ, ਨਿਰਾਸ਼ਾ ਨਾਲ ਦੋਹੇਂ ਹੱਥਾਂ ਵੱਲ ਦੇਖਦਾ ਹੈ, ਸਿਰ ਝਟਕਦਾ ਹੋਇਆ ਕਮਰੇ 'ਚ ਵਾਪਸ ਆ ਜਾਂਦਾ ਹੈ।) ਇਹ ਤਾਂ ਸਾਫ਼ ਸੀ ਕਿ ਸਾਡੀ ਬਣ ਨੀ ਸਕਦੀ। ਘਰ ਟੁੱਟ ਗਿਆ ਸੀ। ਕਿਸੇ ਵੀ ਤਰੀਕੇ ਚੱਲ ਹੀ ਨਹੀਂ ਸੀ ਰਿਹਾ। ਪਰ ਉਹਨੂੰ ਇੰਜ ਨਹੀਂ ਸੀ ਜਾਣਾ ਚਾਹੀਦਾ, ਬਿਨਾਂ ਕੁਝ ਕਹੇ। (ਆਸੇ ਪਾਸੇ ਦੇਖਦਾ ਹੈ।) ਕੋਈ ਸੁਨੇਹਾ ਵੀ ਨਹੀਂ ਛੱਡ ਕੇ ਗਈ। ਇਹ ਕੋਈ ਤਰੀਕਾ ਨਹੀਂ। ਆਪਣੇ ਹੀ ਦਮ 'ਤੇ ਜਿਉਣਾ ਹੈ ਹੁਣ। (ਉਹ ਖਿਝਿਆ ਖਿਝਿਆ ਵੀ ਬੜੇ ਧਿਆਨ ਨਾਲ ਦਰਵਾਜ਼ਾ ਬੰਦ ਕਰਦਾ ਹੈ।) ਪਰ ਉਹ ਮੇਰੇ ਤੱਕ ਨਹੀਂ ਪਹੁੰਚ ਸਕਦੇ। (ਧਿਆਨ ਨਾਲ ਖਿੜਕੀਆਂ ਬੰਦ ਕਰਦਾ ਹੈ।) ਤੁਸੀਂ ਮੇਰੇ ਤੱਕ ਨਹੀਂ ਪਹੁੰਚ ਸਕਦੇ! (ਗੈਂਡਿਆਂ ਦੇ ਸਿਰਾਂ ਨੂੰ ਮੁਖ਼ਾਤਬ ਹੁੰਦਾ ਹੈ।) ਮੈਂ ਨਹੀਂ ਆਵਾਂਗਾ ਤੁਹਾਡੇ ਨਾਲ; ਮੈਨੂੰ ਨੀ ਪਤਾ ਤੁਸੀਂ ਕੌਣ ਹੋ। ਮੈਂ ਬੰਦਾ ਹਾਂ, ਆਦਮੀ.. ਤੇ ਉਵੇਂ ਹੀ ਰਹਾਂਗਾ ਜਿਵੇਂ ਮੈਂ ਹਾਂ.. ਆਦਮੀ.. ਬੰਦਾ। (ਅਰਾਮਕੁਰਸੀ 'ਤੇ ਬੈਠਦਾ ਹੈ।) ਕੁਝ ਸਮਝ ਨੀ ਆਉਂਦਾ, ਅਜੀਬ ਸਥਿਤੀ..। ਮੇਰੀ ਗ਼ਲਤੀ ਕਰਕੇ ਚਲੀ ਗਈ ਉਹ। ਮੈਂ ਹੀ ਉਸਦਾ ਸਭ ਕੁਝ ਸੀ। ਕੀ ਬਣੂਗਾ ਉਸਦਾ? ਮੇਰੀ ਜ਼ਮੀਰ 'ਤੇ ਇੱਕ ਹੋਰ ਬੋਝ . ਇਕ ਹੋਰ ਬੰਦਾ ਭੈੜੇ ਤੋਂ ਭੈੜਾ, ਮਿੰਟ 'ਚ ਅੱਖਾਂ ਮੂਹਰੇ

ਆ ਜਾਂਦਾ, ਉਸਦਾ ਹੋਣਾ ਈ ਏਨਾ ਸੌਖਾ ਹੋ ਗਿਐ। ਰਾਖਸ਼ਸਾਂ ਦੇ ਇਸ ਸੰਸਾਰ 'ਚ ਘਾਹ-ਬੂਟੀਆਂ ਨੂੰ ਕੌਣ ਪੁੱਛਦੈ! ਕੌਣ ਮੇਰੀ ਮਦਦ ਕਰ ਸਕਦਾ.. ਕਿੱਥੇ ਲੱਭਾਂ ਉਹਨੂੰ.. ਕੋਈ ਵੀ ਨਹੀਂ.. ਕੋਈ ਬਚਿਆ ਹੀ ਨਹੀਂ।

(ਨਗਾੜੇ ਫੇਰ ਵੱਜਦੇ ਹਨ, ਵਾਹੋਦਾਹੀ ਦੌੜਦੇ ਖੁਰਾਂ ਦੀ ਅਵਾਜ਼, ਉੱਡਦੀ ਧੂੜ।) ਇਹ ਅਵਾਜ਼ ਮੈਂ ਹੁਣ ਬਰਦਾਸ਼ਤ ਨਹੀਂ ਕਰ ਸਕਦਾ, ਰੂੰ ਦੇ ਲਵਾਂਗਾ ਕੰਨਾਂ 'ਚ। (ਉਹ ਇਸੇ ਤਰ੍ਹਾਂ ਕਰਦਾ ਹੈ ਤੇ ਸ਼ੀਸ਼ੇ 'ਚ ਆਪਣੇ ਨਾਲ ਗੱਲਾਂ ਕਰਦਾ ਹੈ।) ਇੱਕ ਹੱਲ ਹੈ, ਸਮਝਾਇਆ ਜਾਏ, ਯਕੀਨ ਦਿਲਾਇਆ ਜਾਏ ਉਨ੍ਹਾਂ ਨੂੰ... ਪਰ ਕਾਹਦਾ... ਯਕੀਨ? ਕੀ ਇਸ ਸਭ ਨੂੰ ਮੋੜਿਆ ਜਾ ਸਕਦਾ ਹੈ? ਕੀ ਉਹ ਵਾਪਸ ਮੁੜ ਸਕਦੇ? ਹਰਕੂਲੀਸ ਜਿੰਨਾ ਬਲ ਤੇ ਮੁਸ਼ੱਕਤ ਚਾਹੀਦੀ, ਮੇਰੇ ਵਸੋਂ ਬਾਹਰ। ਨਾਲੇ ਸਮਝਾਉਣ ਲਈ ਗੱਲ ਤਾਂ ਕਰਨੀ ਹੀ ਪਊ ਉਨ੍ਹਾਂ ਨਾਲ। ਤੇ ਗੱਲ ਕਰਨ ਲਈ ਭਾਸ਼ਾ ਸਿੱਖਣੀ ਪਏਗੀ ਉਨ੍ਹਾਂ ਦੀ। ਤੇ ਉਨ੍ਹਾਂ ਨੂੰ ਮੇਰੀ। ਕਿਹੜੀ ਭਾਸ਼ਾ ਬੋਲਦਾਂ ਮੈਂ? ਮੇਰੀ ਬੋਲੀ ਕਿਹੜੀ ਹੈ? ਕੀ ਮੈਂ ਫਰੈਂਚ ਬੋਲਦਾਂ? ਹਾਂ, ਫਰੈਂਚ ਹੀ ਹੋਏਗੀ। ਪਰ ਫਰੈਂਚ ਹੈ ਕੀ? ਮੈਂ ਚਾਹਾਂ ਤਾਂ ਫਰੈਂਚ ਕਹਿ ਸਕਦਾਂ ਇਸਨੂੰ, ਕੋਈ ਰੋਕਣ ਟੋਕਣ ਵਾਲਾ ਨਹੀਂ, ਮੈਂ ਹੀ ਤਾਂ ਬਚਿਆ ਹਾਂ ਇਸਨੂੰ ਬੋਲਣ ਵਾਲਾ। ਕੀ ਕਹਿ ਰਿਹਾਂ ਮੈਂ? ਕੀ ਮੈਂ ਸਮਝ ਰਿਹਾਂ ਕਿ ਮੈਂ ਕੀ ਕਹਿ ਰਿਹਾਂ? ਕੀ ਸੱਚੀਂ, ਸਮਝ ਰਿਹਾਂ? (ਉਹ ਕਮਰੇ ਦੇ ਵਿਚਕਾਰ ਘੁੰਮਦਾ ਹੈ।) ਤੇ ਜੇ ਡੇਜ਼ੀ ਦੀ ਗੱਲ ਸਹੀ ਹੋਈ, ਜੇ ਉਹੀ ਸਹੀ ਹੋਏ? (ਵਾਪਸ ਸ਼ੀਸ਼ੇ ਵੱਲ ਮੁੜਦਾ ਹੈ।) ਦੇਖਣ 'ਚ ਤਾਂ ਆਦਮੀ ਭੱਦਾ ਨਹੀਂ, ਬਦਸੂਰਤ ਬਿਲਕੁਲ ਵੀ ਨਹੀਂ। (ਉਹ ਚਿਹਰੇ 'ਤੇ ਹੱਥ ਫੇਰ ਕੇ ਦੇਖਦਾ ਹੈ, ਆਪਣਾ ਮੁਆਇਨਾ ਕਰਦਾ ਹੈ।) ਕੈਸੀ ਅਜੀਬੋ-ਗਰੀਬ ਸ਼ੈਅ ਹੈ? ਕਿੱਦਾਂ ਦਾ ਲੱਗਦਾ ਮੈਂ, ਹਾਸਾ ਨੀ ਆਉਂਦਾ? ਹੈਂ ਕੀ? (ਕੱਪਬੋਰਡ ਵੱਲ ਦੇਖਦਾ ਹੈ ਤੇ ਉਸ 'ਚੋਂ ਕੁਝ ਫੋਟੋਆਂ ਕੱਢ ਕੇ ਲਿਆਉਂਦਾ ਤੇ ਗੌਰ ਨਾਲ ਦੇਖਦਾ ਹੈ।) ਤਸਵੀਰਾਂ? ਕੌਣ ਨੇ ਇਹ ਸਭ ਲੋਕ? ਕੀ ਇਹ ਪੈਪਿਲੋਂ ਹੈ. ਜਾਂ ਇਹ ਡੇਜ਼ੀ ਹੈ? ਕੀ ਇਹ ਬੋਟਾਰਡ ਹੈ ਜਾਂ ਡਯੂਡਾਰਡ ਜਾਂ ਫੇਰ ਜੀਨ? ਤੇ ਇਹ ਕੀ ਮੈਂ ਹਾਂ? (ਮੁੜ ਕੇ ਫੇਰ ਕਾਹਲੀ ਕਾਹਲੀ ਕੱਪਬੋਰਡ ਵੱਲ ਜਾਂਦਾ ਹੈ ਤੇ ਦੋ-ਤਿੰਨ ਤਸਵੀਰਾਂ ਕੱਢ ਕੇ ਲਿਆਂਦਾ ਹੈ।) ਹੁਣ ਪਛਾਣ 'ਚ ਆਇਆ: ਇਹ ਤਾਂ ਮੈਂ ਹਾਂ, ਹਾਂ ਮੈਂ ਹਾਂ। (ਉਹ ਪਿਛਲੀ ਕੰਧ 'ਤੇ ਗੈਂਡਿਆਂ ਦੇ ਨਾਲ ਆਪਣੀ ਤਸਵੀਰ ਟੰਗ ਦਿੰਦਾ ਹੈ।) ਇਹ ਮੈਂ ਹਾਂ, ਹਾਂ, ਮੈਂ ਹਾਂ!

(ਜਦ ਉਹ ਤਸਵੀਰਾਂ ਟੰਗ ਦਿੰਦਾ ਹੈ ਤਾਂ ਪਤਾ ਲੱਗਦਾ ਹੈ ਕਿ ਇੱਕ ਤਸਵੀਰ ਕਿਸੇ ਬੁੜ੍ਹੇ ਆਦਮੀ ਦੀ ਹੈ, ਇੱਕ ਵਿੱਚ ਮੋਟੀ ਜਿਹੀ ਕੋਈ ਔਰਤ ਹੈ, ਇੱਕ ਵਿੱਚ ਕੋਈ ਹੋਰ ਆਦਮੀ ਹੈ। ਇਨ੍ਹਾਂ ਤਸਵੀਰਾਂ ਦੀ ਬਦਸੂਰਤੀ ਗੈਂਡਿਆਂ ਦੇ ਸਜੇ ਹੋਏ ਸਿਰਾਂ ਨਾਲੋਂ ਬਿਲਕੁਲ ਵੱਖਰੀ ਹੀ ਦਿਖਦੀ ਹੈ। ਬੇਰੰਜਰ ਇੱਕ ਕਦਮ ਪਿੱਛੇ ਹਟ ਕੇ ਤਸਵੀਰਾਂ ਵੱਲ ਧਿਆਨ ਨਾਲ ਦੇਖਦਾ ਹੈ।)

ਦੇਖਣ ਨੂੰ ਤਾਂ ਸੋਹਣਾ ਨਹੀਂ ਮੈਂ, ਬਦਸੂਰਤ ਨਜ਼ਰ ਆਉਂਦਾ ਹਾਂ। ਉਹ ਤਸਵੀਰਾਂ ਉਤਾਰ ਕੇ ਗੁੱਸੇ ਨਾਲ ਫਰਸ਼ 'ਤੇ ਸੁੱਟ ਦਿੰਦਾ ਹੈ, ਤੇ ਵਾਪਸ ਸ਼ੀਸ਼ੇ ਮੂਹਰੇ ਜਾ ਖੜ੍ਹਦਾ ਹੈ। ਸੋਹਣੇ ਤਾਂ ਉਹੋ ਲੱਗਦੇ ਨੇ। ਮੈਂ ਗ਼ਲਤ ਸੀ! ਓਹ! ਕਿੰਨਾ ਜੀਅ ਕਰਦੈ ਮੇਰਾ, ਮੈਂ ਉਨ੍ਹਾਂ ਵਰਗਾ ਹੋਵਾਂ। ਕੋਈ ਸਿੰਗ ਵੀ ਹੈ ਨਹੀਂ ਮੇਰੇ, ਹੋਰ ਵੀ ਮਾੜੀ ਗੱਲ! ਸਪਾਟ ਮੱਥਾ ਕਿੰਨਾ ਗੰਦਾ ਲੱਗਦਾ। ਢਿਲਕੇ ਹੋਏ ਆਪਣੇ ਚਿਹਰੇ ਨੂੰ ਥੋੜ੍ਹਾ

ਖਿੱਚਣ ਲਈ ਇੱਕ ਜਾਂ ਦੋ ਸਿੰਗ ਤਾਂ ਚਾਹੀਦੇ। ਸ਼ਾਇਦ ਇੱਕ ਤਾਂ ਉੱਗ ਈ ਆਏਗਾ ਤੇ ਬਸ ਫੇਰ ਕੋਈ ਸ਼ਰਮ ਵਾਲੀ ਗੱਲ ਨਹੀਂ, ਫੇਰ ਮੈਂ ਵੀ ਉਨ੍ਹਾਂ ਨਾਲ ਰਲ ਸਕਾਂਗਾ। ਪਰ ਉਹ ਕਦੇ ਨਹੀਂ ਉੱਗਣ ਲੱਗਾ! (ਉਹ ਆਪਣੀਆਂ ਹਥੇਲੀਆ ਵੱਲ ਦੇਖਦਾ ਹੈ।) ਮੇਰੇ ਹੱਥ ਕਿਵੇਂ ਲੁੰਜਿਆਂ ਵਰਗੇ.. ਕੂਲੇ-ਕੂਲੇ.. ਓਹ, ਇਹ ਖੁਰਦਰੇ ਕਿਉਂ ਨਹੀਂ ਹੋ ਸਕਦੇ। (ਉਹ ਕੋਟ ਲਾਹ ਸੁੱਟਦਾ ਹੈ, ਤੇ ਕਮੀਜ਼ ਉਤਾਰ ਕੇ ਸ਼ੀਸ਼ੇ 'ਚ ਆਪਣੀ ਛਾਤੀ ਦੇਖਦਾ ਹੈ।) ਚਮੜੀ ਕਿੰਨੀ ਢਿੱਲੀ। ਚਿੱਟੀ ਜੱਤਲ ਏਸ ਦੇਹ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਮੈਂ। ਹੋ! ਕਿੰਨਾ ਮਨ ਕਰਦਾ ਮੇਰੀ ਵੀ ਸਖ਼ਤ ਖੱਲ ਹੋਵੇ.. ਮਹਿੰਦੀਰੰਗੀ ਹਰੀ.. ਗ਼ਜ਼ਬ... ਨੰਗੀ ਲਿਸ਼ਕਾਂ ਮਾਰਦੀ ਦੇਹ.. ਇੱਕ ਵਾਲ ਨਹੀਂ ਉੱਤੇ , ਬੂ-ਬੂ-ਬੂ ਉਨ੍ਹਾਂ ਵਰਗੀ। (ਨਗਾੜਿਆਂ ਦੀ ਅਵਾਜ਼ ਸੁਣਦਾ ਹੈ।) ਉਨ੍ਹਾਂ ਦਾ ਗੀਤ ਮਿੱਠਾ ਹੈ... ਕੰਨਾਂ ਨੂੰ ਖਾਂਦਾ . ਥੋੜ੍ਹਾ, ਪਰ ਹੈ ਮਿੱਠਾ! ਕਾਸ਼! ਮੈਂ ਵੀ ਕਰ ਪਾਉਂਦਾ। (ਨਕਲ ਕਰਨ ਦੀ ਕੋਸ਼ਿਸ਼ ਕਰਦਾ ਹੈ।) ਗਰਰ.. ਗਰ. ਗਰ! ਓ..ਹ ਨਹੀਂ ., ਉਹ ਗੱਲ ਨਹੀਂ। ਫੇਰ ਕੋਸ਼ਿਸ਼ ਕਰਦਾਂ.. ਉੱਚੀ.. ਗਰਰ.. ਗਰ.. ਗਰਰ! ਊਂ ਹੂੰਅ। ਇਹ ਨਹੀਂ.. ਜਾਨ ਈ ਨਹੀਂ ਇਹਦੇ 'ਚ ਤਾਂ, ਕੋਈ ਜਨੂੰਨ ਹੀ ਨਹੀਂ ਨਸਾਂ 'ਚ। ਇਹ ਚਿੰਘਾੜ ਨਹੀਂ... ਉੱਕਾ ਈ ਨਹੀਂ... ਮੈਂ ਤੇ ਮਿਆਂਕ ਰਿਹਾਂ। ਗਰ.. ਗਰ.. ਗਰਰ। ਮਿਆਂਕਣ ਤੇ ਚਿੰਘਾੜਣ 'ਚ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਕਸੂਰ ਸਿਰਫ਼ ਮੇਰਾ ਏ; ਸਮਾਂ ਰਹਿੰਦਿਆਂ ਹੀ ਚਲੇ ਜਾਣਾ ਚਾਹੀਦਾ ਸੀ ਮੈਨੂੰ ਉਨ੍ਹਾਂ ਦੇ ਨਾਲ। ਹੁਣ ਤਾਂ ..

ਬਹੁਤ.. ਦੇਰ ਹੋ ਗਈ..। ਹੁਣ ਮੈਂ ਇੱਕ ਰਾਖਸ਼ਸ ਹਾਂ . ਸਿਰਫ਼ ਇੱਕ ਦੈਂਤ। ਹੁਣ ਮੈਂ ਕਦੇ ਗੈਂਡਾ ਨਹੀਂ ਬਣ ਸਕਾਂਗਾ.. ਕਦੇ ਨਹੀਂ. ਕਦੇ ਵੀ। ਘੜੀ ਲੰਘ ਗਈ.. ਬਦਲਣ ਦੀ.. ਹੁਣ ਕੁਝ ਨੀ ਹੋ ਸਕਦਾ ਮੇਰਾ। ਕਿੰਨੀ ਹਸਰਤ ਹੈ ਮੇਰੀ . ਜ਼ੋਰਦਾਰ ਖਾਹਿਸ਼ . ਪਰ ਕੁਝ ਨੀ ਹੋ ਸਕਦਾ.. ਕੁਝ ਨੀ ਹੋ ਸਕਦਾ ਮੇਰਾ.. ਦੇਖ ਨਹੀਂ ਸਕਦਾ ਮੈਂ ਆਪਣੇ ਆਪ ਨੂੰ .. ਇੰਨਾ ਸ਼ਰਮਿੰਦਾ ਹਾਂ ਮੈਂ! (ਸ਼ੀਸ਼ੇ ਵੱਲੋਂ ਮੂੰਹ ਮੋੜ ਲੈਂਦਾ ਹੈ। ਕਿੰਨਾ ਬਦਸੂਰਤ ਹਾਂ ਮੈਂ! ਜਿਹੜੇ ਲੋਕ ਆਪਣੀ ਨਿੱਜਤਾ ਨੂੰ ਚੁੰਬੜ ਕੇ ਬੈਠੇ ਰਹਿੰਦੇ.. ਅੰਤ ਹਮੇਸ਼ਾ ਮਾੜਾ ਹੁੰਦਾ ਉਨ੍ਹਾਂ ਦਾ! (ਝਟਕੇ ਨਾਲ ਉਸ ਮੂਡ 'ਚੋਂ ਬਾਹਰ ਆਉਂਦਾ ਹੈ।)

ਠੀਕ ਹੈ, ਬਹੁਤ ਮਾੜਾ! ਮੈਂ ਉਨ੍ਹਾਂ ਸਾਰਿਆਂ ਦਾ ਮੁਕਾਬਲਾ ਕਰਾਂਗਾ.. ਇਕੱਲਾ, ਲੜਾਂਗਾ ਉਨ੍ਹਾਂ ਸਾਰਿਆਂ ਦੇ ਖਿਲਾਫ਼, ਸਾਰੀ ਢਾਣੀ ਦੇ ਖਿਲਾਫ਼, ਜੂਝਾਂਗਾ ਮੈਂ, ਮੈਂ, ਜੋ ਬਚਿਆ ਹਾਂ, ਆਖ਼ਰੀ ਬੰਦਾ .. ਤੇ ਮੈਂ ਡਟਿਆ ਰਹਾਂਗਾ। ਇਵੇਂ ਹੀ, ਆਖ਼ਰੀ ਦਮ ਤੱਕ। ਗੋਡਣੀਆਂ ਨਹੀਂ ਲਾਵਾਂਗਾ!

ਪਰਦਾ



## ਯੂਜੀਨ ਆਇਨੈਸਕੋ

'...ਜੇ ਕਿਤੇ ਹੋਰ ਹੋ ਰਿਹਾ ਹੁੰਦਾ, ਕਿਸੇ ਹੋਰ ਮੁਲਕ 'ਚ, ਤੇ ਅਸੀਂ ਸਿਰਫ ਅਖਬਾਰਾਂ 'ਚ ਪੜ੍ਹ ਰਹੇ ਹੁੰਦੇ, ਫੇਰ ਬੜੇ ਆਰਾਮ ਨਾਲ ਗੱਲ ਹੋ ਸਕਦੀ ਸੀ, ਮਸਲੇ ਦੇ ਹਰ ਪਹਿਲੂ 'ਤੇ ਚੰਗੀ ਤਰ੍ਹਾਂ ਗੌਰ ਕਰਦੇ ਤੇ ਕੋਈ ਸਿੱਟਾ ਕਢ ਲੈਂਦੇ --ਵਿਗਿਆਨਿਕ ਖੋਜ | ਤੇ ਫੇਰ ਆਰਾਮ ਨਾਲ ਬਹਿਸਾਂ ਕਰਦੇ, ਪਰੋਫੈਸਰਾਂ ਨਾਲ, ਲੇਖਕਾਂ, ਵਕੀਲਾਂ ਨਾਲ, ਰੂੜੀਵਾਦੀਆਂ ਤੇ ਕਲਾਕਾਰਾਂ ਨਾਲ, ਹਰ ਕਿਸੇ ਨਾਲ | ਗਲੀ 'ਚ ਜਾਂਦੇ ਕਿਸੇ ਵੀ ਬੰਦੇ ਨੂੰ ਫੜ ਲੈਂਦੇ ਤੇ ਪੁਛਦੇ; ...ਬੜਾ ਮਜ਼ੇਦਾਰ ਹੋਣਾ ਸੀ .. ਬਹੁਤ ਸਿਖਿਆ-ਦਾਇਕ | ਪਰ ਜਦੋਂ ਤੁਸੀਂ ਆਪ ਵਿੱਚ ਹੋਵੋਂ, ਅਚਾਨਕ ਤੁਹਾਨੂੰ ਲੱਗੇ ਕਿ ਫਸ ਗਏ ਤੁਸੀਂ .., ਡਰਾਉਣੀਆਂ ਸਚਾਈਆਂ ਮੂੰਹ ਟੱਡੀ ਖੜੀਆਂ ...ਸਾਹਮਣੇ... ਤੇ ਤੁਸੀਂ ਭੱਜ ਨਹੀਂ ਸਕਦੇ ...ਫੇਰ ਤੁਸੀਂ ਨਿਰਲੇਪ ਨਹੀਂ ਹੋ ਸਕਦੇ, ਝਟਕਾ ਇੰਨਾ ਜ਼ੋਰ ਦੀ ਵੱਜਦਾ .. ਪੈਰ ਉਖੜ ਜਾਂਦੇ, ਆਰਾਮ ਨਾਲ ... ਪਰੇ ਖੜ ਕੇ ਨਹੀਂ ਸੋਚ ਹੁੰਦਾ, ਸਿਰ 'ਤੇ ਪਈ ਦਾ ਤਾਂ ਚਾਰਾ ਈ ਕੋਈ ਨਹੀਂ | ਹਾਂ,ਹਵਾਈਆਂ ਉੱਡ ਰਹੀਆਂ, ਮੈਂ ਹੈਰਾਨ ਪਰੇਸ਼ਾਨ ਹਾਂ, ਪਰ ਆਦੀ ਨਹੀਂ ਹੋ ਸਕਦਾ ਇਸਦਾ |'

# ਗੈਂਡੇ

GRACIOUS
BOOKS

ISBN : 978-93-87276-03-1